SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ

VOL - 8 ISSUE - 11
June 26, 2019

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ



ਅਦਾਰਾ 'ਦੇਸ਼ ਦੁਆਬਾ' ਵੱਲੋਂ ਵਿਸ਼ਵ ਭਰ ਵਿਚ ਮਨਾਏ ਜਾ ਰਹੇ ਸਤਿਗੁਰੂ ਕਬੀਰ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। ਪ੍ਰੋ. ਐਚ. ਐਲ. ਕਪੂਰ ਦਾ ਵਿਸ਼ੇਸ਼ ਲੇਖ **ਦੇਖੋ ਸਫਾ 18 'ਤੇ**



## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਦਾ 34ਵਾਂ ਸਥਾਪਨਾ ਦਿਵਸ 30 ਜੂਨ 2019 ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।
(ਵਿਸਥਾਰ ਸਹਿਤ ਜਾਣਕਾਰੀ ਆਖਰੀ ਸਫੇ 'ਤੇ ਦੇਖੋ)

# ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਭਾਰਤ ਦੌਰੇ 'ਤੇ

**ਨਵੀਂ ਦਿੱਲੀ (ਬਿਊਰੋ)** ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਤਿੰਨ ਰੋਜ਼ਾ ਭਾਰਤ ਦੌਰੇ 'ਤੇ ਹਨ। ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਨਵੀਂ ਦਿੱਲੀ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਹੈ। ਇਸ ਦੌਰਾਨ ਪੀਐੱਮ ਮੋਦੀ ਨਾਲ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਐਨਐੱਸਏ ਅਜੀਤ ਡੋਭਾਲ ਵੀ ਮੌਜੂਦ ਰਹੇ।



ਇਸ ਤੋਂ ਬਾਅਦ ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਮੁਲਕਾਤ ਕਰਨਗੇ। ਦੋਵਾਂ ਦੇਸ਼ਾਂ ਵਿਚਾਲੇ ਐੱਸ 400 ਮਿਜ਼ਾਈਲ ਤੇ ਅੱਤਵਾਦ ਜਿਹੇ ਮੁੱਦਿਆਂ ਤੇ ਚਰਚਾ ਹੋ ਸਕਦੀ ਹੈ। ਮਾਈਕ ਪੌਂਪੀਓ ਸਾਊਥ ਬਲਾਕ 'ਚ ਐੱਨਐੱਸਏ ਅਜੀਤ ਡੋਭਾਲ ਨਾਲ ਵੀ ਮੁਲਾਕਾਤ ਕਰਨਗੇ। ਮੰਨਿਆ ਜਾ ਰਿਹਾ ਹੈ ਕਿ ਪੌਂਪੀਓ 29 ਜੂਨ ਨੂੰ ਓਸਾਕਾ 'ਚ ਹੋਣ ਵਾਲੇ ਜੀ-20 ਸ਼ਿਖਰ ਸੰਮੇਲਨ ਤੋਂ ਪਹਿਲਾਂ ਅੱਤਵਾਦ ਤੇ ਰੱਖਿਆ ਸਮੇਤ ਕਈ ਮੁੱਦਿਆਂ 'ਤੇ ਚਰਚਾ ਕਰਨਗੇ।

ਸੱਤਾ 'ਚ ਮੋਦੀ ਦੀ ਵਾਪਸੀ ਤੋਂ ਬਾਅਦ ਅਮਰੀਕਾ ਨਾਲ ਭਾਰਤ ਦੇ ਰਿਸ਼ਤਿਆਂ ਸਬੰਧੀ ਕਾਫ਼ੀ ਕਿਆਸ ਲਗਾਏ ਜਾ ਰਹੇ ਹਨ।

ਇਕ ਪਾਸੇ ਤਾਂ ਦੋਵਾਂ ਦੇਸ਼ਾਂ ਵਿਚਾਲੇ ਕਾਫ਼ੀ ਗਹਿਰੇ ਸਬੰਧ ਦੀ ਭਾਵਨਾ ਜਤਾਈ ਜਾ ਰਹੀ ਹੈ ਤੇ ਦੂਸਰੇ ਪਾਸੇ ਕਾਰੋਬਾਰੀ ਖੇਤਰ 'ਚ ਕਈ ਤਰ੍ਹਾਂ ਦੇ ਨਵੇਂ ਵਿਵਾਦ ਸਿਰ ਚੁੱਕ ਰਹੇ ਹਨ। ਅਮਰੀਕਾ ਤੇ ਈਰਾਨ ਵਿਚਾਲੇ ਤਣਾਅਪੂਰਨ ਹਾਲਾਤ ਹਨ। ਅਮਰੀਕਾ ਚਾਹੁੰਦਾ ਹੈ ਕਿ ਭਾਰਤ ਈਰਾਨ ਤੋਂ ਤੇਲ ਨਾ ਖ਼ਰੀਦੇ। ਇਸ ਤੋਂ ਇਲਾਵਾ ਅਮਰੀਕਾ ਤੋਂ ਖਰੀਦੇ ਜਾ ਰਹੇ ਭਾਰੀ ਰੱਖਿਆ ਸੌਦੇ ਤੋਂ ਵੀ ਨਾਰਾਜ਼ ਹੈ।

# ਇਰਾਨ ਦੇ ਮਿਜ਼ਾਈਲ ਕੰਟਰੋਲ ਸਿਸਟਮ 'ਤੇ ਅਮਰੀਕਾ ਦਾ ਸਾਈਬਰ ਹਮਲਾ

ਵਾਸ਼ਿੰਗਟਨ (ਬਿਊਰੋ)- ਅਮਰੀਕਾ ਤੇ ਇਰਾਨ ਵਿੱਚ ਤਲਖ਼ੀ ਵਧਦੀ ਜਾ ਰਹੀ ਹੈ। ਆਪਣਾ ਡਰੋਨ ਡੇਗੇ ਜਾਣ ਬਾਅਦ ਇਰਾਨ ਪ੍ਰਤੀ ਅਮਰੀਕਾ ਦਾ ਰੁਖ਼ ਹਮਲਾਵਰ ਹੋ ਗਿਆ ਹੈ। ਅਮਰੀਕਾ ਨੇ ਇਰਾਨ ਦੀ ਮਿਜ਼ਾਈਲ ਕੰਟਰੋਲ ਸਿਸਟਮ ਤੇ ਇੱਕ ਜਾਸੂਸੀ ਨੈੱਟਵਰਕ 'ਤੇ ਸਾਈਬਰ ਹਮਲੇ ਕੀਤੇ ਹਨ। ਅਮਰੀਕੀ ਮੀਡੀਆ ਨੇ ਇਸ ਬਾਰੇ ਜਾਣਕਾਰੀ ਦਿੱਤੀ। ਮੀਡੀਆ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਸਾਈਬਰ ਹਮਲੇ ਨਾਲ ਰਾਕੇਟ ਤੇ ਮਿਜ਼ਾਈਲ ਲਾਂਚ ਵਿੱਚ ਵਰਤੇ ਜਾਂਦੇ ਕੰਪਿਊਟਰਾਂ ਨੂੰ ਨੁਕਸਾਨ ਪਹੁੰਚਿਆ ਹੈ। ਹਮਲੇ ਵਿੱਚ ਜਹਾਜ਼ਾਂ 'ਤੇ ਨਜ਼ਰ ਰੱਖਣ ਵਾਲੇ ਇੱਕ ਜਾਸੂਸੀ ਸਮੂਹ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਲਾਂਕਿ, ਅਮਰੀਕਾ ਦੇ ਰੱਖਿਆ ਅਧਿਕਾਰੀਆਂ ਨੇ ਇਸ ਖ਼ਬਰ ਦੀ ਪੁਸ਼ਟੀ ਨਹੀਂ ਕੀਤੀ। ਰਣਨੀਤਕ ਹਾਰਮੂਜ਼ ਸਟ੍ਰੇਟ ਵਿੱਚ ਅਮਰੀਕਾ ਨੇ ਇਰਾਨ ਦੇ ਜਹਾਜ਼ਾਂ 'ਤੇ ਨਜ਼ਰ ਰੱਖਣ ਵਾਲੇ ਜਿਸ ਜਾਸੂਸੀ ਸਮੂਹ 'ਤੇ ਨਿਸ਼ਾਨਾ ਬਣਾਇਆ ਗਿਆ ਹੈ, ਇਲਜ਼ਾਮ ਹੈ ਕਿ ਹਾਲ ਹੀ ਵਿੱਚ ਇਰਾਨ ਨੇ ਇਸੇ ਥਾਂ ਦੋ ਵਾਰ ਉਸ ਦੇ ਤੇਲ ਟੈਂਕਰਾਂ 'ਤੇ ਹਮਲੇ ਕੀਤੇ ਸੀ। ਇਰਾਨ ਦੇ ਪਰਮਾਣੂ ਸੌਦੇ ਤੋਂ ਅਮਰੀਕਾ ਦੇ ਬਾਹਰ ਨਿਕਲ ਜਾਣ ਬਾਅਦ ਤੋਂ ਦੋਵਾਂ ਦੇਸ਼ਾਂ ਵਿਚਾਲੇ ਤਕਰਾਰ ਵਧੀ ਹੋਈ ਹੈ।



ਇਰਾਨ ਨੇ ਵੀਰਵਾਰ ਨੂੰ ਅਮਰੀਕਾ ਦਾ ਇੱਕ ਡਰੋਨ ਸੁੱਟ ਦਿੱਤਾ ਸੀ। ਇਰਾਨ ਨੇ ਦਾਅਵਾ ਕੀਤਾ ਸੀ ਕਿ ਅਮਰੀਕਾ ਦੇ ਡਰੋਨ ਨੇ ਉਸ ਦੇ ਹਵਾਈ ਖੇਤਰ ਦੀ ਉਲੰਘਣਾ ਕੀਤੀ ਸੀ। ਇਰਾਨ ਦੀ ਇਸ ਹਰਕਤ ਪਿੱਛੋਂ ਅਮਰੀਕੀ ਰਾਸ਼ਟਰਪਤੀ ਨੇ ਇਰਾਨ 'ਤੇ ਹਮਲੇ ਦੇ ਹੁਕਮ ਦੇ ਦਿੱਤੇ ਸੀ ਪਰ ਵੱਡੀ ਗਿਣਤੀ ਲੋਕਾਂ ਦੇ ਮਰਨ ਦੇ ਡਰੋਂ ਐਨ ਮੌਕੇ 'ਤੇ ਉਨ੍ਹਾਂ ਆਪਣਾ ਹੁਕਮ ਵਾਪਿਸ ਲੈ ਲਿਆ ਸੀ। ਹਾਲਾਂਕਿ ਸ਼ਨੀਵਾਰ ਨੂੰ ਟਰੰਪ ਨੇ ਕਿਹਾ ਕਿ ਅਗਲੇ ਹਫ਼ਤੇ ਅਮਰੀਕਾ ਇਰਾਨ 'ਤੇ ਵੱਡੀਆਂ ਪਾਬੰਧੀਆਂ ਲਾਏਗਾ।

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823
Sandeep Jony Bagga

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





ਮੱਖਣ ਸਿੰਘ ਬੈਂਸ

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



ਗਿਆਨੀ ਰਵਿੰਦਰ ਸਿੰਘ


Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com
Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders



ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# L.A. MERCHANDISE

Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250



# INDIA MARKET

INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS

ONE STOP SHOPPING CENTRE

29576 Mission Blvd Hayward. Ca 94544

www.kashfabrics.com

Tel: 510-538-1138





# INDIA BAZAAR



Jai Ram Gaught

Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਕਬੱਡੀ ਖੇਡ ’ਤੇ ਪਾਬੰਦੀ ਲਾਉਣ ਨਾਲੋਂ ਇਸਦੇ ਮਿਆਰ ਨੂੰ ਉੱਚਾ ਚੁੱਕਣ ਦੇ ਯਤਨ ਕੀਤੇ ਜਾਣ- ਗਾਖਲ

## ਨਸ਼ੇ ਖਿਲਾਫ ਤਾਂ ਝੰਡਾ ਬੁਲੰਦ ਹੋਣਾ ਚਾਹੀਦਾ, ਪਰ ਸਾਰੇ ਖਿਡਾਰੀਆਂ ਨੂੰ ਇੱਕੋ ਰੱਸੇ ਨਾ ਬੰਨ੍ਹਿਆ ਜਾਵੇ- ਨਰਿੰਦਰ ਸਹੋਤਾ

**ਵਾਟਸਨਵਿੱਲ (ਬਿਓਰੋ)–** ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦੁਆਲੇ ਮੰਡਰਾਉਂਦੇ ਕਾਲੇ ਬੱਦਲ ਅਤੇ ਇਸ ਖੇਡ ’ਤੇ ਪਾਬੰਦੀਆਂ ਲਾਉਣ ਦੀਆਂ ਕਨਸੋਆਂ ਤੋਂ ਡਾਅਢੇ ਚਿੰਤਤ ਪਿਛਲ 25 ਸਾਲ ਤੋਂ ਕਬੱਡੀ ਨੂੰ ਪ੍ਰਮੋਟ ਕਰਨ ਲਈ ਅਹਿਮ ਭੂਮਿਕਾ ਨਿਭਾਉਣ ਵਾਲੇ, ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ ਅਤੇ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖਲ ਨੇ ਬੇਨਤੀ ਕੀਤੀ ਹੈ ਕਿ ਆਉ ਆਪਾਂ ਰਲ ਕੇ ਕਬੱਡੀ ਦੇ ਉੱਜਲ ਭਵਿਖ ਲਈ ਯਤਨ ਕਰੀਏ ਤੇ ਅਜਿਹਾ ਕੁਝ ਨਾ ਕੀਤਾ ਜਾਵੇ ਜੋ ਉਨ੍ਹਾਂ ਲੱਖਾਂ ਦਰਸ਼ਕਾਂ ਅਤੇ ਹਜ਼ਾਰਾਂ ਕਬੱਡੀ ਖਿਡਾਰੀਆਂ ਨੂੰ ਨਿਰਾਸ਼ ਕਰੇ, ਜਿਨ੍ਹਾਂ ਦਾ ਕੋਈ ਕਸੂਰ ਹੀ ਨਾ ਹੋਵੇ। ਉਨ੍ਹਾਂ ਕਿਹਾ ਕਿ ਉਹ ਡਰੱਗ ਦੇ ਪੂਰੀ ਤਰ੍ਹਾਂ ਖਿਲਾਫ ਹਨ, ਤੇ ਡਰੱਗੀ ਖਿਡਾਰੀਆਂ ਨੂੰ ਸੱਚੀਂ ਮੁੱਚੀਂ ਹੀ ਕਬੱਡੀ ਜਗਤ ਤੋਂ ਪਰ੍ਹੇ ਕਰ ਦੇਣਾ ਚਾਹੀਦਾ ਹੈ, ਜੋ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਕਰਦੇ ਹਨ ਜੋ ਮਾਂ ਖੇਡ ਕਬੱਡੀ ਲਈ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਹਨ।







ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ, ਸੰਸਥਾਵਾਂ ਅਤੇ ਖੇਡ ਪ੍ਰੋਮਟੋਰਾਂ, ਕਲੱਬਾਂ ਨੂੰ ਸਨਿਮਰ ਬੇਨਤੀ ਕਰਦਿਆਂ ਕਿਹਾ ਕਿ ਜਿਹੜੇ ਖਿਡਾਰੀਆਂ ਦਾ ਡੋਪ ਟੈਸਟ ਪਾਜ਼ਿਟਵ ਆਉਂਦਾ ਹੈ ਉਨ੍ਹਾਂ ਨੂੰ ਇਕ ਚਿਤਾਵਨੀ ਦੇ ਕੇ ਸਮਾਂਬੱਧ ਹੋ ਕੇ ਆਪਣੇ ਆਪ ਨੂੰ ਸੁਧਾਰਨ ਦਾ ਮੌਕਾ ਦਿੱਤਾ ਜਾਵੇ ਤੇ ਇਸ ਦੇ ਬਾਵਜੂਦ ਵੀ ਜੇਕਰ ਉਹ ਖਿਡਾਰੀ ਇਸ ਦਾਗ ਨੂੰ ਧੋ ਨਹੀਂ ਸਕਦੇ ਤਾਂ ਉਨ੍ਹਾਂ ਨੂੰ ਹਰਗਿਜ਼ ਕਬੱਡੀ ਦੇ ਖੇਡ ਮੈਦਾਨ ਵਿਚ ਦਾਖਲ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਕਿਉਂਕਿ ਕਬੱਡੀ ਨਾ ਸਿਰਫ ਖਿਡਾਰੀਆਂ ਦੇ ਪਰਿਵਾਰ ਪਾਲਦੀ ਹੈ ਸਗੋਂ ਹਜ਼ਾਰਾਂ ਉਨ੍ਹਾਂ ਲੋਕਾਂ ਨਾਲ ਵੀ ਜੁੜੀ ਹੋਈ ਹੈ, ਜਿਨ੍ਹਾਂ ਨੂੰ ਇਸ ਖੇਡ ਨਾਲ ਰੋਜ਼ੀ ਰੋਟੀ ਨਸੀਬ ਹੁੰਦੀ ਹੈ, ਉਨ੍ਹਾਂ ’ਚ ਕੁਮੈਂਟੇਟਰਾਂ ਤੋਂ ਲੈ ਕੇ ਇਸ ਖੇਡ ਜ਼ਰੀਏ ਵਪਾਰ ਕਰਨ ਵਾਲੇ ਅਦਾਰੇ, ਉਹ ਚਾਹੇ ਸਨਮਾਨ ਚਿੰਨ੍ਹ ਬਣਾਉਣ ਵਾਲੇ ਜਾਂ ਗਰਾਊਂਡ ਵਿਚ ਕਲੀ ਪਾਉਣ ਵਾਲੇ ਮਜ਼ਦੂਰ ਹੀ ਕਿਉਂ ਨਾ ਹੋਣ। ਖਿਡਾਰੀ ਬੜੇ ਔਖੇ ਪੈਦਾ ਹੁੰਦੇ ਹਨ, ਇਨ੍ਹਾਂ ਨੂੰ ਰਾਹੇ ਲਿਆਉਣਾ ਅਤੇ ਕੁਰਾਹੇ ਪੈਣ ਤੋਂ ਰੋਕਣਾ ਵੀ ਸਾਡਾ ਹੀ ਫਰਜ਼ ਬਣਦਾ ਹੈ। ਇਹ ਸੰਸਥਾਵਾਂ ਨੂੰ ਆਪਣਾ ਬਣਦਾ ਯੋਗਦਾਨ ਇਸ ਦਾਗ ਨੂੰ ਧੋਣ ਲਈ ਪਾਉਣਾ ਚਾਹੀਦਾ ਹੈ। ਕਿਉਂਕਿ ਕਬੱਡੀ ਨੂੰ ਪ੍ਰਮੋਟ ਕਰਨ ਵਾਲੇ ਲੋਕਾਂ ਵਿਚ ਬਹੁਗਿਣਤੀ ਬਿਜ਼ਨਸਮੈਨਾਂ ਦੀ ਹੈ। ਉਨ੍ਹਾਂ ਤਰਕ ਦਿੱਤਾ ਕਿ ਜੇ ਇਕ ਇੰਪਲਾਈ ਕੋਈ ਗਲਤੀ ਕਰਦਾ ਹੈ ਤਾਂ ਕੰਪਨੀ ਬੰਦ ਨਹੀਂ ਕੀਤੀ ਜਾਂਦੀ ਤੇ ਨਾ ਹੀ ਕੀਤੀ ਜਾ ਸਕਦੀ ਹੈ।

ਉਨ੍ਹਾਂ ਆਪਣੇ ਛੋਟੇ ਭਰਾ ਇਕਬਾਲ ਸਿੰਘ ਗਾਖਲ ਨਾਲ, ਸਾਂਝੇ ਬਿਆਨ ’ਚ ਕਿਹਾ, ਕਿ ਲੱਖਾਂ ਦਰਸ਼ਕਾਂ ਦੇ ਚਾਵਾਂ ਨਾਲ ਕਬੱਡੀ ਜੁੜੀ ਹੋਈ ਹੈ ਤੇ ਆਪਾਂ ਖੇਡ ਮੈਦਾਨ ਨੂੰ ਸੁੰਨਾ ਨਾ ਹੋਣ ਦੇਈਏ ਸਗੋਂ ਉਨ੍ਹਾਂ ਕੁਰੀਤੀਆਂ ਅਤੇ ਅਲਾਮਤਾਂ ਨੂੰ ਗਲੋਂ ਲਾਹੁਣ ਦਾ ਯਤਨ ਕਰੀਏ ਜੋ ਕਬੱਡੀ ਦੇ ਰਾਹ ਵਿਚ ਰੋੜਾ ਬਣੀਆਂ ਹੋਈਆਂ ਹਨ। ਜੇਕਰ ਕਬੱਡੀ ਤੇ ਰੋਕਾਂ ਲੱਗਣਗੀਆਂ ਤਾਂ ਹਜ਼ਾਰਾਂ ਨੌਜਵਾਨਾਂ ਦਾ ਉਤਸ਼ਾਹ ਡੁੱਬੇਗਾ, ਪੰਜਾਬ ਦੀ ਜਵਾਨੀ ਤਾਂ ਪਹਿਲਾਂ ਹੀ ਨਸ਼ਿਆਂ ਦੇ ਰਹਿ ਪਈ ਹੋਈ ਹੈ ਤੇ ਕੁਝ ਬੇਕਸੂਰ ਕਬੱਡੀ ਖਿਡਾਰੀਆਂ ਨੂੰ ਵੀ ਇਸਦਾ ਬਿਨਾ ਗੁਨਾਹ ਖਮਿਆਜ਼ਾ ਭੁਗਤਣਾ ਪਵੇਗਾ।

ਗਾਖਲ ਭਰਾਵਾਂ ਨੇ ਸਮੁੱਚੇ ਕੱਬਡੀ ਜਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਆਓ ਅਜਿਹੀ ਗਲਤੀ ਨਾ ਕਰੀਏ ਜਿਸ ਨਾਲ ਆਉਣ ਵਾਲੀ ਨੌਜਵਾਨ ਪੀੜ੍ਹੀ ਨੂੰ ਜਵਾਬ ਦੇਣਾ ਔਖਾ ਹੋ ਜਾਵੇ ਸਗੋਂ ਅਜਿਹੇ ਫੈਸਲੇ ਲਈਏ ਜਿਸ ਨਾਲ ਕਬੱਡੀ ਨੂੰ ਡਰੱਗ ਦਾ ਚਿੰਬੜਿਆ ਕੋਹੜ ਹਮੇਸ਼ਾ ਲਈ ਖਤਮ ਕਰ ਸਕੀਏ। ਬਿਮਾਰੀਆਂ ਦੇ ਇਲਾਜ ਕੀਤੇ ਜਾਂਦੇ ਹਨ, ਮਰੀਜ਼ ਨੂੰ ਮਾਰਿਆ ਨਹੀਂ ਜਾਂਦਾ। ਯੂਨਾਈਟਡ ਸਪੋਰਟਸ ਕਲੱਬ ਦੇ ਵਿੱਤ ਸਕੱਤਰ ਅਤੇ ਕਬੱਡੀ ਦੇ ਗੰਭੀਰ ਚਿੰਤਕ ਸ. ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਕਬੱਡੀ ਵਿਚ ਦਾਖਲ ਹੋ ਚੁੱਕੇ ਨਸ਼ੇ ਦੇ ਖਿਲਾਫ ਝੰਡਾ ਤਾਂ ਬੁਲੰਦ ਕਰਨਾ ਚਾਹੀਦਾ ਹੈ ਪਰ ਸਾਰੇ ਖਿਡਾਰੀਆਂ ਨੂੰ ਇੱਕੋ ਰੱਸੇ ਨਹੀਂ ਬੰਨ੍ਹਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਜਿਹੜੇ ਖਿਡਾਰੀ ਨਸ਼ਾ ਨਹੀਂ ਕਰਦੇ ਉਨ੍ਹਾਂ ਨੂੰ ਖੇਡਣ ਦੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ ਤਾਂ ਜੋ ਉਹ ਨਸ਼ਾ ਕਰਨ ਵਾਲੇ ਖਿਡਾਰੀਆਂ ਲਈ ਚਾਨਣ ਮੁਨਾਰਾ ਬਣ ਸਕਣ। ਉਨ੍ਹਾਂ ਆਸ ਪ੍ਰਗਟਾਈ ਕਿ ਵਿਸ਼ਵ ਭਰ ਦੇ ਕਬੱਡੀ ਪ੍ਰਸ਼ੰਸ਼ਕ, ਪ੍ਰਮੋਟਰ, ਸੰਸਥਾਵਾਂ ਅਤੇ ਕਲੱਬਾਂ ਦੇ ਮੁਖੀ ਸਾਡੀਆਂ ਇਨ੍ਹਾਂ ਬੇਨਤੀਆਂ ਵੱਲ ਧਿਆਨ ਜ਼ਰੂਰ ਦੇਣਗੇ ਅਤੇ ਗੰਭੀਰਤਾ ਨਾਲ ਵਿਚਾਰ ਕਰਨਗੇ।



## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਜੁਲਾਈ ਮਹੀਨੇ ਦੇ ਪ੍ਰੋਗਰਾਮ

**7 ਜੁਲਾਈ 2019**

**ਸੁਖਮਨੀ ਸਾਹਿਬ ਜੀ ਦੇ ਪਾਠ, ਵੱਲੋਂ ਵਿਕਟਰ ਭਾਟੀਆ ਅਤੇ ਪਰਮਿੰਦਰ ਭਾਟੀਆ**

ਸ੍ਰੀ ਵਿਕਟਰ ਭਾਟੀਆ ਅਤੇ ਪਰਮਿੰਦਰ ਭਾਟੀਆ (ਪੁੱਤਰ ਅਤੇ ਨੂੰਹ ਭਾਈ ਜਗਤਾਰ ਸਿੰਘ ਭਾਟੀਆ ਅਤੇ ਬੀਬੀ ਨਿਰਮਲ ਭਾਟੀਆ) ਵੱਲੋਂ ਆਪਣੇ ਸਪੁੱਤਰ ਅਰਜਿਤ ਭਾਟੀਆ ਦੇ ਦੂਜੇ ਜਨਮ ਦਿਨ ਅਤੇ ਨਵਜੰਮੇ ਪੁੱਤਰ ਅਰਸ਼ਿਵ ਭਾਟੀਆ ਦੇ ਜਨਮ ਦੀ ਖੁਸ਼ੀ ਵਿਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ। ਵਾਹਿਗੁਰੂ ਪਰਿਵਾਰ ਨੂੰ ਚੜ੍ਹਦੀ ਕਲਾ ਵਿਚ ਰੱਖੇ।

**14 ਜੁਲਾਈ 2019**

**ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ**

**21 ਜੁਲਾਈ 2019**

**ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ**

**28 ਜੁਲਾਈ 2019**

**ਬਰਸੀ ਸਵਰਗੀ ਚਰਨਜੀਤ ਸਿੰਘ ਰੱਤੂ ਅਤੇ ਸਵਰਗੀ ਸਤਿੰਦਰ ਕਲਾ ਰੱਤੂ**

ਰੱਤੂ ਪਰਿਵਾਰ ਵੱਲੋਂ ਆਪਣੇ ਪਰਿਵਾਰਕ ਮੈਂਬਰਾਂ ਚਰਨਜੀਤ ਸਿੰਘ ਰੱਤੂ ਅਤੇ ਭਾਈ ਜਤਿੰਦਰ ’ਕਾਲਾ’ ਰੱਤੂ ਦੀ ਮਿੱਠੀ ਯਾਦ ਵਿਚ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ।

# ਇਤਿਹਾਸਕ ਸ੍ਰੀ ਗੁਰੂ ਰਵਿਦਾਸ ਮੰਦਰ ਤੁਗ਼ਲਕਾਬਾਦ ਦਿੱਲੀ ਵਿੱਚ ਸਰਕਾਰੀ ਅਤੇ ਪ੍ਰਸ਼ਾਸਨਿਕ ਦਖ਼ਲ ਅੰਦਾਜ਼ੀ ਰਵਿਦਾਸੀਆ ਕੌਮ ਤੇ ਹਮਲਾ- ਸੰਤ ਸਮਾਜ ਅਤੇ ਬੁੱਧੀਜੀਵੀ

**ਅਲਾਵਲਪੁਰ (ਮਦਨ ਬੰਗੜ)–** ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ (ਰਜਿ) ਅਤੇ ਅੰਤਰਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ) ਦੀ ਮੀਟਿੰਗ ਹੈੱਡ ਆਫਿਸ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜਲੰਧਰ ਵਿਖੇ ਚੇਅਰਮੈਨ ਸ੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਆਦੇਸ਼ਾਂ ਅਨੁਸਾਰ ਹੋਈ ਜਿਸ ਵਿੱਚ ਸੰਤ ਸਮਾਜ ਅਤੇ ਬੁੱਧੀਜੀਵੀਆਂ ਵੱਲੋਂ ਇਤਿਹਾਸਿਕ ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਨਵੀਂ ਦਿੱਲੀ ਵਿੱਚ ਸਰਕਾਰੀ ਅਤੇ ਪ੍ਰਸ਼ਾਸਨਿਕ ਦਖ਼ਲਅੰਦਾਜ਼ੀ ਦਾ ਭਾਰੀ ਵਿਰੋਧ ਕੀਤਾ ਗਿਆ ਜੋ ਕਿ ਰਵਿਦਾਸੀਆ ਕੌਮ ਤੇ ਹਮਲਾ ਕੀਤਾ ਗਿਆ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਰਾਜਾ ਸਿਕੰਦਰ ਲੋਧੀ ਨੇ ਇਹ ਜਗ੍ਹਾ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਭੇਟ ਕੀਤੀ ਸੀ ਜੇਕਰ ਇਸ ਨਾਲ ਛੇੜਛਾੜ ਕੀਤੀ ਗਈ ਤਾਂ ਪੂਰੇ ਭਾਰਤ ਵਿੱਚ ਦਲਿਤ ਸਮਾਜ ਸੜਕਾਂ ਤੇ ਉਤਰ ਆਵੇਗਾ ਇਸ ਸਮੇਂ ਸੰਤ ਸੱਤਿਆ ਪਾਲ ਚੰਡੀਗੜ੍ਹ, ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ਕਲਾਂ, ਸੰਤ ਰਵਿੰਦਰ ਦਾਸ ਜੀ ਆਦਮਪੁਰ, ਸੰਤ ਅਰਿੰਕ ਦਾਸ, ਸੰਤ ਬਲਵੀਰ ਦਾਸ, ਸੰਤ ਨਿਰਮਲ ਦਾਸ ਹਰਿਆਣਾ, ਸੰਤ ਅਵਤਾਰ ਦਾਸ ,ਬਾਬਾ ਰਵਿੰਦਰ ਰਵੀ ਕੈਨੇਡਾ, ਮੋਹਨ ਲਾਲ ਫਿਲੌਰੀਆ, ਸ੍ਰੀ ਹੁਕਮ ਚੰਦ ਰਿਟਾਇਰ ਜੱਜ, ਸੁਭਾਸ਼ ਮੁਸਾਫਿਰ, ਗੁਰਮੇਲ ਚੰਦ ਵਿਰਦੀ, ਬੰਗੜ ਰਾਏਪੁਰੀ, ਰੱਤੂ ਰੰਧਾਵਾ, ਕਿਰਪਾਲ ਚੰਦ, ਰਾਜੇਸ਼ ਕੈਂਥ (ਰਿਟਾਇਰ ਐਡਵੋਕੇਟ) ਵਿਜੈ ਬੱਧਣ, ਸ੍ਰੀਮਤੀ ਰਾਜ ਕੁਮਾਰੀ, ਬੀਬੀ ਸਕੁੰਤਲਾ ਦੇਵੀ, ਪ੍ਰੇਮਪਾਲ, ਜੀਵਨ ਸੋਹਲ ਅਤੇ ਅਨੇਕਾਂ ਬੁੱਧੀਜੀਵੀ ਹਾਜ਼ਰ ਸਨ।



ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਏ ਸੁਸਾਇਟੀ ਰਜਿ ਪੰਜਾਬ ਦੀ ਵਿਸ਼ੇਸ਼ ਮੀਟੰਗ ਚੇਅਰਮੈਨ ਸੰਤ ਸਰਵਣ ਦਾਸ ਜੀ ਬੋਹਣ,ਪ੍ਰਧਾਨ ਸੰਤ ਨਿਰਮਲ ਦਾਸ ਜੀ ਬਾਬੇਜੋੜੇ ਦੀ ਪ੍ਰਧਾਨਗੀ ਹੇਠ ਡੇਰਾ ਸੰਤ ਇੰਦਰ ਦਾਸ ਜੀ ਸੇਖੈ ਵਿਖੇ ਹੋਈ,ਜਿਸ ਵਿਚ ਗਰੀਬ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਬਕਾਇਆ ਫੰਡ ਤੁਰੰਤ ਜਾਰੀ ਕਰਾਉਣ ਲਈ ਪੰਜਾਬ ਸਰਕਾਰ ਨੂੰ ਮੈਮੋਰੰਡਮ ਭੇਜੇ ਜਾਣਗੇ, ਇਹ ਵੀ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਮੰਦਿਰ ਤੁਗਲਕਾ ਬਾਦ ਦਿੱਲੀ ਬਾਰੇ ਵਿਚਾਰ ਸੁਣੇ ਗਏ ਤੇ ਫੈਸਲਾ ਕੀਤਾ ਕਿ ਮੰਦਿਰ ਨੂੰ ਢਾਹੁਣ ਦੇ ਫੈਸਲੇ ਦਾ ਹਰ ਤਰੀਕੇ ਨਾਲ ਜਬਾਬ ਦਿੱਤਾ ਜਾਵੇਗਾ ਅਤੇ ਮੰਦਿਰ ਦੀ ਨਵਾਉਸਾਰੀ ਵੀ ਕੀਤੀ ਜਾਵੇਗੀ।

# ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਗੁਰੂ ਨਾਨਕ ਡਾਕੂਮੈਂਟਰੀ ਦੀ ਹਮਾਇਤ ਵਿਚ ਹਿੱਸਾ ਲਿਆ

## ਪ੍ਰੋਜੈਕਟ ਦੀ ਸਹਾਇਤਾ ਲਈ 65,000 ਡਾਲਰ ਇਕੱਠੇ ਕੀਤੇ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਵਿਚ ਲੌਂਗ ਆਈਲੈਂਡ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਗੁਰੂ ਨਾਨਕ ਡੌਕੂਮੈਂਟਰੀ ਦੀ ਹਮਾਇਤ ਵਿਚ ਹਿੱਸਾ ਲਿਆ ਅਤੇ ਇਸ ਪ੍ਰੋਜੈਕਟ ਦੀ ਸਹਾਇਤਾ ਲਈ 65,000 ਡਾਲਰ ਇਕੱਠੇ ਕੀਤੇ। ਨੈਸ਼ਨਲ ਸਿੱਖ ਕੈਂਪੇਨ ਗੁਰੂ ਨਾਨਕ ਦੇਵ ਜੀ ਤੇ ਇਕ ਘੰਟੇ ਦੀ ਡਾਕੂਮੈਂਟਰੀ ਫ਼ਿਲਮ ਬਣਾਉਣ ਲਈ ਇਕ ਫਿਲਮ ਕੰਪਨੀ ਔਊਤੂਰ ਪ੍ਰੋਡਕਸ਼ਨਜ਼ ਨਾਲ ਕੰਮ ਕਰ ਰਹੀ ਹੈ ਅਤੇ ਇਹ ਸਾਰੇ ਅਮਰੀਕਾ ਵਿਚ ਪੀ.ਬੀ.ਐਸ. 200 ਟੀਵੀ ਸ਼ਟੇਸ਼ਨਾਂ ਤੇ ਗੁਰੂ ਨਾਨਕ ਦੇਵ ਜੀ ਦੀ 550 ਵੀਂ ਜਨਮ ਵਰ੍ਹੇਗੰਢ ਮਨਾਉਂਦਿਆਂ ਵਿਖਾਈ ਜਾਵੇਗੀ। ਲੌਂਗ ਆਈ.ਲੈਂਡ ਦੇ ਤਿੰਨੇ ਗੁਰਦੁਆਰਿਆਂ ਦੇ ਮੈਂਬਰਾਂ ਨੇ ਆਪਣਾ ਸਮਰਥਨ ਪ੍ਰਗਟਾਇਆ। ਪਰਮਜੀਤ ਸਿੰਘ ਬੇਦੀ, ਮੋਹਿੰਦਰ ਸਿੰਘ ਤਨੇਜਾ ਅਤੇ ਡਾ. ਅਵਤਾਰ ਸਿੰਘ ਟਿਨਾ ਕਮਿਊਨਿਟੀ ਦੇ ਪ੍ਰਮੁਖ ਮੈਂਬਰਾਂ ਨੇ ਇਸ ਮੌਕੇ ਹਾਜ਼ਰ ਲੋਕਾਂ ਦਾ ਸਵਾਗਤ ਕੀਤਾ। ਡਾ. ਰਾਜਵੰਤ ਸਿੰਘ




ਨੇ ਕਿਹਾ, "ਗੁਰੂ ਨਾਨਕ ਦੇਵ ਜੀ ਬਾਰੇ ਬਹੁਤ ਜ਼ਿਆਦਾ ਅਗਿਆਨਤਾ ਹੈ ਅਤੇ ਹਰ ਸਿੱਖ ਗੁਰੂ ਨਾਨਕ ਸਾਹਿਬ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਦੀ ਹਮਾਈਤੀ ਹੈ।" ਉਨ੍ਹਾਂ ਨੇ ਕਿਹਾ, "ਜ਼ਿਆਦਾਤਰ ਅਮਰੀਕੀਆਂ ਨੇ ਕਦੇ ਵੀ ਗੁਰੂ ਨਾਨਕ ਦੇਵ ਜੀ ਦਾ ਨਾਮ ਨਹੀਂ ਸੁਣਿਆ ਹੈ। ਗੁਰੂ ਨਾਨਕ ਦਰਬਾਰ ਗੁਰਦੁਆਰਾ ਹਿੱਕਸਵਿੱਲ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਬੇਦੀ ਅਤੇ ਮੁੱਖ ਆਯੋਜਕਾਂ ਵਿਚੋਂ ਇਕ ਨੇ ਕਿਹਾ, "ਅਮਰੀਕਾ ਭਰ ਵਿਚ ਸਿੱਖ ਸਾਰੇ ਇਸ ਪ੍ਰਾਜੈਕਟ ਦਾ ਸਮਰਥਨ ਕਰਦੇ ਹਨ। ਧਰਮ ਤੇ ਸਿੱਖਿਆ ਤੇ ਸਿੱਖ ਕੌਂਸਲ ਦੇ ਕੌਮੀ ਡਾਇਰੈਕਟਰ ਮੋਹਿੰਦਰ ਸਿੰਘ ਤਨੇਜਾ ਅਤੇ ਇਕ ਕਮਿਊਨਿਟੀ ਲੀਡਰ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਤੋਂ ਅੱਗੇ ਸਨ ਅਤੇ ਉਨ੍ਹਾਂ ਦੇ ਸਮਾਨਤਾ ਅਤੇ ਸਹਿਣਸ਼ੀਲਤਾ ਦੇ ਸੰਦੇਸ਼ ਦੀ ਬਹੁਤ ਲੋੜ ਹੈ। ਅਸੀਂ ਕਮਿਊਨਿਟੀ ਦੇ ਸਮਰਥਨ ਲਈ ਬਹੁਤ ਸ਼ੁਕਰਗੁਜ਼ਾਰ ਹਾਂ।" ਪ੍ਰਬੰਧਕੀ ਟੀਮ ਦੇ ਮੈਂਬਰ ਡਾ. ਅਵਤਾਰ ਸਿੰਘ ਟਿਨਾ ਅਤੇ ਇਕ ਪ੍ਰਮੁੱਖ ਮੈਂਬਰ ਨੇ ਕਿਹਾ, "ਗੁਰੂ ਨਾਨਕ ਇਕ ਕ੍ਰਾਂਤੀਕਾਰੀ ਸਨ ਅਤੇ 500 ਸਾਲ ਪਹਿਲਾਂ, ਉਸਨੇ ਲਿੰਗ ਬਰਾਬਰੀ ਦੇ ਅਧਾਰ ਤੇ ਇਕ ਸਮਾਜ ਸਥਾਪਿਤ ਕਰਨ ਦਾ ਰਸਤਾ ਤਿਆਰ ਕੀਤਾ ਅਤੇ ਇਸ ਬਾਰੇ ਸੰਸਾਰ ਨੂੰ ਸਿੱਖਿਆ ਦੇਣ ਵਿੱਚ ਮਦਦ ਕਰੇਗੀ। ਗਲੇਨ ਕੋਵ ਗੁਰਦੁਆਰਾ ਸਾਹਿਬ ਤੋਂ ਹਰਚਰਨ ਸਿੰਘ ਸਚਦੇਵ ਨੇ ਕਿਹਾ, "ਇਥੋਂ ਦਾ ਸਿੱਖ ਭਾਈਚਾਰਾ ਇਸ ਮਹਾਨ ਕਾਰਨ ਲਈ ਇਕੱਠਾ ਹੋ ਗਿਆ ਹੈ ਅਤੇ ਅਸੀਂ ਮਹਿਸੂਸ ਕਰਦੇ ਹਾਂ ਕਿ ਗ਼ਰੀਬਾਂ ਦੀ ਸੇਵਾ ਕਰਨ ਵਾਲੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਆਉਣ ਵਾਲੇ ਲੋਕਾਂ ਨੂੰ ਪ੍ਰੇਰਿਤ ਕਰੇਗਾ।ਪਲੇਨਵਿਊ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਰਿੰਦਰ ਸਿੰਘ ਚਾਵਲਾ ਨੇ ਕਿਹਾ, "ਇਹ ਦਸਤਾਵੇਜ਼ੀ ਫ਼ਿਲਮ ਸਾਡੀ ਨੌਜਵਾਨ ਪੀੜ੍ਹੀ ਦੀ ਮਦਦ ਕਰੇਗਾ ਅਤੇ ਉਨ੍ਹਾਂ ਨੂੰ ਇਕ ਸ਼ਕਤੀਸ਼ਾਲੀ ਸਿੱਖਿਆ ਦੇਣ ਵਾਲਾ ਸਾਧਨ ਦੇਵੇਗਾ। ਐਨਐਸਸੀ ਨੇ ਮਹਾਨ ਗੁਰੂ ਨਾਨਕ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਕ ਮੁਹਿੰਮ ਸ਼ੁਰੂ ਕੀਤੀ ਹੈ ਅਤੇ ਪੀਬੀਬੀਐਸ ਦੀ ਡੌਕੂਮੈਂਟਰੀ ਤੋਂ ਇਲਾਵਾ ਨੌਜਵਾਨਾਂ ਤਕ ਪਹੁੰਚਣ ਲਈ ਇਕ ਸੋਸ਼ਲ ਮੀਡੀਆ ਮੁਹਿੰਮ ਸ਼ੁਰੂ ਕਰਨ ਲਈ ਇਹ ਇਕ ਪ੍ਰਤਿਸ਼ਠਾਵਾਨ ਮਾਰਕੀਟਿੰਗ ਕੰਪਨੀ ਵੀ ਸ਼ਾਮਲ ਹੈ।

# ਸਿੱਖ ਟੈਂਪਲ ਟਰਲਕ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਟਰਲਕ (ਪ੍ਰਵਾਨਾ)** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਟੈਂਪਲ ਟਰਲੱਕ 1391 ਪੰਜਵੀਂ ਸਟ੍ਰੀਟ ਟਰਲਕ ਵਿਖੇ ਸ਼ਹੀਦੀ ਗੁਰੂ ਅਰਜਨ ਦੇਵ ਜੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਵਾਨਾ ਨੇ ਮੰਚ ਸੰਭਾਲਦਿਆਂ ਸ਼ਹੀਦੀ ਇਤਿਹਾਸ ’ਤੇ ਰੌਸ਼ਨੀ ਪਾਈ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਹੋਏ, ਜਿਹਨਾਂ ਨੇ ਸ਼ਹੀਦੀਆਂ ਦੀਆਂ ਬੀਰ ਰਸ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



# ਮਾਇਆਵਤੀ ਨੇ ਭਰਾ ਤੇ ਭਤੀਜੇ ਨੂੰ ਮਹੱਤਵਪੂਰਨ ਜ਼ਿੰਮੇਵਾਰੀਆਂ ਸੌਂਪੀਆਂ

**ਲਖਨਊ-** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੁਪਰੀਮੋ ਮਾਇਆਵਤੀ ਨੇ ਪਾਰਟੀ ਸੰਗਠਨ ਵਿਚ ਆਪਣੇ ਭਤੀਜੇ ਆਕਾਸ਼ ਆਨੰਦ ਨੂੰ ਕੌਮੀ ਕੋਆਰਡੀਨੇਟਰ ਤੇ ਭਰਾ ਆਨੰਦ ਕੁਮਾਰ ਨੂੰ ਕੌਮੀ ਉਪ-ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਹੈ। ਪਾਰਟੀ ਸੂਤਰਾਂ ਅਨੁਸਾਰ ਦੇਸ਼ ਦੇ ਸਾਰੇ ਰਾਜਾਂ ਵਿਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਆਕਾਸ਼ ਆਨੰਦ ਨੂੰ ਇਹ ਮਹੱਤਵਪੂਰਨ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸ ਸਬੰਧੀ ਹੋਈ ਮੀਟਿੰਗ ਵਿਚ ਸ਼ਾਮਲ ਹੋਏ ਪਾਰਟੀ ਦੇ ਇਕ ਵੱਡੇ ਆਗੂ ਨੇ ਇਨ੍ਹਾਂ ਨਿਯੁਕਤੀਆਂ ਬਾਰੇ ਜਾਣਕਾਰੀ ਦਿੱਤੀ। ਪਾਰਟੀ ਆਗੂ ਨੇ ਦੱਸਿਆ ਕਿ ਅਮਰੋਹਾ ਸੰਸਦੀ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਦਾਨਿਸ਼ ਅਲੀ ਨੂੰ ਲੋਕ ਸਭਾ ਵਿਚ ਪਾਰਟੀ ਦਾ ਆਗੂ ਤੇ ਸੰਸਦ ਮੈਂਬਰ ਗਿਰੀਸ਼ ਚੰਦਰ ਨੂੰ ਮੁੱਖ ਵ੍ਹਿਪ ਬਣਾਇਆ ਗਿਆ ਹੈ। ਬਸਪਾ ਸੁਪਰੀਮੋ ਦੇ ਐਲਾਨ ਮਗਰੋਂ ਆਕਾਸ਼ ਆਨੰਦ ਹੁਣ ਪਾਰਟੀ ਨੂੰ ਕੌਮੀ ਪੱਧਰ 'ਤੇ ਮਜ਼ਬੂਤ ਕਰਨ ਲਈ ਕੰਮ ਕਰਨਗੇ। ਕਿਹਾ ਜਾ ਰਿਹਾ ਹੈ





ਕਿ ਬਸਪਾ ਵਿਚ ਆਕਾਸ਼ ਦੇ ਆਉਣ ਮਗਰੋਂ ਪਾਰਟੀ ਵਿਚ ਕਈ ਬਦਲਾਅ ਆਏ ਹਨ। ਸੂਤਰਾਂ ਅਨੁਸਾਰ ਮੀਡੀਆ ਤੇ ਸੋਸ਼ਲ ਮੀਡੀਆ ਤੋਂ ਦੂਰ ਰਹਿਣ ਵਾਲੀ ਮਾਇਆਵਤੀ ਆਪਣੇ ਭਤੀਜੇ ਦੇ ਕਹਿਣ ਮਗਰੋਂ ਟਵਿੱਟਰ 'ਤੇ ਆਈ ਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਆਪਣਾ ਖਾਤਾ ਬਣਾਇਆ। ਮਾਇਆਵਤੀ ਹੁਣ ਲਗਾਤਾਰ ਟਵਿੱਟਰ ਰਾਹੀਂ ਵਿਰੋਧੀਆਂ 'ਤੇ ਹੱਲਾ ਬੋਲਦੀ ਹੈ। ਆਕਾਸ਼ ਹੁਣ ਪਾਰਟੀ ਨੂੰ ਨੌਜਵਾਨਾਂ ਦੇ ਦ੍ਰਿਸ਼ਟੀਕੋਣ ਨਾਲ ਅੱਗੇ ਵਧਾਉਣ ਲਈ ਕੰਮ ਕਰਨਗੇ। ਪਾਰਟੀ ਸੂਤਰਾਂ ਅਨੁਸਾਰ, ''ਮੀਟਿੰਗ ਸਵੇਰੇ ਦਸ ਵਜੇ ਤੋਂ ਸੀ ਪਰ ਪਾਰਟੀ ਦੇ ਸਾਰੇ ਵੱਡੇ ਨੇਤਾ, ਸੰਸਦ ਮੈਂਬਰ ਤੇ ਵਿਧਾਇਕ ਸਵੇਰੇ ਨੌਂ ਵਜੇ ਹੀ ਮੀਟਿੰਗ ਸਥਾਨ 'ਤੇ ਪਹੁੰਚ ਗਏ। ਮੀਟਿੰਗ ਤੋਂ ਪਹਿਲਾਂ ਸਾਰੇ ਆਗੂਆਂ ਦੇ ਮੋਬਾਈਲ ਜਮ੍ਹਾਂ ਕਰਵਾ ਲਏ ਗਏ ਸਨ। ਇੱਥੋਂ ਤਕ ਕਿ ਉਨ੍ਹਾਂ ਦੇ ਪੈੱਨ, ਪਰਸ, ਬੈਗ ਤੇ ਡਿਜੀਟਲ ਘੜੀਆਂ ਜਮ੍ਹਾਂ ਕਰ ਲੈਣ ਤੋਂ ਬਾਅਦ ਮੀਟਿੰਗ ਹਾਲ ਵਿਚ ਜਾਣ ਦਿੱਤਾ ਗਿਆ।

# ਵਿਪਸਾ ਵਲੋਂ ਡਾ.ਮੋਨੋਜੀਤ ਅਤੇ ਪ੍ਰੋ. ਪਰਮਜੀਤ ਕੌਰ ਤਿਆਗੀ ਦਾ ਸਨਮਾਨ







**ਫਰੀਮਾਂਟ-** ਬੀਤੇ ਸ਼ਨੀਵਾਰ, ਵਿਪਸਾ ਵਲੋਂ ਗੋਲਡਨ ਇੰਡੀਆ ਕੁਜ਼ੀਨ, ਫਰੀਮਾਂਟ ਕੈਲੀਫੋਰਨੀਆ ਵਿਖੇ ਮਹੀਨੇਵਾਰ ਸਾਹਿਤਕ ਬੈਠਕ ਬੜੇ ਹੀ ਉਤਸ਼ਾਹ ਨਾਲ ਸੰਪਨ ਹੋਈ। ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਹਾਜ਼ਰ ਸਾਹਿਤਕਾਰਾਂ ਅਤੇ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਉਪਰੰਤ ਵਿਪਸਾ ਦੇ ਸਰਕਰਦਾ ਮੈਂਬਰ ਤਾਰਾ ਸਿੰਘ ਸਾਗਰ ਦੀ ਸਿਹਤਯਾਬੀ ਲਈ ਅਰਦਾਸ ਕਰਨ ਹਿਤ ਸਭਨਾਂ ਦਾ ਮਿਲਵਰਤਣ ਪ੍ਰਾਪਤ ਕੀਤਾ।


ਇਸ ਉਪਰੰਤ ਪਟਿਆਲਾ ਯੂਨੀਵਰਸਿਟੀ ਤੋਂ ਪ੍ਰੋ. ਪਰਮਜੀਤ ਕੌਰ ਤਿਆਗੀ ਅਤੇ ਜੰਮੂ ਤੋਂ ਡਾ. ਮੋਨੋਜੀਤ ਦੀ ਜਾਣ-ਪਛਾਣ ਕਰਵਾਉਂਦੇ ਹੋਏ, ਬੈਠਕ ਦਾ ਸੰਚਾਲਨ ਕਰਨ ਲਈ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੂੰ ਆਮੰਤ੍ਰਿਤ ਕੀਤਾ। ਪ੍ਰੋ ਪਰਮਜੀਤ ਕੌਰ ਤਿਆਗੀ ਨੂੰ ਬੈਠਕ ਦੀ ਪ੍ਰਧਾਨਗੀ ਲਈ, ਡਾ ਮੋਨੋਜੀਤ ਨੂੰ ਬਤੌਰ ਵਿਸ਼ੇਸ਼ ਮਹਿਮਾਨ ਅਤੇ ਕੁਲਵਿੰਦਰ ਨੂੰ ਵਿਪਸਾ ਦੀ ਨੁਮਾਇੰਦਗੀ ਲਈ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕੀਤੇ ਜਾਣ ਉਪਰੰਤ, ਲਾਜ ਨੀਲਮ ਸੈਣੀ ਨੇ ਪਸ਼ਸਕ ਦੇ ਸਲਾਹਕਾਰ ਦਲਵੀਰ ਸਿੰਘ'ਦਿਲ ਨਿੱਜਰ' ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਮੰਚ ਵਲੋਂ ਸਭ ਤੋਂ ਪਹਿਲਾਂ ਡਾ ਘੁੱਗਾ ਦੇ ਮਾਤਾ ਜੀ ਨਰਿੰਦਰ ਕੌਰ ਘੁੱਗਾ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਖੜ੍ਹੇ ਹੋ ਕੇ ਪ੍ਰਾਰਥਨਾ ਕੀਤੀ ਗਈ।

ਲਾਜ ਨੀਲਮ ਸੈਣੀ ਨੇ ਏਜੰਡੇ ਅਨੁਸਾਰ ਪ੍ਰੋ. ਅਮਰਜੀਤ ਪੰਨੂ ਦੀ ਕਹਾਣੀ (ਜੋ ਸਭ ਨੂੰ ਈਮੇਲ ਰਾਹੀਂ ਭੇਜੀ ਗਈ ਸੀ), ਉੱਪਰ ਵਿਚਾਰ ਵਟਾਂਦਰਾ ਕਰਨ ਲਈ ਹਾਜ਼ਰ ਪਾਠਕਾਂ ਨੂੰ ਸੱਦਾ ਦਿੱਤਾ, ਜਿਸ ਅਨੁਸਾਰ ਸੁਖਵਿੰਦਰ ਕੰਬੋਜ, ਕੁਲਵਿੰਦਰ, ਸੀਰਤ, ਜਗਜੀਤ, ਪ੍ਰੋ. ਪਰਮਜੀਤ, ਅਤੇ ਰੇਸ਼ਮ ਸਿੱਧੂ ਨੇ ਕਹਾਣੀ ਪ੍ਰਤੀ ਆਪੋ ਆਪਣੇ ਵਿਚਾਰ ਪ੍ਰਗਟ ਕੀਤੇ। ਸਮੁੱਚੇ ਤੌਰ ਤੇ stream of consciousness ਵਿਧੀ ਅਨੁਸਾਰ ਰਚਿਤ ਇਹ ਕਹਾਣੀ 'ਕੀੜੀ ਦਾ ਆਟਾ' ਇਕ ਨਿੱਕੇ ਕੈਨਵਸ ਵਿਚ ਇਕ ਵੱਡੀ ਕਹਾਣੀ ਹੋਣ ਕਰ ਕੇ ਅਸਪਸ਼ਟਤਾ ਦੇ ਘੇਰੇ ਵਿਚ ਸਿਮਟ ਗਈ ਪ੍ਰਤੀਤ ਹੁੰਦੀ ਹੈ। ਇਸ ਉਪਰੰਤ ਡਾ. ਮੋਨੋਜੀਤ ਦੇ ਰੂ-ਬ-ਰੂ ਵਿਚ ਡਾ. ਮੋਨੋਜੀਤ ਦਾ ਸਾਹਿਤਕ ਸਫ਼ਰ ਇਕ ਰੌਚਿਕਤਾ ਪੈਦਾ ਕਰ ਗਿਆ। ਉਹ ਕਹਾਣੀਕਾਰ ਤੋਂ ਕਵੀ ਅਤੇ ਫਿਰ ਇਕ ਸਾਹਿਤਕ ਵਿਅੰਗ ਕਰਤਾ ਵਜੋਂ ਸਥਾਪਿਤ ਹੋਇਆ।ਉਸ ਦੀਆਂ ਛੇ ਵਿਅੰਗ ਪੁਸਤਕਾਂ, 'ਇਨਸਾਫ਼ ਕੀ ਡਗਰ ਪੇ', 'ਬਸ ਦੋ ਹੀ ਕਾਫ਼ੀ', 'ਜੇ ਬੁਰਾ ਨਾ ਮੰਨੋ ਤਾਂ', 'ਰਾਸ਼ਟਰ ਦੇ ਨਾਂ ਸੰਦੇਸ਼', 'ਸੱਭੇ ਗੱਲਾਂ ਖੋਟੀਆਂ' ਅਤੇ 'ਤੇਰੇ ਫ਼ੇਸ ਦੀ ਬੁੱਕ' ਸਮੁੱਚੇ ਸਾਹਿਤ ਵਿਚ ਪ੍ਰਵਾਨ ਚੜ੍ਹੀਆਂ ਹਨ। ਇਸ ਤੋਂ ਇਲਾਵਾ ਦੋ ਕਾਵਿ ਸੰਗ੍ਰਿਹ, 'ਸਿਫ਼ਰ ਤੋਂ ਅੱਗੇ', 'ਕਵਿਤਾ ਮੇਰੇ ਜਿਹੀ' ਅਤੇ ਇਕ ਕਹਾਣੀ ਸੰਗ੍ਰਿਹ 'ਦੂਜੀ ਕਵਿਤਾ' ਵੀ ਉਨ੍ਹਾਂ ਦੀਆਂਸਾਹਿਤਕ ਪ੍ਰਾਪਤੀਆਂ ਹਨ। ਡਾ ਮੋਨੋਜੀਤ ਨੂੰ ਵਿਅੰਗ ਦਾ 'ਪਿਆਰਾ ਸਿੰਘ ਦਾਤਾ- ਪੰਜਾਬੀ ਹਾਸ ਵਿਅੰਗ ਅਕੈਡਮੀ' ਐਵਾਰਡ ਅਤੇ 'ਸੱਭੇ ਗੱਲਾਂ ਖੋਟੀਆਂ' ਨੂੰ ਬੈਸਟ ਬੁੱਕ ਐਵਾਰਡ-ਜੰਮੂ ਕਸ਼ਮੀਰ ਅਕੈਡਮੀ'ਵਲੋਂ ਪ੍ਰਾਪਤ ਹਨਾਡਾ. ਦਰਿਆ ਵਲੋਂ ਸੰਪਾਦਿਤ ਪੁਸਤਕ,'ਡਾ. ਮੋਨੋਜੀਤ ਦਾ ਵਿਅੰਗ ਸੰਸਾਰ' ਆਪ ਦੀ ਸਾਹਿਤਕ ਅਭਿਵਿਅਕਤੀ ਦੀ ਨਿਸ਼ਾਨਦੇਹੀ ਕਰਾਉਣ ਵਿਚ ਇਕ ਸ਼ਲਾਘਾਯੋਗ ਉਪਰਾਲਾ ਹੈ। ਡਾ. ਮੋਨੋਜੀਤ ਪੰਜਾਬੀ ਲੇਖਕ ਸਭਾ ਜੰਮੂ ਦੇ ਅਜੋਕੇ ਪ੍ਰਧਾਨ ਹਨ। ਪ੍ਰੋ. ਪਰਮਜੀਤ ਕੌਰ ਤਿਆਗੀ ਅਤੇ ਡਾ.ਮੋਨੋਜੀਤ ਦਾ ਵਿਪਸਾ ਵਲੋਂ ਸਨਮਾਨ ਕਰਨ ਉਪਰੰਤ, ਹਾਜ਼ਰ ਸ਼ਾਇਰਾਂ ਵਲੋਂ ਵੱਡਮੁਲਾ, ਸੱਜਰਾ ਅਤੇ ਉੱ-ਚਪਾਏ ਦਾ ਕਲਾਮ ਪੜ੍ਹਿਆ ਗਿਆ ਜਿਸ ਵਿਚ ਨਿਮਨਲਿਖਤ ਅਠਾਰਾਂ ਸ਼ਾਇਰਾਂ ਨੇ ਸ਼ਮੂਲੀਅਤ ਕੀਤੀ: ਕੁਲਵਿੰਦਰ, ਸੁਖਵਿੰਦਰ ਕੰਬੋਜ, ਡਾ. ਮੋਨੋਜੀਤ, ਅਮਰਜੀਤ ਪੰਨੂ, ਮਹਿੰਦਰ ਸਿੰਘ ਸੰਘੇੜਾ, ਹਜ਼ੂਰਾ ਸਿੰਘ, ਨੰਨੂ ਨੂਰ, ਰੇਸ਼ਮ, ਜਗਜੀਤ ਨੌਸ਼ਹਿਰਵੀ, ਸੁਖਪਾਲ ਸੰਘੇੜਾ, ਅਮਰਜੀਤ ਜੌਹਲ, ਹਰਪ੍ਰੀਤ ਕੌਰ ਧੂਤ, ਲਾਜ ਨੀਲਮ ਸੈਣੀ, ਮੇਜਰ ਭੁਪਿੰਦਰ ਦਲੇਰ, ਪਰਮ ਪਾਲ ਸਿੰਘ, ਸੁਰਿੰਦਰ ਸੀਰਤ, ਦਿਲ ਨਿੱਜਰ ਅਤੇ ਪ੍ਰੋ.ਪਰਮਜੀਤ ਕੌਰ ਤਿਆਗੀ। ਇਸ ਤੋਂ ਇਲਾਵਾ ਗੁਰਦੇਵ ਸਿੰਘ ਘਣਗਸ, ਡਾ.ਹਰਮੇਸ਼ ਕੁਮਾਰ, ਸਤਵਿੰਦਰ ਕੌਰ ਧੂਤ, ਗੁਰਮੀਤ ਕੌਰ ਪੰਨੂ, ਅਮਰੀਕ ਸਿੰਘ ਪੰਨੂ, ਸ਼ਰਨਪਾਲ ਸਿੰਘ ਬੈਂਸ, ਸੁਰਿੰਦਰ ਕੌਰ ਅਤੇ ਕਮਲ ਬੰਗਾ ਵੀ ਇਸ ਮਿਲਣੀ ਵਿਚ ਸ਼ਾਮਿਲ ਸਨ। ਇਸ ਦੌਰਾਨ ਕਮਲ ਬੰਗਾ ਦੀ ਤੇਰਵੀਂ ਕਾਵਿ-ਪੁਸਤਕ, 'ਚੋਣਵੀਂ ਕਵਿਤਾ ਦੇ ਰੰਗ' ਨੂੰ ਲੋਕ ਅਰਪਣ ਕੀਤਾ ਗਿਆ। ਅੰਤ ਵਿਚ ਮੁੱਖ ਮਹਿਮਾਨ ਡਾ. ਪਰਮਜੀਤ ਕੌਰ ਤਿਆਗੀ ਨੇ ਵਿਪਸਾ ਦਾ ਧੰਨਵਾਦ ਕਰਨ ਦੇ ਨਾਲ ਨਾਲ ਇੱਥੇ ਹੋ ਰਹੀਆਂ ਸਾਹਿਤਕ ਸਰਗਰਮੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਕ ਅਜੇਹੇ ਵਿਓਪਾਰਕ ਮੁਲਕ ਵਿਚ ਆਪਣੇ ਵੱਡਮੁੱਲੇ ਸਮੇਂ ਨੂੰ ਆਪਣੀ ਮਾਂ ਬੋਲੀ ਅਤੇ ਸਾਹਿਤ ਦੇ ਲੇਖੇ ਲਾਉਣਾ ਇਕ ਬਹੁਤ ਵੱਡੀ ਦੇਣ ਹੈ।

## ਉਪ ਚੋਣਾਂ ਤੋਂ ਪਾਸਾ ਵੱਟਦੀ ਆ ਰਹੀ ਬਸਪਾ ਫਗਵਾੜਾ ਤੋਂ ਚੋਣ ਲੜਨ ਲਈ ਪੱਬਾਂ ਭਾਰ

**ਜਲੰਧਰ-** ਉਪ ਚੋਣਾਂ ਤੋਂ ਪਾਸਾ ਵੱਟਦੀ ਆ ਰਹੀ ਬਹੁਜਨ ਸਮਾਜ ਪਾਰਟੀ ਨੇ ਇਸ ਵਾਰ ਫਗਵਾੜੇ ਦੀ ਉਪ ਚੋਣ ਲੜਨ ਲਈ ਕਮਰਕੱਸੇ ਕੱਸ ਲਏ ਹਨ। ਬਸਪਾ ਨੇ ਲੋਕ ਸਭਾ ਚੋਣਾਂ ਦੌਰਾਨ ਫਗਵਾੜਾ ਵਿਧਾਨ ਸਭਾ ਹਲਕੇ ਤੋਂ 29,738 ਵੋਟਾਂ ਹਾਸਲ ਕੀਤੀਆਂ ਸਨ। ਇਨ੍ਹਾਂ ਵੋਟਾਂ ਨੂੰ ਪਾਰਟੀ ਆਪਣੀ ਚੰਗੀ ਤੇ ਟੱਕਰ ਦੇਣ ਵਾਲੀ ਪੁਜ਼ੀਸ਼ਨ ਵਜੋਂ ਦੇਖ ਰਹੀ ਹੈ। ਜਾਣਕਾਰੀ ਅਨੁਸਾਰ ਬਹੁਜਨ ਸਮਾਜ ਪਾਰਟੀ ਦੇ ਨਵੇਂ ਬਣੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੇ ਸਮਰਥਕ ਮਹਿਸੂਸ ਕਰਦੇ ਹਨ ਕਿ ਪਾਰਟੀ ਦੀ ਮਜ਼ਬੂਤੀ ਲਈ ਅਤੇ ਲੋਕ ਸਭਾ ਚੋਣਾਂ ਦੌਰਾਨ ਪਾਰਟੀ ਵਰਕਰਾਂ 'ਚ ਪੈਦਾ ਹੋਏ ਨਵੇਂ ਜੋਸ਼ ਨੂੰ ਬਰਕਰਾਰ ਰੱਖਣ ਲਈ ਉਪ ਚੋਣ ਲੜਨੀ ਬਸਪਾ ਦੇ ਹੱਕ ਵਿਚ ਜਾਵੇਗੀ। ਉਪ ਚੋਣ ਵਾਸਤੇ ਬਸਪਾ ਦੀ ਟਿਕਟ ਹਾਸਲ ਕਰਨ ਵਾਲੇ ਉਮੀਦਵਾਰਾਂ ਵਿਚ ਵੀ ਦੌੜ ਲੱਗ ਗਈ ਹੈ। ਬਸਪਾ ਦਾ ਗੜ੍ਹ ਸਮਝੇ ਜਾਣ ਵਾਲੇ ਦੋਆਬੇ 'ਚ ਫਗਵਾੜਾ ਅਜਿਹਾ ਖ਼ਿੱਤਾ ਹੈ ਜਿਥੇ ਡਾ. ਭੀਮ ਰਾਓ ਅੰਬੇਡਕਰ ਦੀ ਸੋਚ ਰੱਖਣ ਵਾਲੇ ਨੌਜਵਾਨ ਸਭ ਤੋਂ ਵੱਧ ਤੇਜ਼ ਤਰਾਰ ਹਨ। ਫਗਵਾੜਾ ਵਿਧਾਨ ਸਭਾ ਹਲਕਾ 1967 ਤੋਂ ਰਾਖਵਾਂ ਹਲਕਾ ਬਣਿਆ ਸੀ। ਇਥੇ 2007 ਤੋਂ ਲੈ ਕੇ ਹੁਣ ਤੱਕ ਭਾਜਪਾ ਦਾ ਹੀ ਕਬਜ਼ਾ ਚਲਿਆ ਆ ਰਿਹਾ ਹੈ। ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਐਮਪੀ ਬਣੇ ਸੋਮ ਪ੍ਰਕਾਸ਼ ਫਗਵਾੜੇ ਤੋਂ ਦੋ ਵਾਰ ਵਿਧਾਇਕ ਚੁਣੇ ਗਏ ਸਨ। ਹੁਣ ਉਨ੍ਹਾਂ ਦੇ ਐਮਪੀ ਬਣਨ 'ਤੇ ਇਥੇ ਉਪ ਚੋਣ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਫਗਵਾੜਾ ਇਹੋ ਜਿਹਾ ਕਸਬਾ ਹੈ ਜਿਥੇ ਦਲਿਤਾਂ ਤੇ ਉੱਚ ਜਾਤੀਆਂ 'ਚ ਪਿਛਲੇ ਸਮੇਂ 'ਚ ਟਕਰਾਅ ਬਣਦਾ ਆ ਰਿਹਾ ਹੈ। ਪਿਛਲੇ ਸਾਲ ਵੀ ਦਲਿਤ ਨੌਜਵਾਨਾਂ ਵੱਲੋਂ ਫਗਵਾੜਾ ਵਿਚ ਇਕ ਚੌਕ ਦਾ ਨਾਂ ਸੰਵਿਧਾਨ ਚੌਕ ਰੱਖੇ ਜਾਣ ਨੂੰ ਲੈ ਕੇ ਛਿੜਿਆ ਵਿਵਾਦ ਏਨਾ ਡੂੰਘਾ ਹੋ ਗਿਆ ਸੀ ਕਿ ਇਕ ਦਲਿਤ ਨੌਜਵਾਨ ਦੀ ਮੌਤ ਹੋ ਗਈ ਸੀ ਤੇ ਇਸ ਖ਼ਿੱਤੇ ਵਿਚ ਪੁਲੀਸ ਨੂੰ ਕਰਫਿਊ ਲਾਉਣਾ ਪਿਆ ਸੀ ਤੇ ਕਈ ਦਿਨ ਤਣਾਅ ਬਣਿਆ ਰਿਹਾ ਸੀ। ਫਗਵਾੜੇ ਵਿਚ



ਕਪੂਰਥਲਾ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਤੇ ਐਸਐਸਪੀ ਉਦੋਂ ਤੱਕ ਡੇਰਾ ਜਮਾ ਕੇ ਬੈਠੇ ਰਹੇ ਸਨ ਜਦੋਂ ਤੱਕ ਮ੍ਰਿਤਕ ਦਲਿਤ ਨੌਜਵਾਨ ਦਾ ਸਸਕਾਰ ਨਹੀਂ ਸੀ ਹੋ ਗਿਆ।

ਬਹੁਜਨ ਸਮਾਜ ਪਾਰਟੀ ਦੇ ਆਗੂ ਜਰਨੈਲ ਨੰਗਲ ਦੇ ਲੋਕ ਇਨਸਾਫ ਪਾਰਟੀ 'ਚ ਜਾਣ ਨਾਲ ਇਸ ਇਲਾਕੇ ਵਿਚ ਪਾਰਟੀ ਦਾ ਕੋਈ ਪ੍ਰਭਾਵਸ਼ਾਲੀ ਆਗੂ ਨਹੀਂ ਸੀ ਰਿਹਾ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਬਸਪਾ ਦਾ ਵੋਟ ਬੈਂਕ ਖਿਸਕ ਕੇ ਆਪ ਵੱਲ ਚਲਾ ਗਿਆ ਸੀ ਪਰ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਦੋਆਬੇ ਵਿਚ ਆਪ ਦਾ ਸਫਾਇਆ ਹੋਣ ਕਾਰਨ ਬਸਪਾ ਦਾ ਵੋਟ ਬੈਂਕ ਮੁੜ ਪਾਰਟੀ ਵੱਲ ਆ ਗਿਆ ਹੈ। ਪੰਜਾਬ ਲੋਕਤੰਤਰਿਕ ਗੱਠਜੋੜ ਨਾਲ ਸਮਝੌਤਾ ਕਰਕੇ ਬਹੁਜਨ ਸਮਾਜ ਪਾਰਟੀ ਨੇ ਤਿੰਨ ਲੋਕ ਸਭਾ ਦੀਆਂ ਸੀਟਾਂ ਲੜੀਆਂ ਸਨ। ਇਨ੍ਹਾਂ ਵਿਚ ਸ੍ਰੀ ਅਨੰਦਪੁਰ ਸਾਹਿਬ, ਹੁਸ਼ਿਆਰਪੁਰ ਤੇ ਜਲੰਧਰ ਸ਼ਾਮਲ ਸਨ। ਫਗਵਾੜਾ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਲੋਕ ਸਭਾ ਹਲਕੇ ਦਾ ਹੀ ਹਿੱਸਾ ਹੈ, ਇਸ ਲਈ ਪਾਰਟੀ ਇਸ ਹਲਕੇ 'ਤੇ ਆਪਣਾ ਹੱਕ ਸਮਝਦੀ ਹੈ। ਜ਼ਿਕਰਯੋਗ ਹੈ ਕਿ ਬਹੁਜਨ ਸਮਾਜ ਪਾਰਟੀ ਨੇ ਕਦੇ ਵੀ ਪੰਜਾਬ ਵਿਚ ਉਪ ਚੋਣ ਨਹੀਂ ਲੜੀ। ਪਾਰਟੀ ਦੇ ਸੂਤਰਾਂ ਅਨੁਸਾਰ ਉਪ ਚੋਣ 'ਚ ਬਿਨਾਂ ਵਜ੍ਹਾ ਜ਼ੋਰ ਅਜ਼ਮਾਈ ਕਰਨ ਦਾ ਕੋਈ ਲਾਭ ਨਹੀਂ ਹੁੰਦਾ ਕਿਉਂਕਿ ਆਮ ਤੌਰ 'ਤੇ ਉਪ ਚੋਣ ਵਿਚ ਸੱਤਾਧਾਰੀ ਧਿਰ ਧੱਕੇਸ਼ਾਹੀ ਕਰਕੇ ਸੀਟ 'ਤੇ ਕਾਬਜ਼ ਹੋ ਜਾਂਦੀ ਹੈ। ਬਸਪਾ ਵੱਲੋਂ ਹਮੇਸ਼ਾਂ ਆਮ ਚੋਣਾਂ ਲੜਨ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ।

ਫਗਵਾੜਾ ਲੋਕ ਸਭਾ ਸੀਟ ਤੋਂ ਚੋਣ ਲੜਨ ਬਾਰੇ ਜਦੋਂ ਪਾਰਟੀ ਦੇ ਨਵੇਂ ਬਣੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਫੈਸਲਾ ਪਾਰਟੀ ਦੀ ਸੂਬਾ ਕਮੇਟੀ ਦੀ ਹੋਣ ਵਾਲੀ ਮੀਟਿੰਗ ਵਿਚ ਕੀਤਾ ਜਾਵੇਗਾ ਤੇ ਇਹ ਮੀਟਿੰਗ ਜਲਦੀ ਹੀ ਜਲੰਧਰ ਵਿਚ ਹੋਵੇਗੀ।

**- ਪਾਲ ਸਿੰਘ ਨੌਲੀ**

## ਸ਼ਾਹੂ ਜੀ ਮਹਾਰਾਜ ਜੀ (26 ਜੂਨ 1874 - 6 ਮਈ 1922) ਦੇ ਜਨਮ ਦਿਵਸ ਦੀਆਂ ਆਪ ਸਭ ਨੂੰ ਬਹੁਤ ਬਹੁਤ ਮੁਬਾਰਕਾਂ

ਭਾਰਤ ਦੇ ਇਤਿਹਾਸ ਵਿਚ ਪ੍ਰਤੀਨਿਧਿਤਵ ਜਿਸਨੂੰ ਅੱਜਕਲ ਰਾਖਵਾਂ ਕੋਟਾ ਜਾਂ ਆਰਕਸ਼ਣ ਦਾ ਨਾਮ ਦੇ ਦਿੱਤਾ ਗਿਆ ਹੈ, ਦੇ ਜਨਮਦਾਤਾ ਛਤਰਪਤੀ ਸ਼ਾਹੂ ਜੀ ਮਹਾਰਾਜ ਜੀ (26 ਜੂਨ 1874-6 ਮਈ 1922) ਦੇ ਜਨਮ ਦਿਵਸ ਦੀਆਂ ਆਪ ਸਭ ਸਾਥੀਆਂ ਨੂੰ ਬਹੁਤ ਬਹੁਤ ਮੁਬਾਰਕਾਂ।

ਅੱਜ ਐਸ.ਸੀ.ਐਸ.ਟੀ.ਓ.ਬੀ.ਸੀ ਵਰਗ ਦੇ ਹਜ਼ਾਰਾਂ ਹੀ ਲੋਕ ਇਸ ਵਿਵਸਥਾ ਦਾ ਆਨੰਦ ਮਾਣ ਰਹੇ ਨੇ, ਪਰ ਅਫਸੋਸ ਦੀ ਗੱਲ ਇਹ ਹੈ ਕਿ ਜੇ ਕਿਸੇ ਤੋਂ ਪੁੱਛਿਆ ਜਾਵੇ ਕਿ ਇਹ ਵਿਵਸਥਾ ਕਿਸ ਤਰ੍ਹਾਂ ਤੇ ਕਿਸਨੇ ਸ਼ੁਰੂਆਤ ਕੀਤੀ ਸੀ, ਤਾਂ ਮੇਰਾ ਖਿਆਲ ਕੁਝ ਗਿਣੇ ਚੁਣੇ ਲੋਕਾਂ ਨੂੰ ਛੱਡ ਕੇ ਬਹੁਤਿਆਂ ਨੂੰ ਇਸ ਬਾਰੇ ਕੁਝ ਨਹੀਂ ਪਤਾ ਹੋਵੇਗਾ। ਉਹਨਾਂ ਲੋਕਾਂ ਦੀ ਜਾਣਕਾਰੀ ਦੇ ਲਈ ਮੈਂ ਦੱਸਣਾ ਚਾਹੁੰਦਾ ਹਾਂ ਕਿ ਭਾਰਤੀ ਖਿੱਤੇ ਵਿਚ ਨੌਕਰੀਆਂ ਵਿਚ ਬਹੁਗਿਣਤੀ ਲੋਕਾਂ ਦੀ ਜਨਸੰਖਿਆ ਦੇ ਅਨੁਸਾਰ ਪ੍ਰਤੀਨਿਧਿਤਵ ਦੀ ਮੰਗ ਸਭ ਤੋਂ ਪਹਿਲਾਂ ਦਾਦਾ ਸਾਹਿਬ ਜੋਤਿਬਾ ਰਾਓ ਫੂਲੇ ਹੁਣਾਂ 1882 ਵਿਚ ਹੰਟਰ ਕਮਿਸ਼ਨ ਅੱਗੇ ਕੀਤੀ ਸੀ।



ਪਹਿਲੀ ਵਾਰ 2 ਜੂਨ 1902 ਨੂੰ ਭਾਰਤ ਦੇ ਇਤਿਹਾਸ ਵਿਚ ਸ਼ਾਹੂ ਜੀ ਮਹਾਰਾਜ ਜੀ ਨੇ ਸ਼ਾਸਨ ਪ੍ਰਸ਼ਾਸਨ ਵਿਚ ਅਣਮਨੁੱਖੀ ਸੋਚ ਵਾਲੀਆਂ ਤਾਕਤਾਂ ਦੇ ਵਿਰੋਧ ਨੂੰ ਨਕਾਰਦੇ ਹੋਏ 50% ਪ੍ਰਤੀਨਿਧਿਤਵ ਲਾਗੂ ਕਰਕੇ Affirmative Action ਜੋ ਕੇ ਵਿਕਸਿਤ ਦੇਸ਼ਾਂ ਵਿਚ ਕਾਲੇ ਲੋਕਾਂ ਦੇ ਲਈ ਲਾਗੂ ਹੈ, ਦੀ ਸ਼ੁਰੂਆਤ ਕਾਫੀ ਪਹਿਲਾਂ ਹੀ ਕਰ ਦਿੱਤੀ ਸੀ।

ਬਾਬਾ ਸਾਹਿਬ ਦੀ ਪੜ੍ਹਾਈ ਦੇ ਲਈ ਵੀ ਸ਼ਾਹੂ ਜੀ ਮਹਾਰਾਜ ਜੀ ਦਾ ਵੱਡਮੁੱਲਾ ਯੋਗਦਾਨ ਸੀ। ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਰੂਪ 'ਚ ਉਹਨਾਂ ਬਹੁਜਨਾਂ ਨੂੰ ਉਹ ਮਹਾਪੁਰਸ਼ ਦਿੱਤਾ ਜਿਸਨੇ ਆਪਣੇ ਅਣਥੱਕ ਯਤਨਾਂ ਸਦਕਾ ਬਹੁਜਨਾਂ ਦੀ ਤਕਦੀਰ ਬਦਲ ਕੇ ਰੱਖ ਦਿੱਤੀ।

ਸ਼ਾਹੂ ਜੀ ਮਹਾਰਾਜ ਜੀ ਦੇ ਬਹੁਜਨ ਅੰਦੋਲਨ 'ਚ ਅਹਿਮ ਯੋਗਦਾਨ ਨੂੰ ਯਾਦ ਕਰਦੇ ਹੋਏ ਉਹਨਾਂ ਨੂੰ ਦਿਲੋਂ ਪ੍ਰਣਾਮ ਕਰਦਾ ਹਾਂ।

ਬਹੁਜਨ ਮਹਾਪੁਰਸ਼ਾਂ ਨੂੰ ਪੜ੍ਹੋ, ਜਾਣੋ ਤੇ ਉਹਨਾਂ ਦੀ ਵਿਚਾਰਧਾਰਾ ਨੂੰ ਅੱਗੇ ਫੈਲਾਓ।

**- ਬੀ ਵੀ ਐਫ ਕਨਵੀਨਰ ਨਰੇਸ਼ ਕੁਮਾਰ**

ਦੇਸ਼ ਦੁਆਬਾ

# ਭੀੜਤੰਤਰ ਬਣਦਾ ਜਾ ਰਿਹਾ ਹੈ ਭਾਰਤ

ਭਾਰਤ ਦੀ ਆਬਾਦੀ ਹਰ ਸਾਲ ਆਸਟ੍ਰੇਲੀਆ ਜਿੰਨੀ ਵੱਧ ਜਾਂਦੀ ਹੈ। ਭੀੜਾਂ ਦਾ ਆਲਮ ਇਹ ਹੈ ਕਿ ਇਹ ਸਾਰੀਆਂ ਪਬਲਿਕ ਸਹੂਲਤਾਂ ਤਹਿਸ-ਨਹਿਸ ਕਰ ਦਿੰਦੀ ਹੈ, ਬਲਕਿ ਇਸ ਤੋਂ ਅੱਗੇ ਹਿੰਸਕ ਭੀੜਾਂ ਹਿੰਸਾ ਤੇ ਵੀ ਉਤਰ ਆਉਂਦੀਆਂ ਹਨ ਅਤੇ ਕਈ ਨਿਰਦੋਸ਼ ਲੋਕੀ ਮਾਰੇ ਜਾਂਦੇ ਹਨ। ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ ਦੇ ਇਕ ਪਿੰਡ ਵਿਚ ਚੋਰੀ ਦੇ ਦੋਸ਼ ਹੇਠ ਫੜੇ ਗਏ ਇਕ ਨੌਜਵਾਨ ਦੀ ਭੀੜ ਹੱਥੋਂ ਮਾਰ-ਕੁਟਾਈ ਮਗਰੋਂ ਪੁਲਿਸ ਹਿਰਾਸਤ ਵਿਚ ਮੌਤ ਦੇ ਮਾਮਲੇ ਨੇ ਤੂਲ ਫੜ ਲਈ ਹੈ। ਭੀੜ ਦੀ ਹਿੰਸਾ ਦੇ ਅਜਿਹੇ ਮਾਮਲੇ ਤੂਲ ਫੜਨੇ ਹੀ ਚਾਹੀਦੇ ਹਨ ਕਿਉਂਕਿ ਉਹ ਕਾਨੂੰਨ ਦੇ ਰਾਜ ਨੂੰ ਛਿੱਕੇ ਟੰਗਣ ਦੇ ਨਾਲ-ਨਾਲ ਅਰਾਜਕਤਾ ਵਾਲੇ ਮਾਹੌਲ ਨੂੰ ਵੀ ਬਿਆਨ ਕਰਦੇ ਹਨ। ਝਾਰਖੰਡ ਦੀ ਇਸ ਘਟਨਾ ਨੂੰ ਕੇਂਦਰੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਲੂ-ਕੰਡੇ ਖੜ੍ਹੇ ਕਰਨ ਵਾਲਾ ਅਪਰਾਧ ਦੱਸਦੇ ਹੋਏ ਇਹ ਸਹੀ ਕਿਹਾ ਕਿ ਲੋਕਾਂ ਨੂੰ ਕੁੱਟ ਕੇ ਨਹੀਂ ਸਗੋਂ ਗਲੇ ਲਗਾ ਕੇ ਹੀ ਸ੍ਰੀਰਾਮ ਦਾ ਨਾਅਰਾ ਲਗਵਾਇਆ ਜਾ ਸਕਦਾ ਹੈ।

ਭੀੜ ਨੇ ਚੋਰੀ ਕਰ ਰਹੇ ਨੌਜਵਾਨ ਨੂੰ ਫੜ ਕੇ ਠੀਕ ਕੀਤਾ ਪਰ ਇਹ ਬਿਲਕੁਲ ਚੰਗਾ ਨਹੀਂ ਕੀਤਾ ਕਿ ਉਸ ਨੇ ਉਸ ਨੂੰ ਅੱਧ-ਮੋਇਆ ਕਰਨ ਮਗਰੋਂ ਪੁਲਿਸ ਦੇ ਹਵਾਲੇ ਕੀਤਾ। ਇਹ ਅਰਾਜਕਤਾ ਤੋਂ ਬਿਨਾਂ ਕੁਝ ਵੀ ਨਹੀਂ ਹੈ। ਇਹ ਫ਼ਿਕਰ ਵਾਲੀ ਗੱਲ ਹੈ ਕਿ ਭੀੜ ਦੀ ਹਿੰਸਾ ਦੇ ਅਜਿਹੇ ਮਾਮਲੇ ਵਧਦੇ ਜਾ ਰਹੇ ਹਨ ਜਿਨ੍ਹਾਂ ਵਿਚ ਕਾਨੂੰਨ-ਵਿਵਸਥਾ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਹੁਣ ਤਾਂ ਪੁਲਿਸ, ਡਾਕਟਰ ਅਤੇ ਹੋਰ ਸਰਕਾਰੀ-ਗ਼ੈਰ ਸਰਕਾਰੀ ਲੋਕ ਵੀ ਭੀੜ ਦੀ ਹਿੰਸਾ ਦਾ ਸ਼ਿਕਾਰ ਬਣਨ ਲੱਗੇ ਹਨ। ਇਹ ਖ਼ਤਰਨਾਕ ਸੰਕੇਤ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਇਹੋ ਦਰਸਾਉਂਦੀਆਂ ਹਨ ਕਿ ਕਾਨੂੰਨ ਦੇ ਸ਼ਾਸਨ ਨੂੰ ਲੋੜੀਂਦੀ ਮਹੱਤਤਾ ਨਹੀਂ ਦਿੱਤੀ ਜਾ ਰਹੀ। ਕਾਨੂੰਨ ਹੱਥ 'ਚ ਲੈ ਕੇ ਅਰਾਜਕਤਾ ਵਾਲਾ ਵਿਵਹਾਰ ਕਰਨ ਦੀ ਆਗਿਆ ਕਿਸੇ ਨੂੰ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਅਜਿਹਾ ਵਿਵਹਾਰ ਸ਼ਾਂਤੀ ਵਿਵਸਥਾ ਨੂੰ ਚੁਣੌਤੀ ਦੇਣ ਦੇ ਨਾਲ ਹੀ ਦੇਸ਼ ਦੀ ਕੌਮਾਂਤਰੀ ਪੱਧਰ 'ਤੇ ਬਦਨਾਮੀ ਵੀ ਕਰਵਾਉਂਦਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਇਸ ਪ੍ਰਤੀ ਚੇਤੰਨ ਹੋਣਾ ਹੀ ਪਵੇਗਾ ਕਿ ਭੀੜ ਦੀ ਹਿੰਸਾ ਦੇ ਮਾਮਲੇ ਰੁਕਣ। ਇਸ ਵਾਸਤੇ ਪੁਲਿਸ ਸੁਧਾਰਾਂ 'ਤੇ ਧਿਆਨ ਦੇਣਾ ਹੋਵੇਗਾ।

ਆਖ਼ਰ ਪੁਲਿਸ-ਪ੍ਰਸ਼ਾਸਨ ਵੱਲੋਂ ਜੋ ਸਰਗਰਮੀ ਹੁਣ ਦਿਖਾਈ ਜਾ ਰਹੀ ਹੈ, ਉਹ ਸਮਾਂ ਰਹਿੰਦੇ ਕਿਉਂ ਨਹੀਂ ਵਿਖਾਈ ਗਈ? ਭੀੜ ਦੀ ਅਰਾਜਕਤਾ 'ਤੇ ਰੋਕ ਲਗਾਉਣ ਦੇ ਨਾਲ ਹੀ ਉਸ ਬਿਰਤੀ 'ਤੇ ਵੀ ਰੋਕ ਲੱਗਣੀ ਚਾਹੀਦੀ ਹੈ ਜਿਸ ਤਹਿਤ ਹਿੰਸਕ ਘਟਨਾਵਾਂ ਨੂੰ ਰੋਕਣ ਦੀ ਥਾਂ ਉਨ੍ਹਾਂ ਦੀ ਵੀਡੀਓ ਬਣਾ ਕੇ ਉਸ ਨੂੰ ਸੋਸ਼ਲ ਮੀਡੀਆ 'ਤੇ ਅਪਲੋਡ ਕਰਨਾ ਬਿਹਤਰ ਸਮਝਿਆ ਜਾਂਦਾ ਹੈ। ਅਜਿਹੇ ਵੀਡੀਓ ਮਾਹੌਲ ਖ਼ਰਾਬ ਕਰਨ ਦਾ ਹੀ ਕੰਮ ਕਰਦੇ ਹਨ। ਭੀੜ ਦੀ ਹਿੰਸਾ ਦੇ ਹਰੇਕ ਮਾਮਲੇ ਦੀ ਬਿਨਾਂ ਕਿਸੇ ਕਿੰਤੂ-ਪ੍ਰੰਤੂ ਨਿੰਦਾ ਹੋਣੀ ਵੀ ਜ਼ਰੂਰੀ ਹੈ। ਤਬਰੇਜ਼ ਅੰਸਾਰੀ ਦੇ ਪਰਿਵਾਰ ਨੂੰ ਨਿਆਂ ਮਿਲੇ, ਇਸ ਦੀ ਚਿੰਤਾ ਕਰਦੇ ਸਮੇਂ ਇਹ ਵੀ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਨਿਆਂ ਦੀ ਜ਼ਰੂਰਤ ਮਥੁਰਾ ਦੇ ਉਸ ਲੱਸੀ ਵਿਕਰੇਤਾ ਦੇ ਪਰਿਵਾਰ ਨੂੰ ਵੀ ਹੈ ਜੋ ਕੁਝ ਦਿਨ ਪਹਿਲਾਂ ਭੀੜ ਦੀ ਹਿੰਸਾ ਦਾ ਸ਼ਿਕਾਰ ਬਣਿਆ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਮੁਤੱਸਬੀ ਲਿਖਾਰੀਆਂ ਅਤੇ ਸੰਪ੍ਰਦਾਈ ਸਾਧਾਂ ਵੱਲੋਂ ਬੰਦਾ ਸਿੰਘ ਬਹਾਦਰ 'ਤੇ ਲਾਏ ਇਲਜ਼ਾਮ ਸਰਾਸਰ ਝੂਠੇ!

ਵੈਸੇ ਤਾਂ ਇਨ੍ਹਾਂ ਭਦਰਪੁਰਸ਼ਾਂ ਨੇ ਕਿਸੇ ਵੀ ਮਹਾਂਨ ਭਗਤ, ਗੁਰੂ ਅਤੇ ਸਿੱਖ ਨੂੰ ਨਹੀਂ ਬਖਸ਼ਿਆ ਕਿ ਉਸ ਤੇ ਕੋਈ ਨਾਂ ਕੋਈ ਇਲਜ਼ਾਮ ਨਾਂ ਲਾਇਆ ਹੋਵੇ ਪਰ ਜੋ ਗਲਤ ਤਸਵੀਰ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਇਨ੍ਹਾਂ ਲੋਕਾਂ ਨੇ ਖਿੱਚੀ ਹੈ ਆਓ ਉਸ ਬਾਰੇ ਵਿਚਾਰ ਕਰੀਏ ਕਿ ਕੀ ਗੁਰਮਤਿ ਅਨੁਸਾਰ ਉਹ ਠੀਕ ਹੈ? ਇਹ ਲੋਕ ਬਾਬਾ ਬੰਦਾ ਸਿੰਘ ਜੀ ਤੇ ਦੋਸ਼ ਲਾਉਂਦੇ ਹਨ ਕਿ, *ਗੁਰੂ ਗੋਬਿੰਦ ਸਿੰਘ ਨੇ ਕਿਹਾ ਸੀ ਵਿਆਹ ਨਾਂ ਕਰਵਾਈਂ ਪਰ ਉਸ ਨੇ ਵਿਆਹ ਕਰਵਾ ਲਿਆ ਸੀ, ਗੁਰੂ ਨਾ ਅਖਵਾਈਂ ਉਹ ਗੁਰੂ ਅਖਵਾਉਣ ਲੱਗ ਪਿਆ ਸੀ ਅਤੇ ਉਹ ਫ਼ਤਿਹ ਦਰਸ਼ਨ ਬੁਲਾਉਂਦਾ ਸੀ* ਸਾਧ ਸੰਗਤ ਜੀ! ਕੀ ਵਿਆਹ ਕਰਵਾਉਣਾ ਕੋਈ ਗੁਨਾਹ ਹੈ? ਕੀ ਗੁਰੂਆਂ ਭਗਤਾਂ ਨੇ ਵਿਆਹ ਨਹੀਂ ਕਰਵਾਏ ਸਨ? ਵਿਆਹ ਕਰਵਾਉਣਾ ਕੋਈ ਗੁਨਾਹ ਨਹੀਂ ਅਤੇ ਗੁਰੂਆਂ ਭਗਤਾਂ ਨੇ ਵੀ ਵਿਆਹ ਕਰਵਾਏ ਸਨ। ਸੰਸਾਰ ਦੀ ਉਤਪਤੀ ਵਾਸਤੇ ਇਸਤਰੀ-ਪੁਰਸ਼ ਦਾ ਜੋੜਾ ਪ੍ਰਮਾਤਮਾਂ ਨੇ ਬਣਾਇਆ ਹੈ ਕਿਸੇ ਮਨੁੱਖ ਨੇ ਨਹੀਂ ਅਤੇ ਅੱਗੇ ਇਸ ਨੂੰ ਚਲਦੇ ਰੱਖਣਾ ਵੀ ਉਸੇ ਦੀ ਰਜ਼ਾ ਵਿੱਚ ਹੈ। ਸਮਾਜ ਵਿੱਚ ਇਨਸਾਨ ਨੂੰ ਇਜ਼ਤ ਨਾਲ ਜੀਵਣ ਬਤਾਉਣ ਲਈ ਮਨੁੱਖਤਾ ਵਿੱਚ ਵਿਆਹ ਪਰੰਪਰਾ ਚੱਲੀ ਜੋ ਪਛੂ ਪੰਛੀਆਂ ਵਿੱਚ ਨਹੀਂ ਹੈ। ਇਨਸਾਨਾਂ ਵਿੱਚ ਰਿਸ਼ਤੇਦਾਰੀਆਂ ਹਨ-ਦਾਦਾ ਹੈ ਦਾਦੀ ਹੈ, ਮਾਂ ਹੈ ਪਿਓ ਹੈ, ਭੈਣ ਹੈ ਭਰਾ ਹੈ, ਚਾਚਾ ਹੈ ਚਾਚੀ ਹੈ, ਮਾਮਾ ਹੈ ਮਾਮੀ ਹੈ ਇਵੇਂ ਹੀ ਪਤੀ ਹੈ ਪਤਨੀ ਹੈ। ਮਨੁੱਖ ਪਛੂ ਨਹੀਂ ਜੋ ਵਿਆਹ ਨਾਂ ਕਰਵਾਵੇ ਜਾਂ ਉਸ ਨੂੰ ਮਾਂ ਭੈਣ ਦੀ ਪਛਾਣ ਨਾਂ ਹੋਵੇ ਹਾਂ ਇਹ ਵੱਖਰੀ ਗੱਲ ਹੈ ਕਿ ਕਿਸੇ ਖਾਸ ਕਾਰਣ ਵਿਆਹ ਨਹੀਂ ਹੋਇਆ ਜਾਂ ਨਹੀਂ ਕਰਵਾਇਆ। ਗੁਰਮਤਿ ਵਿੱਚ ਗ੍ਰਹਿਸਤ ਧਰਮ ਨੂੰ ਮਹਾਨਤਾ ਦਿੱਤੀ ਗਈ ਹੈ-ਗ੍ਰਹਿਸਤਨ ਮਹਿ ਤੂ ਬਡੋ ਗ੍ਰਹਿਸਤੀ॥ (ਗੁਰੂ ਗ੍ਰੰਥ) ਸਗਲ ਧਰਮ ਮਹਿ ਗ੍ਰਹਿਸਤ ਪ੍ਰਧਾਨ ਹੈ (ਭਾ.ਗੁ) ਫਿਰ ਗੁਰੂ ਜੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਕਿਵੇਂ ਕਹਿ ਸਕਦੇ ਸਨ ਕਿ ਤੂੰ ਵਿਆਹ ਨਹੀਂ ਕਰਵਾਉਣਾ ਜਦ ਕਿ ਗੁਰੂ ਸਹਿਬਾਨ ਖੁਦ ਗ੍ਰਹਿਸਤੀ ਸਨ। ਅੱਜ ਦੇ ਡੇਰੇਦਾਰ ਸੰਘ ਪਾੜ ਪਾੜ ਕੇ ਕਹਿ ਰਹੇ ਹਨ ਕਿ ੬ਵੇਂ ਗੁਰੂ ਦੇ ਤਿੰਨ, ੭ਵੇਂ ਦੇ ਸੱਤ ਅਤੇ ੧੦ਵੇਂ ਦੇ ਵੀ ਤਿੰਨ ਵਿਆਹ ਸਨ। ਇੱਕ ਸਾਧ ਪਿਹੋਵੇ ਵਾਲੇ ਨੇ ਤਾਂ ਇੱਕ ਦੀਵਾਨ ਵਿੱਚ ਏਨਾਂ ਕੁਫਰ ਤੋਲਿਆ ਕਿ ਸੰਗਤੇ ਤੁਸੀਂ ਦੱਸੋਗੇ ਕਿ ੭ ਵੇਂ ਪਾਤਸ਼ਾਹ ਗੁਰੂ ਕਿਵੇਂ ਬਣੇ ਸਨ? ਨਹੀਂ ਪਤਾ ਤਾਂ ਸੁਣ ਲਉ ਕੰਨ ਖੋਲ੍ਹ ਕੇ ਕਿ ਉਨ੍ਹਾਂ ਨੇ ੭ ਲੱਖ ਜਪੁਜੀ ਸਾਹਿਬ ਅਤੇ ੭ ਲੱਖ ਹੀ ਸੁਖਮਨੀ ਸਾਹਿਬ ਦੇ ਪਾਠ ਅਤੇ ਸੱਤਾਂ ਹੀ ਭੈਣਾ ਨਾਲ ਵਿਆਹ ਕਰਵਾਇਆ ਸੀ ਤਾਂ ਸਤਵੇਂ ਗੁਰੂ ਬਣੇ ਸਨ। ਪਾਠਕ ਜਨ ਸੋਚਣ ਕਿ ਕੀ ਗੁਰੂ ਅਜਿਹਾ ਕਰ ਸਕਦਾ ਹੈ? ਗੁਰੂ ਹਰਰਾਏ ਜੀ ਦਾ ਦਸ ਬਾਰਾਂ ਸਾਲ ਦੀ ਉਮਰ ਵਿੱਚ ਵਿਆਹ ਹੋਇਆ ਉਸ ਵੇਲੇ ਗੁਰੂ ਜੀ ਦੀ ਧਰਮ ਪਤਨੀ ਦੀ ਉਮਰ ਦਸ ਸਾਲ ਦੱਸੀ ਜਾਂਦੀ ਹੈ ਜੇ ਸੱਤਾਂ ਭੈਣਾ ਚੋਂ ਵੱਡੀ ਦਸ ਸਾਲ ਦੀ ਹੈ ਤਾਂ ਸਭ ਤੋਂ ਛੋਟੀ ਤਾਂ ਅਜੇ ਜੰਮੀ ਵੀ ਨਹੀਂ ਹੋਵੇਗੀ ਤਾਂ ਗੁਰੂ ਨੇ ਸੱਤਾਂ ਨਾਲ ਵਿਆਹ ਕਿਵੇਂ ਕਰਵਾ ਲਿਆ? ਐਸੇ ਸਾਧਾਂ ਨੂੰ ਸ਼ਰਮ ਅਉਣੀ ਚਾਹੀਦੀ ਹੈ ਜੋ ਆਪ ਤਾਂ ਵਿਆਹ ਕਰਾਉਂਦੇ ਨਹੀਂ ਸਗੋਂ ਪਰਾਈਆਂ ਔਰਤਾਂ ਨਾਲ ਆਏ ਦਿਨ ਖੇਹ ਖਾਂਦੇ ਹਨ ਅਤੇ ਪ੍ਰਚਾਰ ਇਹ ਕਰਦੇ ਹਨ ਕਿ ਗੁਰੂ ਹਰਰਾਏ ਜੀ ਨੇ ੭ ਵਿਆਹ ਕਰਵਾਏ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨੂੰ ਹੁਕਮ ਕੀਤਾ ਕਿ ਤੂੰ ਵਿਆਹ ਨਹੀਂ ਕਰਵਾਉਣਾ ਇਹ ਕਿਧਰ ਦੀ ਸਿੱਖੀ ਹੈ? ਪੁੱਛੋ ਜਰਾ ਇਨ੍ਹਾਂ ਪਾਖੰਡੀ ਸਾਧਾਂ ਨੂੰ! ਅੱਜ ਸਾਡੀ ਅੱਣਖ ਕਿਉਂ ਮਰ ਗਈ ਹੈ ਕਿ ਅਜਿਹੇ ਡੇਰੇਦਾਰ ਸਾਧ ਸਾਡੀਆਂ ਦੀਆਂ ਭੈਣਾ ਦੀ ਇਜ਼ਤ ਲੁੱਟ ਰਹੇ ਹਨ ਤੇ ਸਾਡਾ ਬਹੁਤਾ ਲਾਣਾ ਡਾਰਾਂ ਬੰਨ੍ਹੀ ਇਨ੍ਹਾਂ ਦੇ ਡੇਰਿਆਂ ਤੇ ਭੱਜਾ ਜਾ ਰਿਹਾ ਹੈ ਕਿਉਂ? ਦੂਜਾ ਇਹ ਇਲਜ਼ਾਮ ਲਉਂਦੇ ਹਨ ਕਿ ਬੰਦਾ ਸਿੰਘ ਗੁਰੂ ਅਖਵਾਉਣ ਲੱਗ ਪਿਆ ਸੀ ਤੇ ਓਨ੍ਹੇ ਫ਼ਤਿਹ ਵੀ ਬਦਲ ਦਿੱਤੀ ਸੀ। ਸਾਧ ਸੰਗਤ ਅਤੇ ਪਾਠਕ ਜਨੋ ਜਰਾ ਠੰਡੇ ਦਿਮਾਗ ਨਾਲ ਸੋਚੋ ਕਿ ਜੇ ਬੰਦਾ ਸਿੰਘ ਅਜਿਹਾ ਕਰਦਾ ਹੂੰਦਾ ਤਾਂ ਜ਼ਾਲਮ ਸਰਕਾਰ ਉਸ ਨੂੰ ਭਿਆਨਕ ਤਸੀਹੇ ਕਿਉਂ ਦਿੰਦੀ? ਜ਼ਾਲਮ ਸਰਕਾਰਾਂ ਤਾਂ ਹਮੇਸ਼ਾਂ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚੱਲਦੀਆਂ ਹਨ। ਜੇ ਬਾਬਾ ਬੰਦਾ ਸਿੰਘ ਬਹਾਦਰ ਪੰਥ ਤੋਂ ਬਾਗੀ ਹੋ ਗਿਆ ਹੁੰਦਾ ਜਾਂ ਗੁਰੂ ਬਣ ਬੈਠਾ ਹੂੰਦਾ ਤਾਂ ਉਸ ਨੇ ਹਕੂਮਤ ਦਾ ਸਾਥ ਦੇਣਾ ਸੀ ਨਾਂ ਕਿ ਖ਼ਾਲਸਾ ਪੰਥ ਦਾ। ਦੇਖੋ ਬਾਬਾ ਬੰਦਾ ਸਿੰਘ ਦੀ ਬਹਾਦਰੀ ਉਸ ਨੇ ਪੰਥ ਦੋਖੀਆਂ ਨੂੰ ਚੁਣ ਚੁਣ ਸਜਾਵਾਂ ਦਿੱਤੀਆਂ, ਮਾਸੂਮ ਸਾਹਿਬਜ਼ਾਦਿਆਂ ਦੇ ਨਿਰਦਈ ਕਾਤਲਾਂ ਅਤੇ ਸੂਬਾ ਸਰਹੰਦ ਵਰਗੇ ਵਜੀਰ ਖਾਂ ਨੂੰ ਘੋੜਿਆਂ ਮਗਰ ਬੰਨ੍ਹ ਕੇ ਕੰਡਿਆਲੀਆਂ ਝਾੜੀਆਂ ਵਿੱਚ ਧੂਅ ਧੂਅ ਕੇ ਕੀਤੀ ਦਾ ਫਲ ਭੁਗਤਾਇਆ। ਸਰਹੰਦ ਦੀ ਇੱਟ ਨਾਲ ਇੱਟ ਖੜਕਾਈ, ਖ਼ਾਲਸਾ ਰਾਜ ਕਾਇਮ ਕੀਤਾ ਅਤੇ ਆਪਣੇ ਨਾਂ ਦੀ ਥਾਂ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਨਾਮ ਦਾ ਸਿੱਕਾ ਚਲਾਇਆ। ਜਿਮੀਦਾਰਾ ਸਿਸਟਮ ਖਤਮ ਕਰਕੇ ਜ਼ਮੀਨ ਕੰਮ ਕਰਨ ਵਾਲੇ, ਹਲ ਵਾਹਕ ਕਿਰਤੀ ਕਿਰਸਾਨਾਂ ਵਿੱਚ ਵੰਡ ਦਿੱਤੀ। ਮੁਗਲਾਂ ਵੱਲੋਂ ਉਜਾੜੇ ਪ੍ਰਵਾਰਾਂ ਨੂੰ ਵਸਾਇਆ, ਹਿੰਦੂਆਂ ਦੀਆਂ ਬਹੂ ਬੇਟੀਆਂ ਉਨ੍ਹਾਂ ਦੇ ਘਰੀਂ ਵਸਾਈਆਂ। ਅੱਠ ਸਾਲ ਇਨਸਾਫ ਦਾ ਰਾਜ ਕੀਤਾ ਅਤੇ ਲੋਕ ਦਿੱਲੀ ਦੇ ਤਖ਼ਤ ਨੂੰ ਛੱਡ ਬਾਬਾ ਜੀ ਦੀ ਸ਼ਰਣ ਵਿੱਚ ਆਉਣ ਲੱਗੇ। ਬਾਬਾ ਜੀ ਦਾ ਰਾਜ ਨਿਰਪੱਖ ਸੀ ਉਸ ਦੀ ਫੌਜ ਵਿੱਚ 5000 ਮੁਸਲਮਾਨ ਸਿਪਾਹੀ ਵੀ ਭਰਤੀ ਸਨ ਅਤੇ ਉਨ੍ਹਾਂ ਨੇ ਢੱਠੀਆਂ ਮਸਜਿਦਾਂ ਦੀ ਵੀ ਉਸਾਰੀ ਕਰਵਾਈ ਪਰ ਕੁਝ ਫਿਰਕਾਪ੍ਰਸਤ ਮੁਸਲਮਾਨਾਂ ਨੇ ਬਾਬਾ ਜੀ ਨੂੰ ਦਰਿੰਦਾ ਪੇਸ਼ ਕੀਤਾ ਕਿਉਂਕਿ ਉਨ੍ਹਾਂ ਦੇ ਕੀਤੇ ਜ਼ੁਲਮਾਂ ਦੇ ਬਦਲੇ ਬਾਬਾ ਜੀ ਨੇ ਗਿਣ ਗਿਣ ਲਏ ਸਨ ਅਤੇ ਕੁਝ ਫਿਰਕਾਪ੍ਰਸਤ ਹਿੰਦੂ ਲਿਖਾਰੀਆਂ ਨੇ ਵਰ ਸਰਾਪ ਦੀਆਂ ਕਹਾਣੀਆਂ ਜੋੜ ਕੇ ਬਾਬਾ ਜੀ ਦੇ ਸੱਚੇ ਸੁੱਚੇ ਇਤਿਹਾਸ ਨਾਲ ਬੇਇੰਨਸਾਫੀ ਕੀਤੀ ਅਤੇ ਹੁਣ ਵੀ ਕਰ ਰਹੇ ਹਨ।

ਅਖੀਰ ਜਦ ਬਾਬਾ ਜੀ ਆਪਣੇ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿੱਚ ਘਿਰ ਜਾਂਦੇ ਹਨ ਅਤੇ ਆਪਣੇ ਹੀ ਕੁਝ ਸਾਥੀ ਬਾਬਾ ਬਿਨੋਧ ਸਿੰਘ ਵਰਗੇ ਔਖੇ ਵੇਲੇ ਸਾਥ ਛੱਡ ਜਾਂਦੇ ਹਨ ਤਾਂ ਬਾਬਾ ਜੀ ਫਿਰ ਵੀ ਮੁੱਠੀ ਭਰ ਸਾਥੀਆਂ ਸਮੇਤ ਜ਼ਾਲਮਾਂ ਦਾ ਮੁਕਾਬਲਾ ਕਰਦੇ ਹਨ, ਸਰਕਾਰੀ ਜ਼ਲਮਾਂ ਨੇ ਲੰਬਾ ਸਮਾਂ ਗੜ੍ਹੀ ਨੂੰ ਘੇਰਾ ਪਾਈ ਰੱਖਿਆ ਅਤੇ ਸਭ ਪ੍ਰਕਾਰ ਦੀ ਰਸਤ ਪਾਣੀ ਦੇ ਰਸਤੇ ਬੰਦ ਕਰ ਦਿੱਤੇ। ਜਦੋਂ ਗੜ੍ਹੀ ਅੰਦਰ ਸਾਰਾ ਰਾਸ਼ਨ ਪਾਣੀ ਖਤਮ ਹੋ ਗਿਆ ਤਾਂ ਸਿੰਘਾਂ ਨੇ ਰੁਖਾਂ ਦੇ ਪੱਤੇ ਅਤੇ ਮਿੱਟੀ ਵੀ ਪੁੱਟ-ਪੁੱਟ ਖਾਦੀ-ਇਤਿਹਾਸਕਾਰ ਲਿਖਦਾ ਹੈ ਕਿ *ਸੇਰ ਪਾਉ ਕੀ ਕਹਾਂ ਕਹਣੀ ਮਿੱਟੀ ਕਉ ਸਿੰਘ ਗਿਲਹੀ* ਘੋੜੇ ਵੀ ਵੱਢ-ਵੱਢ ਖਾਦੇ, ਬਜੁਰਗਾਂ ਨੇ ਆਪਣੇ ਪੱਟਾਂ ਦਾ ਮਾਸ ਕੱਢ-ਕੱਢ ਨੌਜਵਾਨਾਂ ਨੂੰ ਖਵਾਇਆ ਤਾਂ ਕਿ ਇਹ ਜਵਾਨ ਹੋਰ ਮੁਕਾਬਲਾ ਕਰ ਸਕਣ। ਆਖਰ ਜਦ ਸਭ ਕੁਝ ਰਸਤਾਂ-ਬਸਤਾਂ, ਘੋੜੇ ਅਤੇ ਸ਼ਸ਼ਤਰ-ਬਸਤਰ ਖਤਮ ਹੋ ਗਏ ਅਤੇ ਬਹੁਤ ਸਾਰੇ ਸਿੰਘ ਸ਼ਹੀਦੀਆਂ ਪਾ ਗਏ ਤਾਂ ਬਾਕੀ ਬਚੇ ਸਿੰਘ ਸਿੰਘਣੀਆਂ ਸਮੇਤ ਬਾਬਾ ਜੀ ਨੂੰ ਵੀ ਗ੍ਰਿਫਤਾਰ ਕਰਕੇ ਦਿੱਲ੍ਹੀ ਲੈ ਆਂਦਾ ਗਿਆ ਅਤੇ ਈਨ ਮੰਨ ਕੇ ਇਸਲਾਮ ਕਬੂਲਣ ਲਈ ਕਿਹਾ ਗਿਆ ਪਰ ਬਾਬਾ ਜੀ ਨੇ ਰੋਹ ਵਿੱਚ ਆ ਇਹ ਮੰਗ ਠੁਕਰਾ ਦਿੱਤੀ ਅਤੇ ਬਾਕੀ ਸਾਥੀਆਂ ਨੂੰ ਵੀ ਲਾਲਚ ਦਿੱਤੇ ਗਏ ਪਰ ਇੱਕ ਨੇ ਵੀ ਜ਼ਾਲਮ ਹਕੂਮਤ ਦੀ ਈਨ ਮੰਨ ਕੇ ਇਸਲਾਮ ਕਬੂਲ ਨਾਂ ਕੀਤਾ ਸਗੋਂ ਖਿੜੇ ਮੱਥੇ ਸ਼ਹੀਦੀਆਂ ਪਾ ਗਏ।



ਅਵਤਾਰ ਸਿੰਘ ਮਿਸ਼ਨਰੀ
510-432-5827

ਜਦ ਬਾਬਾ ਜੀ ਈਨ ਮੰਨ ਇਸਲਾਮ ਕਬੂਲ ਨਾਂ ਕੀਤਾ, ਤਾਂ ਬਾਬਾ ਜੀ ਦੇ ਚਾਰ ਸਾਲ ਦੇ ਮਾਸੂਮ ਬੱਚੇ, ਅਜੈ ਸਿੰਘ ਦਾ ਦਿਲ ਕੱਢ ਕੇ, ਬਾਬਾ ਜੀ ਦੇ ਮੂੰਹ ਵਿੱਚ ਤੁੰਨਿਆਂ ਗਿਆ, ਹੱਥ ਪੈਰ ਕੱਟ ਦਿੱਤੇ ਗਏ, ਅੱਖਾਂ ਕੱਢ ਦਿੱਤੀਆਂ ਗਈਆਂ ਅਤੇ ਗਰਮ ਜੰਮੂਰਾਂ ਨਾਲ ਮਾਸ ਨੋਚ ਨੋਚ ਕੇ ਸਰੀਰ ਤੋਂ ਵੱਖ ਕਰ ਦਿੱਤਾ ਪਰ ਬਾਬਾ ਬੰਦਾ ਸਿੰਘ ਜੀ ਬਹਾਦਰ ਸਿੱਖੀ ਸਿੱਦਕ ਕੇਸਾਂ ਸਵਾਸਾਂ ਅਤੇ ਅੱਣਖ ਨਾਲ ਨਿਭ੍ਹਾਉਂਦਾ ਹੋਇਆ ਅਤੇ ਜ਼ਾਲਮਾਂ ਦੇ ਦਿਲ ਧੜਕਾਉਂਦਾ ਹੋਇਆਂ ਸ਼ਹੀਦ ਹੋ, ਸਦਾ ਲਈ ਅਮਰ ਹੋ ਗਿਆ। ਪਰ ਸਾਡੇ ਅਖੌਤੀ ਪ੍ਰਚਾਰਕ ਅਤੇ ਸੰਪ੍ਰਦਾਈ ਡੇਰੇਦਾਰ, ਉਸ ਲਾਸਾਨੀ ਸੂਰਮੇ ਬਾਰੇ ਘਟੀਆ ਇਲਜ਼ਾਮ ਲਾਉਣ ਤੋਂ ਜਰਾ ਜਿਨੇ ਵੀ ਨਹੀਂ ਸ਼ਰਮਾਏ ਅਖੇ ਉਨ੍ਹੇ ਵਿਆਹ ਕਰਵਾ ਲਿਆ ਸੀ, ਉਹ ਗੁਰੂ ਕਹਾਉਣ ਲੱਗ ਪਿਆ ਸੀ। ਤੁਸੀਂ ਤਾਂ ਭਾਈ ਮਰਦਾਨਾ ਜੀ ਨੂੰ ਸਦਾ ਭੁੱਖਾ ਸਿੱਧ ਕੀਤਾ, ਭਾਈ ਗੁਰਦਾਸ ਜੀ ਨੂੰ ਭਗੌੜਾ, ਪੰਥ ਦੇ ਵਿਦਵਾਨ ਜਰਨੈਲ ਭਾਈ ਮਨੀ ਸਿੰਘ ਜੀ ਨੂੰ ਪੋਥੀਆਂ ਗੁਟਕੇ ਲਿਖਣ ਕਰਕੇ ਗੁਰੂ ਦੇ ਅੰਗ ਕੱਟਣ ਦਾ ਦੋਸ਼ ਲਾਕੇ ਭਾਈ ਸਾਹਿਬ ਜੀ ਦੀ ਲਾਸਾਨੀ ਸ਼ਹੀਦੀ ਨੂੰ ਇਹ ਕਹਿ ਕੇ ਰੋਲ ਦਿੱਤਾ ਕਿ ਇਹ ਤਾਂ ਗੁਰੂ ਦਾ ਸਰਾਫ ਸੀ। ਕੀ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਪ੍ਰਚਾਰ ਕਰਨਾ ਜ਼ੁਰਮ ਹੈ? ਜਦ ਕਿ ਭਾਈ ਗੁਰਦਾਸ ਜੀ ਲਿਖਦੇ ਹਨ ਕਿ-ਗੁਰਬਾਣੀ ਲਿਖ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੈ॥ ਅਸੀਂ ਬਿਨਾ ਸੋਚੇ ਸਮਝੇ ਇਨ੍ਹਾਂ ਸੰਪ੍ਰਦਾਈ ਡੇਰੇਦਾਰਾਂ ਨੂੰ ਪੰਥ ਸਮਝੀ, ਇਨ੍ਹਾਂ ਦੀ ਗੁਰੂ ਨਾਲੋਂ ਵੀ ਵੱਧ ਪੂਜਾ ਕਰੀ ਜਾ ਰਹੇ ਹਾਂ। ਅੱਜ ਸਿੱਖ ਗੁਰੂ ਦੀ ਗੱਲ (ਨਿਰੋਲ ਗੁਰਬਾਣੀ) ਤੇ ਭਾਵੇਂ ਅਮਲ ਨਾਂ ਕਰੇ ਪਰ ਇਨ੍ਹਾਂ ਅਕ੍ਰਿਤਘਣ ਸਾਧਾਂ ਦੀ ਚਟਕੀਲੀ ਕਥਾ ਗੁਰਦੁਆਰਿਆਂ ਵਿੱਚ ਬੜੀ ਮਸਤੀ ਨਾਲ ਸੁਣਦਾ ਹੈ ਐਸਾ ਕਿਉਂ? ਜਰਾ ਸੋਚੋ! ਜਿਹੜੇ ਸਾਧ ਡੇਰੇਦਾਰ ਸੰਪ੍ਰਦਾਈ ਸਾਡੇ ਗੁਰੂਆਂ ਭਗਤਾਂ ਅਤੇ ਕੌਮੀ ਜਥੇਦਾਰ ਜਰਨੈਲਾਂ ਤੇ ਸ਼ਰੇਆਮ ਦੋਸ਼ ਲਾ ਰਹੇ ਹਨ ਉਹ ਸਾਡਾ ਕੀ ਸਵਾਰਨਗੇ? ਸਾਨੂੰ ਉਨ੍ਹਾਂ ਸਭ ਗੁਰਦੂਆਰਾ ਪ੍ਰਬੰਧਕ ਕਮੇਟੀਆਂ ਅਤੇ ਜਥੇਬੰਦੀਆਂ ਦੇ ਤਹਿ ਦਿਲੋਂ ਧੰਨਵਾਦੀ ਤੇ ਰਿਣੀ ਹੋਣਾਂ ਚਾਹੀਦਾ ਹੈ ਜਿਨ੍ਹਾਂ ਨੇ ਅਜਿਹੇ ਸਾਧ ਪ੍ਰਚਾਰਕਾਂ ਨੂੰ ਸਟੇਜਾਂ ਤੇ ਬੁਲਾਉਣਾ ਬੰਦ ਕਰ ਦਿੱਤਾ ਹੈ।

ਭਾਈ ਜੇ ਖ਼ਾਲਸਾ ਪੰਥ ਦਾ ਬੋਲ ਬਾਲਾ ਕਰਨਾ ਹੈ ਤਾਂ ਇਨਾਂ ਸਿੱਖੀ ਭੇਸ ਵਿੱਚ ਵਿਚਰ ਕੇ, ਕੌਮ ਦੀ ਹੋਂਦ ਤੇ ਕੌਮੀ ਸਰਮਾਇਆਂ ਲੁੱਟ ਰਹੇ ਸਾਧਾਂ, ਅਖੌਤੀ ਲੀਡਰਾਂ, ਡੇਰੇਦਾਰ ਪ੍ਰਚਾਰਕਾਂ ਅਤੇ ਅਖੌਤੀ ਜਥੇਦਾਰਾਂ ਦਾ ਪੂਰਨ ਬਾਈਕਾਟ ਕਰਨਾ ਹੋਵੇਗਾ। ਸਿੱਖ ਇਤਿਹਾਸ ਉਹ ਹੀ ਠੀਕ ਹੈ ਜੋ ਗੁਰਬਾਣੀ ਦੀ ਕਸਵੱਟੀ ਅਤੇ ਗੁਰਮਤਿ ਸਿਧਾਂਤਾਂ ਤੇ ਪੂਰ ਉੱਤਰਦਾ ਹੈ। ਨਾਨਕ ਫਲਸਫੇ ਦੇ ਦੁਸ਼ਮਣਾਂ ਅਤੇ ਬ੍ਰਾਹਮਣਵਾਦੀ ਡੇਰੇਦਾਰ ਸਿੱਖਾਂ ਵੱਲੋਂ ਮਨਘੜਤ ਸੁਣੀਆਂ-ਸੁਣਾਈਆਂ ਕਥਾ-ਕਹਾਣੀਆਂ ਦੇ ਅਧਾਰ ਤੇ ਅਤੇ ਕੁਝ ਅੰਧ ਵਿਸ਼ਵਾਸ਼ ਤੇ ਕੁਝ ਬੇਈਮਾਨੀ ਸੋਚ ਨਾਲ ਲਿਖਿਆ ਮਿਲਗੋਭਾ ਇਤਿਹਾਸ ਸਾਰਾ ਠੀਕ ਨਹੀਂ ਹੈ, ਉਸ ਨੂੰ ਸੁਚੇਤ ਹੋ ਕੇ ਪੜ੍ਹਨ ਦੀ ਲੋੜ ਹੈ! ਸਾਡੇ ਕੌਮੀ ਜਰਨੈਲ ਕੌਮ ਦੇ ਹੀਰੇ ਹਨ ਜਿਨ੍ਹਾਂ ਨੂੰ ਇਹ ਸੰਪ੍ਰਦਾਈ ਸਾਧ ਰੋੜੇ ਬਣਾ ਕੇ ਪੇਸ਼ ਕਰ ਰਹੇ ਹਨ। ਵਾਸਤਾ ਰੱਬ ਦਾ ਗ੍ਰਿਹਸਤ ਤੋਂ ਭਗੌੜੇ ਭੇਖਧਾਰੀ ਅਤੇ ਬ੍ਰਾਹਮਣਵਾਦੀ ਸਾਧਾਂ ਵੱਲੋਂ ਫੈਲਾਏ ਅੰਧ ਵਿਸ਼ਵਾਸ਼ਾਂ ਤੋਂ ਬਚਣ ਲਈ ਆਪ ਗੁਰਬਾਣੀ, ਇਤਿਹਾਸ ਪੜ੍ਹੋ ਵਿਚਾਰੋ, ਧਾਰੋ ਅਤੇ ਉਸ ਅਨੁਸਾਰ ਸਾਧ ਮੁਰਾਦਾ ਚੜ੍ਹਦੀ ਕਲਾ ਅਤੇ ਬਿਬੇਕ ਬੁੱਧੀ (ਸੂਝ-ਬੂਝ) ਵਾਲਾ ਅਮਲੀ ਜੀਵਨ ਜੀਓ ਤਾਂ ਹੀ ਤੁਸੀਂ ਚੰਗੇ-ਮਾੜੇ ਦੀ ਪਰਖ ਕਰਕੇ ਭੇਖੀਆਂ ਤੋਂ ਆਪਣਾਂ ਅਤੇ ਆਪਣੇ ਦੋਸਤਾਂ ਮਿਤਰਾਂ ਸੰਗੀਆਂ ਦਾ ਬਚਾਅ ਕਰ ਸਕਦੇ ਹੋ। ਉਪ੍ਰੋਕਤ ਵਿਚਾਰਾਂ ਤੋਂ ਸਿੱਧ ਹੁੰਦਾ ਹੈ ਕਿ ਸਿੱਖ ਰਾਜ ਦੇ ਪਹਿਲੇ ਸਿੱਖ ਰਾਜੇ ਬਾਬਾ ਬੰਦਾ ਸਿੰਘ ਬਹਾਦਰ ਤੇ ਲਾਏ ਇਲਜਾਮ ਸਰਾਸਰ ਝੂਠੇ ਹਨ ਸਾਨੂੰ ਇਧਰ ਧਿਆਨ ਦੇਣ ਦੀ ਅਤਿਅੰਤ ਲੋੜ ਹੈ।

## ਸੰਪਾਦਕ ਦੇ ਨਾਂ ਪੱਤਰ

# ਵਿਚਾਰਾਂ ਨੂੰ ਵਿਅਕਤ ਕਰਨ ਦੀ ਆਜ਼ਾਦੀ

ਭਾਰਤ ਵਰਗੇ ਲੋਕਤਾਂਤਰਿਕ ਦੇਸ਼ ਵਿਚ ਹਰ ਨਾਗਰਿਕ ਨੂੰ ਆਪਣੇ ਵਿਚਾਰ ਪ੍ਰਕਾਰ ਕਰਨ ਲਈ ਭਾਰਤੀ ਸੰਵਿਧਾਨ ਦੀ ਧਾਰਾ 19(1) ਦੇ ਤਹਿਤ ਵਿਚਾਰਾਂ ਨੂੰ ਪ੍ਰਕਟ ਕਰਨ ਦਾ ਅਧਿਕਾਰ ਹੈ ਜਿਸਦੇ ਤਹਿਤ ਆਮ ਨਾਗਰਿਕ ਨੂੰ ਲਿਖ ਕੇ , ਬੋਲ ਕੇ ਜਾ ਸੂਚਨਾ ਦੁਵਾਰਾ ਆਪਣੇ ਵਿਚਾਰ ਸਾਂਝੇ ਕਰ ਸਕਦਾ ਹੈ । ਜਿਸ ਦੇ ਲਈ ਨਾਗਰਿਕ ਦੇ ਵਿਚਾਰ ਨੂੰ ਦਬਾਇਆ ਨਹੀਂ ਜਾਇਆ ਸਕਦਾ। ਪਰ ਕੀ ਸਾਨੂੰ ਕੁੱਝ ਵੀ ਬੋਲਣ ਦਾ ਹੱਕ ਹੈ? ਜੇ ਦੇਖਿਆ ਜਾਵੇ ਤਾਂ ਅੱਜ ਇਹਨਾਂ ਅਧਿਕਾਰਾਂ ਦਾ ਲੋਕ ਨਿਜਾਇੱਜ ਫ਼ਾਇਦਾ ਚੁੱਕ ਰਹੇ ਨੇ ਜਿਹਦੇ ਨਾਲ ਸਾਡੇ ਦੇਸ਼ ਵਿੱਚ ਨਫਰਤ ਦੀ ਭਾਵਨਾ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਹਾਲੇ ਪਿਛਲੇ ਦਿਨ ਪੱਤਰਕਾਰ ਪ੍ਰਸ਼ਾਂਤ ਕਣਯੋਜਿਆ ਨੇ ਸੋਸ਼ਲ ਮੀਡੀਆ ਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਯਾਨਾਥ ਤੇ ਅਭਦ੍ਰ ਟਿੱਪਣੀ ਕੀਤੀ। ਓਹਨਾ ਦੇ ਇਸ ਵਿਵਾਦਿਤ ਟਿੱਪਣੀ ਤੇ ਉਹਨਾਂ ਨੂੰ ਗਿਰਫ਼ਤਾਰ ਵੀ ਕੀਤਾ ਗਿਆ। ਇਹ ਮਾਮਲਾ ਸੁਪ੍ਰੀਮ ਕੋਰਟ ਤੇ ਵੀ ਗਿਆ ਪਰ ਕੋਰਟ ਨੇ ਇਹ ਕਹਿ ਕੇ ਉਹਨਾਂ ਨੂੰ ਰਿਹਾ ਕੀਤਾ ਕਿ ਕਿਸੇ ਵੀ ਨਾਗਰਿਕ ਨੂੰ ਉਸਦੇ ਨਿਜੀ ਵਿਚਾਰ ਕਰਕੇ ਉਸਨੂੰ ਗਿਰਫ਼ਤਾਰ ਨਹੀਂ ਕੀਤਾ ਜਾ ਸਕਦਾ। ਪਰ ਉਹਨਾਂ ਨੇ ਜੋ ਮੁਖਮੰਤਰੀ ਤੇ ਜੋ ਟਿੱਪਣੀ ਕੀਤੀ ਉਹ ਬੇਹੱਦ ਗ਼ਲਤ ਹੈ। ਇਸ ਕਰਕੇ ਉਹਨਾਂ ਉਤੇ ਕਾਨੂੰਨੀ ਕਾਰਵਾਈ ਚਲੇਗੀ। ਇਹ ਸਿਰਫ ਇਕ ਵਿਯਕਤੀ ਨਹੀਂ ਬਲਕਿ ਕਈ ਲੋਕ ਹਨ ਜੋ ਸੋਸ਼ਲ ਮੀਡੀਆ ਨੂੰ ਹਥਿਆਰ ਬਣਾ ਕੇ ਵੀਡੀਓ ਜਾਂ ਵਿਚਾਰ ਪੋਸਟ ਕਰਦੇ ਹਨ ਜਿਸ ਦੇਸ਼ ਦੀ ਏਕਤਾ, ਅਖੰਡਤਾ ਤੇ ਕਿਸੇ ਵਿਯਕਤੀ ਦੀ ਪ੍ਰਤੀਤਿਸ਼ਠਾ ਨੂੰ ਠੇਸ ਪਹੁੰਚਾਉਣ ਦੇ ਹਨ। ਸਾਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਾਨੂੰਨ ਨੇ ਜੋ ਸਾਨੂੰ ਅਧਿਕਾਰ ਦਿੱਤੇ ਹੈ ਉਸਦੇ ਨਾਲ ਸਾਨੂੰ ਜਿੰਮੇਦਾਰੀਆਂ ਵੀ ਦਿੱਤੀ ਹੈ ਜਿਹਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਇਸ ਗੱਲ ਤੋਂ ਅਸੀਂ ਸਾਰੇ ਭਲੀ ਭਾਂਤਿ ਪਰਿਚਿਤ ਹਨ ਕਿ ਇਹਨਾਂ ਅਧਿਕਾਰਾਂ ਲਈ ਸਾਨੂੰ ਕਿੰਨਾ ਸੰਘਰਸ਼ ਕਰਨਾ ਪਿਆ। ਇਸ ਲਈ ਆਪਣੇ ਬਵਿਚਾਰਾਂ ਨੂੰ ਜਿਸ ਵੀ ਤਰੀਕੇ ਨਾਲ ਸਾਂਝੇ ਜਾਂ ਵਿਅਕਤ ਕਰ ਰਹੇ ਹਾਂ। ਇਸ ਗੱਲ ਦਾ ਪੂਰਾ ਖਿਆਲ ਰੱਖਣਾ ਚਾਹੀਦੀਆਂ ਕਿ ਸਾਡੇ ਵਿੱਚਾਰ ਨਾਲ ਕਿਸੇ ਖ਼ਾਸ ਵਿਯਕਤੀ ਦੀ ਪ੍ਰਤਿਸ਼ਠਾ, ਦੇਸ਼ ਦੀ ਏਕਤਾ, ਅਖੰਡਤਾ ਨੂੰ ਕੋਈ ਨੁਕਸਾਨ ਨਾ ਪਹੁੰਚੇ।



– ਭਾਵਨਾ
ਕੇਅਮਵੀ ਕਾਲੇਜ, ਜਲੰਧਰ ਸ਼ਹਿਰ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ. ਬਲਦੇਵ ਸਿੰਘ ਮੁੱਟਾ ਨੇ ਫਰਿਜ਼ਨੋ ਦੋ ਦਿਨਾਂ ਸੈਮੀਨਰ 'ਚ ਪਰਿਵਾਰਕ ਮਸਲਿਆਂ 'ਤੇ ਕੀਤੀ ਚਰਚਾ









**ਫਰਿਜਨੋ, ਕੈਲੇਫੋਰਨੀਆਂ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ):** ਸ. ਬਲਦੇਵ ਸਿੰਘ ਮੁੱਟਾ ਜੋ 'ਪੰਜਾਬੀ ਕਮਿਊਨਟੀ ਹੈਲਥ ਸਰਵਿਸ' ਬਰੈਮਟਨ, ਉਨਟਾਰੀਉ, ਕਨੇਡਾ ਵਿੱਚ 28 ਸਾਲ ਤੋਂ ਵਧੀਕ ਸਮੇਂ ਦੇ ਲੱਗਭਗ ਬਤੌਰ ਸੀ.ਈ.ਓ. ਸੇਵਾਵਾ ਨਿਭਾ ਰਹੇ ਹਨ। ਉਹ ਪ੍ਰਦੇਸ਼ਾਂ ਵਿੱਚ ਸਾਡੇ ਪਰਿਵਾਰਾਂ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਸੁਲਝਾਉਣ ਵਿੱਚ ਲੱਗੇ ਹੋਏ ਹਨ। ਬਲਦੇਵ ਸਿੰਘ ਮੁੱਟਾ ਜੀ ਆਪਣੇ ਭਾਈਚਾਰੇ ਨਾਲ ਸਬੰਧਤ ਮੁੱਦਿਆਂ ਉੱਤੇ ਬੜੀ ਬੇਬਾਕੀ ਨਾਲ ਆਪਣੇ ਵਿਚਾਰ ਰੱਖਣ ਅਤੇ ਸੁਲਝਾਉਣ ਵਿੱਚ ਮਨੋਵਿਗਿਆਨਕ ਤੌਰ 'ਤੇ ਮੁਹਾਰਤ ਰੱਖਦੇ ਹਨ। ਅਜਿਹੀਆਂ ਹੀ ਪਰਿਵਾਰਿਕ ਅਤੇ ਬੱਚਿਆ ਦੀਆਂ ਵੱਧ ਰਹੀਆਂ ਸਮੱਸਿਆਵਾਂ 'ਤੇ ਵਿਚਾਰ-ਵਟਾਦਰਾ ਫਰਿਜਨੋ ਦੇ ਪੰਜਾਬੀ ਭਾਈਚਾਰੇ ਨੂੰ ਜਾਗਰੂਕ ਕਰਨ ਲਈ ਉਨ੍ਹਾਂ ਦਾ ਦੋ ਦਿਨਾਂ ਸੈਮੀਨਾਰ 'ਗੁਰਦਵਾਰਾ ਸਿੰਘ ਸਭਾ' ਫਰਿਜਨੋ ਵਿਖੇ ਕਰਵਾਇਆਂ ਗਿਆ। ਪਹਿਲੇ ਦਿਨ ਦੇ ਸੈਮੀਨਾਰ ਟੈਕਨਾਲੋਜੀ ਵੱਲ ਵੱਧ ਰਹੇ ਰੁਝਾਨ ਨੂੰ ਮੁੱਖ ਰੱਖਦੇ ਹੋਏ ਬੱਚਿਆ ਅਤੇ ਮਾਪਿਆ ਵਿੱਚ ਰਿਸਤੇ ਕਿਵੇਂ ਮਜ਼ਬੂਤ ਬਣਾਏ ਜਾਣ ਸੰਬੰਧੀ ਗੱਲਬਾਤ ਹੋਈ। ਜਿਸ ਦੌਰਾਨ ਪਹਿਲੇ ਪੜਾਅ ਵਿੱਚ ਪਰਿਵਾਰਾਂ ਨੂੰ ਅੱਜ ਦੀ ਤੇਜ਼ ਜ਼ਿੰਦਗੀ ਵਿੱਚ ਕਿਵੇਂ ਨਰੋਆ ਬਣਾਇਆਂ ਜਾਵੇ ਅਤੇ ਦੂਸਰੇ ਪੜਾਅ ਦੌਰਾਨ ਬੱਚਿਆਂ ਦੀ ਸਾਂਭ ਸੰਭਾ.ਲ ਸਬੰਧੀ ਕਿ ਕਿਵੇਂ ਬੱਚਿਆਂ ਨੂੰ ਬੁਰੀ ਸੰਗਤ ਤੋਂ ਬਚਾਇਆ ਜਾਵੇ ਆਦਿਕ ਪਰਿਵਾਰਕ ਸਮੱਸਿਆਵਾਂ ਸਬੰਧੀ ਗੱਲ-ਬਾਤ ਹੋਈ। ਪੰਜਾਬੀਆਂ ਨੇ ਭਾਰਤ ਵਿੱਚੋਂ ਵਿਦੇਸ਼ਾਂ ਵਿੱਚ ਆਕੇ ਬਹੁਤ ਤਰੱਕੀਆਂ ਕੀਤੀਆਂ, ਵੱਡੇ ਘਰ ਬਣਾ ਲਏ, ਵੱਡੀਆਂ ਕਾਰਾਂ ਲੈ ਲਈਆ 'ਲੇਕਿਨ ਕਿਤੇ ਨਾਂ ਕਿਤੇ ਹਰ ਕੋਈ ਕੁਛ ਖੋਇਆ ਖੋਇਆ ਮਹਿਸੂਸ ਕਰ ਰਿਹਾ ਹੈ, ਕਹਿਣ ਤੋਂ ਭਾਵ ਪੈਸਾ-ਕਾਰਾਂ ਗੱਡੀਆਂ ਹੋਣ ਜੇ ਬਾਵਜੂਦ ਵੀ ਅੰਦਰ ਖ਼ੁਸ਼ੀ ਨਹੀਂ ਉੱਪਜ ਰਹੀ। ਦੂਸਰੇ ਦਿਨ ਦੇ ਸੈਮੀਨਾਰ ਵਿੱਚ ਪਰਿਵਾਰਾਂ ਦੀਆ ਆਪਸੀ ਸੰਬੰਧਾਂ ਸਮੱਸਿਆਵਾਂ ਸੰਬੰਧੀ ਸੰਗਤ ਦੇ ਭਾਰੀ ਇਕੱਠ ਵਿੱਚ ਵਿਚਾਰਾ ਹੋਈਆਂ।

ਸਮੁੱਚੇ ਦੋ ਦਿਨਾਂ ਸੈਮੀਨਾਰ ਦੌਰਾਨ ਸਾਰੇ ਮਸਲਿਆਂ ਤੇ ਬਲਦੇਵ ਸਿੰਘ ਮੁੱਟਾ ਨੇ ਗੁਰਦਵਾਰਾ ਸਿੰਘ ਸਭ ਵਿਖੇ ਸੰਗਤ ਦੇ ਭਾਰੀ ਇਕੱਠ ਵਿੱਚ ਬੜੇ ਖੁਲ੍ਹਕੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਦੇ ਅੰਤਮ ਪੜਾਅ ਵਿੱਚ ਸੰਗਤ ਨੇ ਬਲਦੇਵ ਸਿੰਘ ਮੁੱਟਾ ਨੂੰ ਸਵਾਲ ਵੀ ਕੀਤੇ। ਜਿਨ੍ਹਾਂ ਦੇ ਉੱਤਰ ਉਨ੍ਹਾਂ ਬੜੇ ਤਸੱਲੀਬਖਸ਼ ਢੰਗ ਨਾਲ ਦਿੰਦੇ ਹੋਏ ਸੰਤੁਸ਼ਟੀ ਕਰਵਾਈ। ਉਨ੍ਹਾਂ ਨੂੰ ਸੇਵਾਵਾ ਬਦਲੇ ਸਨਮਾਨ ਵੀ ਦਿੱਤਾ ਗਿਆ। ਅੰਤ ਵਿੱਚ ਸੈਮੀਨਾਰ ਨੂੰ ਆਯੋਜਿਤ ਕਰਨ ਵਿੱਚ ਹਿੱਸਾ ਪਾਉਣ ਵਾਲੇ ਡਾ. ਪਰਮਿੰਦਰ ਸਿੱਧੂ ਨੇ ਸੈਮੀਨਾਰ ਵਿੱਚ ਹਾਜਰੀਨ ਪਰਿਵਾਰਾਂ ਦਾ ਧੰਨਵਾਦ ਕੀਤਾ। ਇਸ ਸੈਮੀਨਾਰ ਨੂੰ ਸਫਲ ਬਣਾਉਣ ਵਿੱਚ ਗੁਰਿੰਦਰਜੀਤ ਨੀਟਾ ਮਾਛੀਕੇ ਅਤੇ ਡਾ. ਸਿਮਰਜੀਤ ਸਿੰਘ ਧਾਲੀਵਾਲ ਦਾ ਵਡਮੁੱਲਾ ਯੋਗਦਾਨ ਰਿਹਾ।

ਅੱਜ ਦੇ ਸਮੇਂ ਦੀ ਲੋੜ ਵੀ ਕਿ ਨਵੀ ਪੀੜੀ ਦੇ ਬੱਚੇ ਅਤੇ ਪੁਰਾਣੀ ਪੀੜੀ ਦੀ ਸੋਚ ਵਾਲੇ ਪਰਿਵਾਰਾਂ ਵਿੱਚ ਇਕ-ਦੂਜੇ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਅਜਿਹੇ ਸੈਮੀਨਾਰ ਸਾਨੂੰ ਚੰਗੀ ਮੰਨੋਵਿਗਿਆਨਕ ਸੋਚ ਅਤੇ ਇਕ ਦੂਜੇ ਨੂੰ ਸਮਝਣ ਦਾ ਸੰਕਲਪ ਦਿੰਦੇ ਹਨ। ਜੋ ਅੱਜ ਦੇ ਪਰਿਵਾਰਾਂ ਅਤੇ ਰਿਸ਼ਤਿਆਂ ਨੂੰ ਨਿਭਾਉਣ ਅਤੇ ਇੱਕ ਦੂਜੇ ਨਾਲ ਜੋੜੀ ਰੱਖਣ ਵਿੱਚ ਮਦਦ ਕਰਦੇ ਹਨ।

# ਰਾਮ ਰਹੀਮ ਨੂੰ ਪੈਰੋਲ 'ਤੇ ਛੱਡੇਗੀ ਹਰਿਆਣਾ ਸਰਕਾਰ

**ਸਿਰਸਾ (ਬਿਊਰੋ)-** ਬਲਾਤਕਾਰ ਤੇ ਕਤਲ ਦੇ ਦੋਸ਼ਾਂ ਵਿੱਚ ਸਜ਼ਾਯਾਫ਼ਤਾ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ



ਖੇਤੀ ਕਰਨ ਖਾਤਰ ਲਾਈ ਪੈਰੋਲ ਅਰਜ਼ੀ ਦੇ ਨਿਬੇੜੇ ਲਈ ਸਰਕਾਰ ਤੇ ਪ੍ਰਸ਼ਾਸਨ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। ਬੇਸ਼ੱਕ ਹਰਿਆਣਾ ਦੇ ਪੈਰੋਲ ਕਾਨੂੰਨ ਮੁਤਾਬਕ ਰਾਮ ਰਹੀਮ ਸਿੱਧੇ ਤੌਰ 'ਤੇ ਇਸ ਦਾ ਹੱਕਦਾਰ ਨਹੀਂ ਬਣਦਾ, ਪਰ ਉਂਗਲ ਟੇਢੀ ਕਰਕੇ ਘਿਓ ਕੱਢਣ ਦੀ ਕੋਸ਼ਿਸ਼ ਹੋ ਰਹੀ ਹੈ। ਦਰਅਸਲ, ਹਰਿਆਣਾ ਪ੍ਰਿਜ਼ਨਰ ਐਕਟ 1988 ਮੁਤਾਬਕ ਕਿਸੇ ਕੈਦੀ ਨੂੰ ਖੇਤੀ ਲਈ ਪੈਰੋਲ ਤਾਂ ਹੀ ਮਿਲ ਸਕਦੀ ਹੈ ਜੇਕਰ ਉਹ ਖ਼ੁਦ ਜ਼ਮੀਨ ਦਾ ਮਾਲਕ ਹੋਵੇ ਜਾਂ ਆਪਣੇ ਪਿਤਾ ਦੀ ਜ਼ਮੀਨ 'ਤੇ ਖੇਤੀ ਕਰਦਾ ਹੋਵੇ ਪਰ ਗੁਰਮੀਤ ਰਾਮ ਰਹੀਮ ਸਿੱਧੇ ਤੌਰ 'ਤੇ ਜ਼ਮੀਨ ਦਾ ਮਾਲਕ ਨਹੀਂ। ਡੇਰਾ ਸਿਰਸਾ ਦੇ ਟਰੱਸਟ ਦੇ ਨੁਮਾਇੰਦੇ ਵਜੋਂ ਰਾਮ ਰਹੀਮ ਨੂੰ ਕਿਸਾਨ ਠਹਿਰਾਇਆ ਜਾ ਸਕਦਾ ਹੈ। ਡੇਰਾ ਸਿਰਸਾ ਕੋਲ ਤਕਰੀਬਨ 1200 ਏਕੜ ਜ਼ਮੀਨ ਹੈ, ਜਿਸ ਵਿੱਚੋਂ ਤਕਰੀਬਨ 250 ਏਕੜ ਜ਼ਮੀਨ 'ਤੇ ਖੇਤੀ ਹੁੰਦੀ ਹੈ। ਜੇਕਰ ਸਿਰਸਾ ਦੇ ਜ਼ਮੀਨ ਰਿਕਾਰਡ ਵਿੱਚ ਰਾਮ ਰਹੀਮ ਦਾ ਕੰਮ ਨਹੀਂ ਬਣਦਾ ਤਾਂ ਉਸ ਦੇ ਜੱਦੀ ਪਿੰਡ ਗੁਰੂਸਰ ਮੋੜੀਆਂ ਤੋਂ ਵੀ ਮੰਗਵਾਈ ਜਾ ਸਕਦੀ ਹੈ। ਚੋਣਾਂ ਨੇੜੇ ਹੋਣ ਕਰਕੇ ਤੇ ਸਰਕਾਰ ਦੀ ਬਦਖੋਹੀ ਹੋਣ ਕਰਕੇ ਇਸ ਮਾਮਲੇ ਬਾਰੇ ਤਹਿਸੀਲਦਾਰ, ਪਟਵਾਰੀ ਤੋਂ ਲੈ ਕੇ ਡੀਸੀ ਮੈਜਿਸਟ੍ਰੇਟ ਤਕ ਕੋਈ ਵੀ ਅਧਿਕਾਰੀ ਬੋਲਣ ਲਈ ਤਿਆਰ ਨਹੀਂ। ਅਧਿਕਾਰੀ ਸਿਰਫ ਇਹੋ ਕਹਿ ਰਹੇ ਹਨ ਕਿ 25 ਦਿਨ ਦਾ ਸਮਾਂ ਹੈ ਅਸੀਂ ਰਿਪੋਰਟ ਤਿਆਰ ਕਰਕੇ ਮੀਡੀਆ ਨਾਲ ਗੱਲ ਕਰਾਂਗੇ। ਪਰ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਅੱਜ ਇਸ ਮਾਮਲੇ ਦੇ ਤੂਲ ਫੜਨ ਤੋਂ ਬਾਅਦ ਬਿਆਨ ਦਿੱਤਾ ਹੈ ਕਿ ਅਸੀਂ ਕਿਸੇ ਨੂੰ ਪੈਰੋਲ ਮੰਗਣ ਤੋਂ ਰੋਕ ਨਹੀਂ ਸਕਦੇ।

# ਸਿੱਧੂ ਵਿਰੁੱਧ ਸਖਤ ਕਾਰਵਾਈ ਕਰਨ ਦੇ ਰੌਂਅ ਵਿਚ ਹਨ ਕੈਪਟਨ

**ਚੰਡੀਗੜ੍ਹ (ਬਿਊਰੋ)** ਕੈਬਨਿਟ ਮੰਤਰੀ ਓਪੀ ਸੋਨੀ ਦੇ ਗਿਲੇ-ਸ਼ਿਕਵੇ ਦੂਰ ਹੋ ਗਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ ਨੂੰ ਸੁਲਝਾ ਲਿਆ ਹੈ। ਸੋਨੀ ਨੇ ਮੈਡੀਕਲ ਐਜੂਕੇਸ਼ਨ, ਫੂਡ ਪ੍ਰੋਸੈਸਿੰਗ ਅਤੇ ਸੁਤੰਤਰਤਾ ਸੈਨਾਨੀ ਵਿਭਾਗ ਦੀ ਜ਼ਿੰਮੇਵਾਰੀ ਸੰਭਾਲ ਲਈ ਹੈ ਜਦਕਿ ਨਵਜੋਤ ਸਿੰਘ ਸਿੱਧੂ ਬਾਰੇ ਦੁਚਿੱਤੀ ਬਣੀ ਹੋਈ ਹੈ।



ਸਿੱਧੂ ਨਵਾਂ ਵਿਭਾਗ ਸੰਭਾਲਣਗੇ ਜਾਂ ਨਹੀਂ, ਇਸ ਸਬੰਧੀ ਤਸਵੀਰ ਫ਼ਿਲਹਾਲ ਸਪਸ਼ਟ ਨਹੀਂ ਹੋਈ ਹੈ। ਕੈਪਟਨ ਹੁਣ ਸਿੱਧੂ ਵਿਰੁੱਧ ਸਖਤ ਕਾਰਵਾਈ ਦੇ ਰੌਂਅ ਵਿਚ ਹਨ। ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਕੁਝ ਦਿਨ ਬਾਅਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 13 ਮੰਤਰੀਆਂ ਦੇ ਵਿਭਾਗਾਂ 'ਚ ਫੇਰ-ਬਦਲ ਕੀਤਾ ਸੀ।

ਇਸ ਤਬਦੀਲੀ ਤੋਂ ਸਭ ਤੋਂ ਵੱਧ ਨਾਰਾਜ਼ ਤੱਤਕਾਲੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਅਤੇ ਸਿੱਖਿਆ ਮੰਤਰੀ ਓਪੀ ਸੋਨੀ ਹੋਏ ਸਨ। ਬਾਕੀ ਮੰਤਰੀਆਂ ਨੇ ਆਪੋ-ਆਪਣੇ ਨਵੇਂ ਵਿਭਾਗ ਦੀ ਜ਼ਿੰਮੇਵਾਰੀ ਸੰਭਾਲੀ ਲਈ ਸੀ ਪਰ 18 ਦਿਨਾਂ ਬਾਅਦ ਵੀ ਨਾ ਤਾਂ ਸਿੱਧੂ ਅਤੇ ਨਾ ਹੀ ਸੋਨੀ ਨੇ ਆਪਣੇ ਨਵੇਂ ਵਿਭਾਗ ਦੀ ਜ਼ਿੰਮੇਵਾਰੀ ਸੰਭਾਲੀ ਸੀ, ਪਰ ਸੋਨੀ ਨੇ ਮੰਗਲਵਾਰ ਨੂੰ ਕੰਮਕਾਜ ਸੰਭਾਲ ਲਿਆ ਹੈ। ਇਸ ਮੌਕੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਕੈਪਟਨ ਸੰਦੀਪ ਸੰਧੂ ਵੀ ਮੌਜੂਦ ਸਨ।




BERKSHIRE HATHAWAY
Home Services
ELITE REAL ESTATE

Shangara Ram
Realtor CalBRE# 01969522

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ
ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ,
ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਸਦੀਆਂ ਪੁਰਾਣਾ ਗੁਰੂ ਰਵਿਦਾਸ ਮੰਦਰ ਢਾਹੁਣ ਦੇ ਫੈਸਲੇ ਵਿਰੁੱਧ ਡੀ.ਸੀ.ਨੂੰ ਦਿੱਤਾ ਮੰਗ ਪੱਤਰ









**ਜਲੰਧਰ (ਬਿਊਰੋ)**– ਤੁਗਲਕਾਬਾਦ ਨਵੀਂ ਦਿੱਲੀ ਵਿਖੇ ਸਥਿਤ ਸਦੀਆਂ ਪੁਰਾਣਾ ਗੁਰੂ ਰਵਿਦਾਸ ਮੰਦਰ ਨੂੰ ਢਾਹੁਣ ਦੇ ਫੈਸਲੇ ਵਿਰੁੱਧ ਦਲਿਤ ਜਥੇਬੰਦੀਆਂ ਨੇ ਜਲੰਧਰ ਵਿਚ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਡਿਪਟੀ ਕਮਿਸ਼ਨਰ ਜਲੰਧਰ ਨੂੰ ਮੰਗ ਪੱਤਰ ਦਿੱਤਾ ਅਤੇ ਮੰਗ ਕੀਤੀ ਕਿ ਇਹ ਮੰਗ ਪੱਤਰ ਦਿੱਲੀ ਦੇ ਮੁੱਖ ਮੰਤਰੀ ਅਤੇ ਲੈਫਟੀਨੈਂਟ ਗਵਰਨਰ ਨੂੰ ਭੇਜ ਕੇ ਕਿਹਾ ਜਾਵੇ ਕਿ ਦਿੱਲੀ ਡਿਵੈਲਪਮੈਂਟ ਅਥਾਰਟੀ ਨੂੰ ਗੁਰੂ ਰਵਿਦਾਸ ਮੰਦਰ ਢਾਹੁਣ ਤੋਂ ਰੋਕਿਆ ਜਾਵੇ ਅਤੇ ਇਸ ਫੈਸਲੇ ਨੂੰ ਰੱਦ ਕੀਤਾ ਜਾਵੇ। ਇਸ ਮੰਗ ਪੱਤਰ ਨੂੰ ਦੇਣ ਲਈ ਅੰਬੇਡਕਰ ਸੈਨਾ ਪੰਜਾਬ ਦੇ ਪ੍ਰਧਾਨ ਬਲਵਿੰਦਰ ਬੱਗਾ, ਰਾਜ ਕੁਮਾਰ ਕੌਲ ਚੇਅਰਮੈਨ ਅਤੇ ਹੋਰ ਮੈਂਰਾਂ ਨਾਲ ਐਡਵੋਕੇਟ ਹਰਭਜਨ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸ-'ਹਿਟੀ (ਰਜਿ.) ਪੰਜਾਬ, ਅੰਤਰ-ਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ ਦੇ ਰਜਿੰਦਰ ਕੁਮਾਰ ਰਾਣਾ, ਸੋਹਣ ਲਾਲ ਜੱਸੀ, ਐਡਵੋਕੇਟ ਵਿਜੈ ਬੱਧਨ, ਦਿਆਲ ਬਿਰਦੀ, ਸੁਖਵਿੰਦਰ ਗੋਲਡੀ, ਬੰਗੜ ਰਾਏਪੁਰੀ ਅਤੇ ਪਰਵਾਨ ਨੇ ਵੀ ਡੀ. ਸੀ. ਜਲੰਧਰ ਨੂੰ ਰੋਸ ਪੱਤਰ ਦਿੱਤਾ।

ਸਾਧੂ ਸੰਪਰਦਾਇ ਪੰਜਾਬ ਦੇ ਸੰਤ ਕੁਲਵੰਤ ਰਾਮ ਡੇਰਾ ਚੱਕ ਹਕੀਮ ਫਗਵਾੜਾ, ਨਰਿੰਦਰ ਜੱਸੀ, ਜੋਗਿੰਦਰ ਪਾਲ, ਨਰੇਸ਼, ਐਡਵੋਕੇਟ ਹਰਭਜਨ ਸਾਂਪਲਾ ਅਤੇ ਹੋਰ ਸੈਂਕੜੇ ਸ਼ਰਧਾਲੂਆਂ ਨੇ ਵੀ ਡੀ. ਸੀ. ਜਲੰਧਰ ਨੂੰ ਮੰਗ ਪੱਤਰ ਦਿੱਤਾ। ਸੰਤ ਕੁਲਵੰਤ ਰਾਮ ਨੇ ਕਿਹਾ ਕਿ ਜੇ ਗੁਰੂ ਰਵਿਦਾਸ ਮੰਦਰ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਤਾਂ ਸਾਰਾ ਭਾਰਤ ਬੰਦ ਕਰ ਦਿੱਤਾ ਜਾਵੇਗਾ।

## ਕਾਵਿ ਵਿਅੰਗ/ ਸਿਆਸੀ ਸ਼ਰਾਰਤਾਂ ਦੇ ਸਿੱਟੇ!

ਤਰਲੋਚਨ ਸਿੰਘ 'ਦੁਪਾਲਪੁਰ'
001-408-915-1268

ਗਧੀ ਗੇੜ ਵਿਚ ਪਏ ਅਦਾਲਤਾਂ ਦੇ
ਬੰਦੇ ਬਿਰਖ ਹੋ ਜਾਣ ਉਡੀਕਦੇ ਜੀ।

ਖਾਣ ਪੀਣ ਤੇ ਪਹਿਨਣਾ ਵਿਸਰ ਜਾਵੇ
ਚੇਤੇ ਭੁੱਲਦੇ ਨਹੀਂਉਂ 'ਤਰੀਕ' ਦੇ ਜੀ।

ਅਕਸਰ ਬਰੀ ਹੋ ਜਾਣ ਜੋ ਗਲਤ ਹੁੰਦੇ
ਫਾਹੇ ਪੈਂਦੇ ਨੇ ਗ਼ਲਾਂ ਵਿਚ ਠੀਕ ਦੇ ਜੀ।

ਦਿੱਤਾ ਤੋੜ ਵਿਸ਼ਵਾਸ ਸਿਆਸਤਾਂ ਨੇ
ਸਾਰੇ ਯੱਭ ਇਹ ਵੋਟਾਂ ਦੀ ਨੀਤ ਦੇ ਜੀ।

ਵੇਲਾ ਰਹਿੰਦਿਆਂ 'ਨਾਗਾਂ' ਨੂੰ ਨੱਪਦੇ ਨਾ
ਡੰਡੇ ਪੈਣ ਫਿਰ ਸੱਪ ਦੀ ਲੀਕ ਦੇ ਜੀ।

ਅੱਕੇ ਲੋਕ ਜਦ ਹੱਥ ਕਾਨੂੰਨ ਲੈਂਦੇ
ਹਾਕਮ ਕੁਰਸੀ 'ਤੇ ਬੈਠਿਆਂ ਚੀਕਦੇ ਜੀ!

## ਸ਼ੋਕ ਸਮਾਚਾਰ
## ਫਰਿਜ਼ਨੋ ਨਿਵਾਸੀ ਸ.ਚੈਂਚਲ ਸਿੰਘ ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ



**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ. ਚੈਚਲ ਸਿੰਘ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 22 ਜੂਨ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 80 ਸਾਲ ਸੀ। ਉਨ੍ਹਾਂ ਦਾ ਪਿਛਲਾ ਪਿੰਡ ਟੁੱਟ ਕਲਾ ਸੀ, ਜੋ ਤਹਿਸੀਲ ਨਕੋਦਰ, ਜਿਲ੍ਹਾਂ ਜਲੰਧਰ ਵਿੱਚ ਹੈ। ਸਵ: ਸ. ਚੈਂਚਲ ਸਿੰਘ ਪਿਛਲੇ 19 ਤੋਂ ਆਪਣੇ ਪਰਿਵਾਰ ਸਮੇਤ ਫਰਿਜ਼ਨੋ ਸ਼ਹਿਰ ਵਿਖੇ ਰਹਿ ਰਹੇ ਸਨ। ਇਹ ਸਾਰੇ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੀ ਸਤਿਕਾਰਯੋਗ ਸ਼ਖਸੀਅਤ ਸਨ। ਹਰ ਸਮੇਂ ਸਮਾਜਿਕ ਅਤੇ ਭਾਈਚਾਰਿਕ ਕਾਰਜਾਂ ਵਿੱਚ ਵੱਧ-ਚੜਕੇ ਹਿੱਸਾ ਲੈਂਦੇ ਸਨ। ਇੰਨ੍ਹਾਂ ਦਾ ਅੰਤਮ ਸੰਸ਼ਕਾਰ ਅਤੇ ਸਰਧਾਜ਼ਲੀਆਂ ਦੀ ਰਸ਼ਮ 30 ਜੂਨ, ਦਿਨ ਐਤਵਾਰ ਨੂੰ "ਸ਼ਾਂਤ ਭਵਨ ਪੰਜਾਬੀ ਫਿਊਨਰਲ ਹੋਮ" ਵਿਖੇ ਬਾਅਦ ਦੁਪਹਿਰ 12 ਵਜ਼ੇ ਤੋਂ 2 ਵਜ਼ੇ ਹੋਵੇਗੀ। ਜਿਸ ਦਾ ਪਤਾ: 4800 E. Clayton Ave, Fowler, CA-93625 ਹੈ। ਇਸ ਉਪਰੰਤ ਉਨ੍ਹਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਮ ਅਰਦਾਸ "ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼" ਫਰਿਜ਼ਨੋ ਵਿਖੇ 2:00 ਵਜ਼ੇ ਤੋਂ 4:00 ਵਜ਼ੇ ਤੱਕ ਹੋਵੇਗੀ। ਗੁਰੂਘਰ ਦਾ ਪਤਾ: 4250 E[ Lincoln Ave., Fresno, CA-93725 ਹੈ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੇ ਫੋਨ ਨੰਬਰ ਲਈ ਉਨ੍ਹਾਂ ਦੇ ਸਪੁੱਤਰ ਜਗਦੇਵ ਸਿੰਘ ਜਾਂ ਜਸਪਾਲ ਸਿੰਘ (ਆਸਟਰੇਲੀਆਂ) ਨਾਲ (559) 517-7873 ਜਾਂ ਧੀ ਸੁਰਜੀਤ ਕੌਰ ਸੰਧੂ ਨਾਲ (559) 517-0497 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ.ਕੇਵਲ ਸਿੰਘ ਨੂੰ ਅਸਹਿ ਸਦਮਾ
## ਇਕਲੌਤੇ ਪੁੱਤਰ ਜਸਕਰਨ ਸਿੰਘ ਜੱਸਾ ਦਾ ਦੇਹਾਂਤ



**ਨਿਊਯਾਰਕ–** ਆਪ ਜੀ ਨੂੰ ਬਹੁਤ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਦੇ ਸਾਬਕਾ ਪ੍ਰਧਾਨ ਸ. ਕੇਵਲ ਸਿੰਘ ਜੀ (ਫਿਲੌਰ) ਦੇ ਪਰਿਵਾਰ ਨੂੰ ਉਸ ਸਮੇਂ ਬਹੁਤ ਵੱਡਾ ਸਦਮਾ ਲੱਗਾ ਜਦੋਂ ਉਹਨਾਂ ਦੇ ਸਪੁੱਤਰ ਜਸਕਰਨ ਸਿੰਘ (ਜੱਸਾ) ਉਮਰ 28 ਸਾਲ ਜੋ ਕਿ ਪਰਿਵਾਰ ਨੂੰ ਅੰਤਿਮ ਵਿਛੋੜਾ ਦੇ ਗਿਆ ਹੈ। ਸ. ਕੇਵਲ ਸਿੰਘ ਦੇ ਇਕ ਸਪੁੱਤਰ ਸੀ ਅਤੇ ਦੋ ਧੀਆਂ ਹਨ ਤੇ ਦੋਵੇਂ ਵਿਆਹੀਆਂ ਹੋਈਆਂ ਹਨ। ਜੱਸੇ ਦਾ ਅਚਾਨਕ ਇਸ ਜਹਾਨ ਤੋਂ ਬੇਵਕਤ ਚਲੇ ਜਾਣਾ ਪਰਿਵਾਰ ਤੇ ਰਿਸ਼ਤੇਦਾਰਾਂ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਜ਼ਿਕਰਯੋਗ ਹੈ ਕਿ ਜਸਕਰਨ ਸਿੰਘ ਜੱਸਾ ਕਾਲੇ ਪੀਲੀਏ (ਹੈਪੇਟਾਈਟਿਸ ਸੀ) ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਲੌਂਗ ਆਈਲੈਂਡ ਯੂਇਸ਼ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਤੇ ਜਿੱਥੇ ਉਹਨਾਂ ਸ਼ੁੱਕਰਵਾਰ ਸਵੇਰੇ 6 ਵਜੇ ਆਖਰੀ ਸਾਹ ਲਏ। ਇਸ ਦੁੱਖ ਦੀ ਘੜੀ ਵਿਚ ਪੂਰਾ ਭਾਈਚਾਰਾ ਤੇ ਸ੍ਰੀ ਗੁਰੂ ਰਵਿਦਾਸ ਵੈਲਫ-ਅਰ ਸੁਸਾਇਟੀ ਆਫ ਨਿਊਯਾਰਕ ਪੂਰੇ ਪਰਿਵਾਰ ਨਾਲ ਸ਼ਰੀਕ ਹਨ। ਬੇਟੇ ਜਸਕਰਨ ਸਿੰਘ ਜੱਸਾ ਦੇ ਅੰਤਿਮ ਸਸਕਾਰ ਬਾਰੇ ਜਲਦੀ ਹੀ ਆਪ ਸਭ ਨੂੰ ਸੂਚਿਤ ਕੀਤਾ ਜਾਵੇਗਾ।

ਦੁੱਖ ਸਾਂਝਾ ਕਰਨ ਲਈ ਸ. ਕੇਵਲ ਸਿੰਘ ਜੀ ਦੇ ਫੋਨ ਨੰਬਰ 917-981-3251 ਤੇ ਕਸ਼ਮੀਰਾ ਸਿੰਘ ਦੇ ਫੋਨ ਨੰਬਰ 917-939-0616 ਤੇ ਕਾਲ ਕੀਤੀ ਜਾ ਸਕਦੀ ਹੈ। ਸ. ਕੇਵਲ ਸਿੰਘ ਦੇ ਘਰ ਦਾ ਐਡਰੈਸ 88-20 ਹੈ।

**ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ**
**ਗੁਰੂਪਿਆਰੀ ਸਾਧਸੰਗਤਿ ਜੀਓ**

**ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਬੀਬੀ ਰਤਨ ਕੌਰ ਜੀ (ਮਾਤਾ ਬੀਬੀ ਜਸਵੀਰ**



**ਕੌਰ ਅਤੇ ਸੱਸ ਸ਼੍ਰੀ ਅਵਤਾਰ ਪਲਾਹੀ)** Elk Grove, CA **ਨਿਵਾਸੀ (ਪਿਛੋਕੜ ਫਗਵਾੜਾ) ਜੂਨ 21, 2019 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ।**

**ਅੰਤਿਮ ਸੰਸਕਾਰ ਰਸਮ:**
**ਸ਼ਨੀਵਾਰ, 29 ਜੂਨ 2019**
9:30am to 12:30pm at:
North Sacramento Funeral Home
725 El Camino Av[
Sacramento, CA-95815

**ਅੰਤਿਮ ਅਰਦਾਸ:**
**ਸੰਸਕਾਰ ਤੋਂ ਬਾਅਦ ਸਮੂਹ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਬੀਬੀ ਜੀ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।**
**ਸਥਾਨ: ਸ਼੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ**
6221 16th St
Rio linda, CA 95673
**ਸਮੂੰਹ ਸੰਗਤਾਂ ਦੀ ਅਰਦਾਸ ਹੈ ਕਿ ਅਕਾਲ ਪੁਰਖ ਉਨ੍ਹਾਂ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਜੀ।**
**ਪਰਿਵਾਰ ਦਾ ਸੰਪਰਕ: ਸ਼੍ਰੀ ਧਰਮਵੀਰ ਬਸਰਾ**
**(916) 604-0747**

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh


# ਅਹਿਮਦੀਆ ਮੁਸਲਮਾਨ ਜਮਾਤ ਦਾ ਅਦਰਸ਼ ਵਾਕਿਆ ਹੈ ਮੁਹੱਬਤ ਸਭ ਨਾਲ ਨਫਰਤ ਕਿਸੇ ਨਾਲ ਨਹੀਂ

## ਈਦ ਮਿਲਣ ਸਮਾਰੋਹ ਵਿੱਚ ਸਭ ਧਰਮਾਂ ਦੇ ਆਗੂ ਸ਼ਾਮਲ






**ਹੁਸ਼ਿਆਰਪੁਰ–** ਅਹਿਮਦੀਆ ਮੁਸਲਮਾਨ ਜਮਾਤ ਦੁਆਰਾ ਸੁਤਹਿਰੀ ਰੋਡ ਸਥਿਤ ਹੋਟਲ ਮਹਾਰਾਜਾ ਪੈਲੇਸ ਵਿਖੇ ਈਦ ਮਿਲਣ ਪਾਰਟੀ ਦਾ ਪ੍ਰਬੰਧ ਸ਼੍ਰੀ ਤੀਕਸ਼ਣ ਸੂਦ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਕਾਦਿਆਨ ਜਿਲ੍ਹਾ ਗੁਰਦਾਸਪੁਰ ਤੋਂ ਆਏ ਅਹਮਦੀਆ ਜਮਾਤ ਦੇ ਜਨਰਲ ਸਕੱਤਰ ਮੁਹੰਮਦ ਸ਼ੀਰਾਜ ਨੇ ਕਿਹਾ ਕਿ ਰਮਜ਼ਾਨ ਦੇ ਮਹੀਨੇ ਵਿੱਚ ਰੋਜ਼ੇ ਰੱਖਣ ਤੋਂ ਬਾਅਦ ਸਮਾਜ ਵਿੱਚ ਖੁਸ਼ੀਆਂ ਵੰਡਣ ਲਈ ਈਦ ਮਿਲਣ ਸਮਾਰੋਹ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸਾਰੇ ਧਰਮਾਂ ਦੇ ਆਗੂਆਂ ਨੂੰ ਸੱਦਾ ਦਿੱਤਾ ਗਿਆ ਤਾਂ ਜੋ ਆਪਸ ਵਿੱਚ ਪਿਆਰ ਤੇ ਸਦਭਾਵਨਾ ਵਧੇ। ਉਹਨਾਂ ਨੇ ਕਿਹਾ ਕਿ ਅਹਿਮਦੀਆ ਮੁਸਲਮਾਨ ਜਮਾਤ ਦਾ ਅਦਰਸ਼ ਵਾਕਿਆ ਹੈ – ਮੁਹੱਬਤ ਸੱਭ ਨਾਲ ਨਫਰਤ ਕਿਸੇ ਨਾਲ ਨਹੀਂ । ਉਹਨਾਂ ਕਿਹਾ ਕਿ ਪਿਆਰ ਤੇ ਸਦਭਾਵਨਾ ਦੇ ਰਾਹ ਤੇ ਚੱਲਕੇ ਹੀ ਸੰਸਾਰ ਵਿੱਚ ਮੰਡਰਾ ਰਹੇ ਵਿਨਾਸ਼ ਦੇ ਬੱਦਲਾਂ ਅਤੇ ਤੀਸਰੇ ਵਿਸ਼ਵ ਯੁੱਧ ਤੋਂ ਬਚਿਆ ਜਾ ਸਕਦਾ ਹੈ । ਇਸ ਮੌਕੇ ਕੇ ਸਾਬਕਾ ਕੈਬਿਨੇਟ ਮੰਤਰੀ ਸ਼੍ਰੀ ਤੀਕਸ਼ਣ ਸੂਦ ਜੀ ਨੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਅਹਮਦੀਆ ਮੁਸਲਮਾਨ ਜਮਾਤ ਦੇ ਕਈ ਪ੍ਰੋਗਰਾਮਾਂ ਵਿੱਚ ਸ਼ਾਮਲ ਹੋ ਚੁੱਕੇ ਹਨ ਅਤੇ ਜਮਾਤ 204 ਦੇਸ਼ਾਂ ਵਿੱਚ ਪਿਆਰ ਅਤੇ ਸਦਭਾਵਨਾ ਨੂੰ ਬੜਾਵਾ ਦੇਕੇ ਮਨੁੱਖਤਾ ਦੀ ਸੇਵਾ ਵਿੱਚ ਚੰਗਾ ਕਾਰਜ ਕਰ ਰਹੀ ਹੈ । ਇਸ ਮੌਕੇ ਸਰਵਧਰਮ ਸਦਭਾਵਨਾ ਕਮੇਟੀ ਹੁਸ਼ਿਆਰਪੁਰ ਦੇ ਸੰਯੋਜਕ ਅਨੁਰਾਗ ਸੂਦ ਨੇ ਕਿਹਾ ਕਿ ਸਾਰੇ ਧਰਮ ਮਨੁੱਖਤਾ ਦੇ ਰਸਤੇ ਉੱਤੇ ਚੱਲਣ ਦਾ ਸੁਨੇਹਾ ਦਿੰਦੇ ਹਨ ਅਤੇ ਸਾਰੇ ਧਰਮ ਗ੍ਰੰਥਾਂ ਦਾ ਇਹੀ ਸਿੱਟਾ ਹੈ ਕਿ ਸ਼ਿਵ ਸੰਕਲਪ ਕਰੋ ਅਰਥਾਰਤ ਸੱਭਦਾ ਭਲਾ ਕਰੋ । ਇਸ ਮੌਕੇ ਨੇਤਰਦਾਨ ਐਸੋਸੀਏਸ਼ਨ ਦੇ ਚੀਫ ਪੈਟਰਨ ਪ੍ਰੋ. ਬਹਾਦੁਰ ਸਿੰਘ ਸੁਨੇਤ ਨੇ ਭਾਈ ਘਨੱਈਆ ਜੀ ਦਾ ਉਦਹਾਰਣ ਦਿੰਦੇ ਹੋਏ ਦੱਸਿਆ ਕਿ ਕਿਵੇਂ ਉਹਨਾਂ ਨੇ ਜੰਗ ਦੌਰਾਨ ਦੁਸ਼ਮਣੀ ਨੂੰ ਪਿੱਛੇ ਰੱਖਦੇ ਹੋਏ ਮਨੁੱਖਤਾ ਦੀ ਸੇਵਾ ਕਰਦਿਆਂ ਹਰ ਜ਼ਖਮੀ ਇਨਸਾਨ ਨੂੰ ਪਾਣੀ ਪਿਲਾਇਆ ਅਤੇ ਕਿਹਾ ਕਿ ਸਾਨੂੰ ਵੀ ਇਸੇ ਤਰ੍ਹਾਂ ਹੀ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ । ਇਸ ਮੌਕੇ ਬ੍ਰਮਸ਼ੰਕਰ ਜਿੰਪਾ ਅਤੇ ਭਗਵਾਨਦਾਸ ਠੇਕੇਦਾਰ ਜੋਨਲ ਇਨਚਾਰਜ ਬਹੁਜਨ ਸਮਾਜ ਪਾਰਟੀ ਨੇ ਵੀ ਆਪਣੇ ਆਪਣੇ ਵਿਚਾਰ ਪੇਸ਼ ਕੀਤੇ । ਪ੍ਰੋਗਰਾਮ ਦਾ ਸੰਚਾਲਨ ਮੌਲਵੀ ਫਜ਼ਲੁਰ ਰਹਿਮਾਨ ਭੱਟੀ ਨੇ ਸਫਲਤਾਪੂਰਵਕ ਕਰਦੇ ਹੋਏ ਸੱਭ ਦਾ ਧੰਨਵਾਦ ਕੀਤਾ । ਇਸ ਮੌਕੇ ਕਿਰਨਪ੍ਰੀਤ ਧਾਮੀ, ਹਰਸ਼ਵਿੰਦਰ ਪਠਾਨੀਆ, ਜਾਵੇਦ ਖਾਨ, ਪ੍ਰਿੰਸੀਪਲ ਸ਼ੋਭਾ ਰਾਣੀ ਕੰਵਰ, ਐਡਵੋਕੇਟ ਨਵੀਨ ਜੈਰਥ, ਡਾ. ਪ੍ਰਭਜਿੰਦਰ ਕੌਰ ਬਰਿਆਣਾ, ਚੇਤਨ ਸੂਦ, ਅਜੇ ਸੂਦ, ਵਿਕਾਸ ਹੰਸ, ਰਣਜੀਤ ਪਾਲ, ਬੁਸ਼ਰਾ ਪਾਸ਼ਾ ਆਦਿ ਅਤੇ ਸ਼ਹਿਰ ਦੇ ਗਣਮਾਣੀਏ ਵਿਅਕਤੀ ਮੌਜੂਦ ਸਨ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# SRI GURU RAVIDASS TEMPLE PITTSBURG COMPLETES 34 YEARS

In its magnificent journey of community services based on the preachings of GURU GRANTH SAHIB JI, Sri Guru Ravidass Temple,Pittsburg has completed 34 years of its existence at the current location. Supreme Council Sri Guru Ravidass Sabhas,USA congratulates the entire Sangat on reaching this historic day in the annals of the history of this first Gurughar established in North America under the banner of Sri Guru Ravidass Ji Maharaj.



Since I have been blessed with the privilege and the honor to be associated with this Gurughar since its very inception, it is my pleasure to share my thoughts relating to this accomplishment.

ROLE OF IMMIGRANTS FROM FIJI ISLANDS:-Some of our ancestors mostly from Doaba area in Punjab had migrated to Fiji Islands in 1920's and 1930's and they built their first Guru Ravidass temple in NASINO, a suburban area of SUVA in 1941. Their children who came to USA in early 1960's carried with them the zeal,inspiration,spirit and commitment imbibed in them by their parents. In the the middle of 1970's some of the immigrants from India who joined hands with them in their quest for our own Gurughar included late Mr. Lahori Ram,Mr. Ram Saroay and Mr. O.P.Balley. Their collaborative efforts finally bore fruit when our Pittsburg Gurughar had its opening ceremony on June 2nd,1985.

Mr. Sukhraj Chopra and Mr. Karma Dalel being the highest donors performed the opening and Nishan Sahib ceremonies respectively.

It was an historic achievement which could have not been possible but for the remarkable job done by our pioneers coupled with the untiring efforts,determination and commitment on the part of sangat.

Today we are proud to have six flourishing Gurughars in California.

PIONEERS REMEMBERED:- Most of the Pioneer members who did a stupendous job to bring this Gurughar into existence are unfortunately no more with us, but their inspiring memories will remain deeply embedded in the hearts and souls of the future generations.

Some of the immortal founding members who have left us are named below.

1. Mr. Nasib Chand Jagur,Mr.Sansara Jagur, Mr.Sohan Singh Damria,Mr. Mulkh Raj Damria.Mr. Satya Pal Bangar,Mr. Lahori Ram, Mr. Karma Dalel, Mr. Tarsem Singh Sidhu and Mr Gulzara Rattu.

INTERFAITH HARMONY:- Our basic concept and approach in the establishment of this Gurughar has always been to promote a bond of mutual respect and harmony among all religious faiths which are so vital for creating an healthy transformation in our thoughts and behavior, especially in the wake of unabated acts of violence and terrorism in the whole world.

We also appreciate the services of our local Newspapers like Ambedkar Times and Desh Doaba published under the professional guidance of its Chief Editor, Mr. Prem Chumber for the dissemination of our cultural, social and religious activities for overall welfare of the community.

Let us all participate in the 34th Anniversary celebrations of Pittsburg Gurughar scheduled to be held at the temple on June 30,2019 with three days Akhand Path commencing on 28th june,2019 with a spirit of co-operation,dedication and commitment.



**With best wishes.**
**Sewadar,**
**O.P.Balley**
**General Secretary**
**Supreme Council,USA**





ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ
ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ
ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।
ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਯੂਨਾਈਟਿਡ ਅਵੇਅਰਨੈਸ ਕਮੇਟੀ ਆਫ ਕੈਲੇਫੋਰਨੀਆ (ਯੂ.ਐਸ.ਏ)







ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ। ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਕਸ਼ਮੀਰੀ ਭਾਟੀਆ (ਪ੍ਰਧਾਨ)
## ਅਤੇ ਸਮੂਹ ਭਾਟੀਆ ਪਰਿਵਾਰ




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR
## and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 30 ਜੂਨ ਨੂੰ ਮਨਾਇਆ ਜਾਵੇਗਾ

## ਵਰਿੰਦਰਜੀਤ ਸਿੰਘ ਅਤੇ ਦਲਵੀਰ ਕੌਰ ਆਪਣੀ ਤੀਸਰੀ ਵਿਆਹ ਦੀ ਵਰ੍ਹੇਗੰਢ 'ਤੇ ਗੁਰੂ ਘਰ ਹੋਏ ਨਤਮਸਤਕ










(ਰਿਪੋਰਟ ਅਤੇ ਤਸਵੀਰਾਂ- ਦੇਸ਼ ਦੁਆਬਾ)

**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਪ੍ਰੋਗਰਾਮਾਂ ਦੌਰਾਨ ਲੰਘੇ ਐਤਵਾਰ ਨੂੰ ਗੁਰੂ ਘਰ ਦੇ ਸ਼ਰਧਾਲੂ ਸ੍ਰੀ ਪਰਸ ਰਾਮ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਜਸਵਿੰਦਰ ਕੌਰ ਵੱਲੋਂ ਆਪਣੀ ਲੜਕੀ ਸ੍ਰੀਮਤੀ ਦਲਵੀਰ ਕੌਰ ਸੁਪਤਨੀ ਸ੍ਰੀ ਵਰਿੰਦਰਜੀਤ ਸਿੰਘ ਦੇ ਵਿਆਹ ਦੀ ਤੀਜੀ ਵਰ੍ਹੇਗੰਢ ਬਹੁਤ ਚਾਵਾਂ ਨਾਲ ਅਤੇ ਬੜੇ ਸਤਿਕਾਰ ਨਾਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਅਤੇ ਕੀਰਤਨ ਕਰਵਾ ਕੇ ਵਰ੍ਹੇਗੰਢ ਮਨਾਈ ਗਈ।

ਇਸ ਮੌਕੇ ਗੁਰੂ ਘਰ ਦਾ ਜਥਾ ਭਾਈ ਸਾਹਿਬ ਓਮਪਾਲ ਸਿੰਘ ਅਤੇ ਭਾਈ ਗੁਰਨਾਮ ਸਿੰਘ ਜੀ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੁਹਾਗ ਜੋੜੀ ਅਤੇ ਦੋਵੇਂ ਪਰਿਵਾਰਾਂ ਦੀ ਰਾਜੀ-ਖੁਸ਼ੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ। ਇਹਨਾਂ ਤੋਂ ਇਲਾਵਾ ਬੀਬੀ ਕਮਲਜੀਤ ਕੌਰ ਭਾਟੀਆ ਅਤੇ ਬੀਬੀ ਸਤਨਾਮ ਕੌਰ ਨੇ ਵੀ ਸ਼ਬਦ ਗਾਇਨ ਕੀਤਾ ਅਤੇ ਦੋਵੇਂ ਪਰਿਵਾਰਾਂ ਨੂੰ ਦਿਲੀ ਹਾਰਦਿਕ ਵਧਾਈ ਦਿੱਤੀ। ਇਸ ਸ਼ੁਭ ਅਵਸਰ 'ਤੇ ਸ੍ਰੀ ਪਰਸ ਰਾਮ ਅਤੇ ਭਰਾ ਸ੍ਰੀ ਸ਼ਾਮ ਲਾਲ ਯੂਬਾ ਸਿਟੀ ਵਾਲੇ ਪਰਿਵਾਰਾਂ ਤੋਂ ਇਲਾਵਾ ਇੰਗਲੈਂਡ ਅਤੇ ਕੈਨੇਡਾ ਤੋਂ ਵੀ ਰਿਸ਼ਤੇਦਾਰਾਂ ਨੇ ਸ਼ਿਰਕਤ ਕਰਕੇ ਵਧਾਈ ਸਾਂਝੀ ਕੀਤੀ। ਕਾਕਾ ਵਰਿੰਦਰਜੀਤ ਸਿੰਘ ਦੇ ਮਾਤਾ-ਪਿਤਾ ਸ੍ਰੀ ਕਸ਼ਮੀਰ ਸਿੰਘ ਅਤੇ ਸ੍ਰੀਮਤੀ ਕਸ਼ਮੀਰ ਕੌਰ ਇੰਗਲੈਂਡ ਤੋਂ ਉਚੇਚੇ ਤੌਰ 'ਤੇ ਹਾਜ਼ਰ ਹੋਏ ਅਤੇ ਗੁਰੂ ਘਰ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ। ਸ੍ਰੀ ਪਰਸ ਰਾਮ ਅਤੇ ਸ੍ਰੀ ਸ਼ਾਮ ਲਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਸਾਬਕਾ ਪ੍ਰਧਾਨ ਸਲਿੰਦਰ ਭਾਟੀਆ ਦੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਹਨ, ਉਹਨਾਂ ਵੀ ਦੋਵੇਂ ਪਰਿਵਾਰਾਂ ਨੂੰ ਵਧਾਈ ਦਿੱਤੀ। ਇਸ ਸ਼ੁਭ ਦਿਹਾੜੇ ਤੇ ਮਾਣਯੋਗ ਸ੍ਰੀ ਓ. ਪੀ. ਬਾਲੀ ਜੀ ਨੇ ਸਟੇਜ ਦੀਆਂ ਸੇਵਾਵਾਂ ਨਿਭਾਉਂਦਿਆਂ ਆਪਣੇ ਅਤੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਦੋਹਾਂ ਪਰਿਵਾਰਾਂ ਨੂੰ ਵਧਾਈ ਦਿੰਦਿਆਂ ਚੰਗੇ ਜੀਵਨ ਲਈ ਸ਼ੁਭ ਕਾਮਨਾਵਾਂ ਕੀਤੀਆਂ। ਉਹਨਾਂ ਤੋਂ ਇਲਾਵਾ ਗੁਰੂ ਘਰ ਦੇ ਸਾਬਕਾ ਜਨਰਲ ਸਕੱਤਰ ਸ੍ਰੀ ਅਭਿਸ਼ੇਕ ਪਾਲ ਨੇ ਵੀ ਦੋਹਾਂ ਪਰਿਵਾਰਾਂ ਨੂੰ ਵਧਾਈ ਦੇ ਦੋ ਸ਼ਬਦ ਸਟੇਜ ਤੋਂ ਰੱਖਦਿਆਂ ਵਰਿੰਦਰਜੀਤ ਸਿੰਘ ਨੂੰ ਆਪਣੇ ਨਾਲ ਹੰਢਾਏ ਬਚਪਨ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਤੇ ਹੋਰ ਮੈਂਬਰਾਨ ਵੀ ਇਸ ਮੌਕੇ ਹਾਜ਼ਰੀਆਂ ਭਰ ਕੇ ਗੁਰਬਾਣੀ ਨੂੰ ਸਰਵਣ ਕੀਤਾ। ਉਥੇ ਦੋਹਾਂ ਪਰਿਵਾਰਾਂ ਨੂੰ ਵਧਾਈ ਦਿੱਤੀ। ਅਦਾਰਾ 'ਦੇਸ਼ ਦੁਆਬਾ' ਵੱਲੋਂ ਸ੍ਰੀ ਪ੍ਰੇਮ ਕੁਮਾਰ ਚੁੰਬਰ ਨੇ ਦੋਵਾਂ ਪਰਿਵਾਰਾਂ ਨਾਲ ਖੁਸ਼ੀ ਸਾਂਝੀ ਕਰਦਿਆਂ ਸ਼ਬਦ ਗਾਇਨ ਫੇਸਬੁੱਕ ਤੇ ਲਾਈਵ ਕਰਕੇ ਆਪਣੀ ਹਾਜ਼ਰੀ ਲਗਵਾਈ।

**ਅਖੀਰ ਸ੍ਰੀ ਓ. ਪੀ. ਬਾਲੀ ਜੀ ਨੇ ਸਭ ਸੰਗਤਾਂ ਦਾ ਧੰਨਵਾਦ ਕਰਦਿਆਂ, ਸੰਗਤਾਂ ਨੂੰ ਪ੍ਰਬੰਧਕ ਕਮੇਟੀ ਵੱਲੋਂ ਸਨਿਮਰ ਬੇਨਤੀ ਕੀਤੀ ਕਿ ਜੂਨ 30 ਨੂੰ ਗੁਰੂ ਘਰ ਦਾ 34ਵਾਂ ਸਥਾਪਨਾ ਦਿਵਸ ਮਨਾਇਆ ਜਾਣਾ ਹੈ, 28 ਜੂਨ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ 10 ਵਜੇ ਆਰੰਭ ਹੋਣਗੇ ਅਤੇ 29 ਜੂਨ ਨੂੰ ਸ਼ਨਿਚਰਵਾਰ ਨੂੰ 11 ਵਜੇ ਨਿਸ਼ਾਨ ਸਾਹਿਬ ਚੜ੍ਹਾਏ ਜਾਣਗੇ ਅਤੇ 30 ਜੂਨ ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ 34ਵਾਂ ਸਥਾਪਨਾ ਦਿਵਸ ਮਨਾਇਆ ਜਾਵੇਗਾ ਤੇ ਉਸ ਦਿਨ ਸਭ ਨੂੰ ਸਨਿਮਰ ਬੇਨਤੀ ਹੈ ਕਿ ਸਾਰੇ ਲੋਕੀ ਆਪੋ-ਆਪਣੇ ਪਰਿਵਾਰਾਂ ਦੇ ਨਾਲ-ਨਾਲ ਹੋਰ ਵੀ ਸੰਗਤਾਂ ਨੂੰ ਲਿਆਓ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਹਰਗੋਬਿੰਦ ਮਹਾਰਾਜ ਦੇ ਪ੍ਰਕਾਸ਼ ਦਿਹਾੜਾ ਮਨਾਇਆ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਕਬੀਰ ਮਹਾਰਾਜ ਜੀ, ਧੰਨ ਧੰਨ ਸਤਿਗੁਰੂ ਗੁਰੂ ਹਰਗੋਬਿੰਦ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਪੁਰਬ, ਧੰਨ ਧੰਨ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਪਾਵਨ ਪਵਿੱਤਰ ਛਤਰ ਛਾਇਆ ਹੇਠ 1!, 22, 23 ਜੂਨ 2019, ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਬੜੀ ਸ਼ਰਧਾ ਅਤੇ ਧੂੰਮ-ਧਾਮ ਨਾਲ ਮਨਾਏ ਗਏ, ਜਿਸ ਵਿਚ ਜੂਨ 21 ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 23 ਜੂਨ 2019 ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਮਨਜੀਤ ਸਿੰਘ ਜੀ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਾਲੇ ਨੇ ਗੁਰਬਾਦੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਗੁਰੂ ਘਰ ਦੇ ਸੇਵਾਦਾਰ ਸ. ਗੁਰਚੇਤਨ ਸਿੰਘ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਸ੍ਰੀ ਰਾਮ ਸੇਵਕ ਭਾਟੀਆ ਜੀ (ਹੈਡ ਕੈਸ਼ੀਅਰ ਗੁਰੂ ਘਰ) ਵੱਲੋਂ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਗਈ। ਭਾਈ ਗੁਰਦੀਪ ਸਿੰਘ ਜੀ ਹੀਰਾ ਨੇ ਆਪਣੀਆਂ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ. ਮਨਜੀਤ ਸਿੰਘ (ਦੀ ਤਾਜ ਰੈਸਟੋਰੈਂਟ ਵਾਲੇ) ਵੱਲੋਂ ਇਸ ਸਮਾਗਮ ਵਿਚ ਲੰਗਰਾਂ ਦੀ ਸੇਵਾ ਕੀਤੀ ਗਈ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।








ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

## ਕਸ਼ਮੀਰ ਬਾਲੀ
## ਅਤੇ ਸਮੂਹ ਬਾਲੀ ਪਰਿਵਾਰ





ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।



## ਗੁਰਨਾਮ ਸਿੰਘ ਰੱਤੂ
## ਅਤੇ ਸਮੂਹ ਰੱਤੂ ਪਰਿਵਾਰ

# ਸ੍ਰੀ ਵਿਨੋਦ ਕੁਮਾਰ ਚੁੰਬਰ ਦੇ ਭਾਰਤ ਦੌਰੇ ਦੀਆਂ ਕੁਝ ਝਲਕੀਆਂ

ਸ੍ਰੀ ਵਿਨੋਦ ਕੁਮਾਰ ਚੁੰਬਰ (ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ), ਕੈਲੇਫੋਰਨੀਆ ਆਪਣੇ ਦੋ ਹਫਤੇ ਦੇ ਦੌਰੇ 'ਤੇ ਭਾਰਤ ਗਏ ਅਤੇ ਉਹਨਾਂ ਨੇ ਕੌਮ ਦੇ ਮਿਸ਼ਨਰੀ ਗਾਇਕਾਂ ਅਤੇ ਲਿਖਾਰੀਆਂ ਨਾਲ ਮਿਲ ਕੇ ਉਹਨਾਂ ਦਾ ਕੌਮ ਦੇ ਲਈ ਕੰਮ ਕਰਨ ਲਈ ਧੰਨਵਾਦ ਕੀਤਾ।

ਜਿਹਨਾਂ ਵਿਚ ਰੂਪ ਲਾਲ ਧੀਰ, ਰਾਜ ਦਦਰਾਲ, ਕਮਲ ਤੱਲਣ, ਰਜਨੀ ਠੱਕਰਵਾਲ, ਬਲਵਿੰਦਰ ਬਿੱਟੂ ਅਤੇ ਸੰਤੋਖ ਸਿੰਘ ਸ਼ਾਮਲ ਸਨ। ਵਿਨੋਦ ਕੁਮਾਰ ਚੁੰਬਰ ਨੇ ਥੋੜ੍ਹੇ-ਥੋੜ੍ਹੇ ਵਕਤ ਵਿਚ ਡਾ. ਬੀ. ਆਰ. ਅੰਬੇਦਕਰ ਦਾ ਜਨਮ ਦਿਨ ਮਨਾਇਆ, ਜਿਸ ਵਿਚ ਬੀਬੀ ਸੰਤੋਸ਼ ਕੁਮਾਰੀ, ਬਲਵੰਤ ਸਿੰਘ, ਬਲਦੇਵ ਸਿੰਘ, ਮੋਹਨ ਲਾਲ, ਰਮਨ ਮੋਹੀ ਅਤੇ ਬਹੁਤ ਸਾਰੇ ਬੁਲਾਰਿਆਂ ਨੇ ਹਿੱਸਾ ਲਿਆ।

ਕੌਮ ਦੇ ਮਿਸ਼ਨਰੀ ਬਲਵੰਤ ਬਿੱਟੂ, ਕਮਲ ਤੱਖਰ ਅਤੇ ਰਜਨੀ ਨੇ ਮਿਸ਼ਨਰੀ ਗੀਤ ਗਾਏ। ਬਹੁਤ ਘੱਟ ਸਮਾਂ ਕੱਢ ਕੇ ਉਹ ਸ੍ਰੀ ਗੁਰੂ ਰਵਿਦਾਸ ਜੀ ਦੇ ਪਵਿੱਤਰ ਸਥਾਨ ਖੁਰਾਲਗੜ੍ਹ ਵਿਖੇ ਨਤਮਸਤਕ ਹੋਏ। ਕੌਮ ਦੀ ਉਭਰਦੀ ਕਲਾਕਾਰ ਜਿਮੀ ਮਾਹੀ ਨੂੰ ਵੀ ਮਿਲੇ। ਇਹ 2 ਹਫਤਿਆਂ ਦਾ ਦੌਰਾ ਬਹੁਤ ਕਾਮਯਾਬ ਰਿਹਾ। ਮਿਸ਼ਨਰੀ ਭਰਾਵਾਂ ਅਤੇ ਭੈਣਾਂ ਨੂੰ ਭਰੋਸਾ ਦਿਵਾਇਆ ਕਿ ਆਉਣ ਵਾਲੇ ਸਮੇਂ ਵਿਚ ਉਹਨਾਂ ਦਾ ਹਮੇਸ਼ਾ ਸਾਥ ਦੇਣਗੇ।





























ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ।

ਆਓ ਆਪਾਂ ਸਾਰੇ ਰਲ-ਮਿਲ ਕੇ ਇਸ ਮਹਾਨ ਸਮਾਗਮ ਵਿਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਸ਼ਲਿੰਦਰ ਭਾਟੀਆ (ਸਾਬਕਾ ਪ੍ਰਧਾਨ)**

**ਅਤੇ ਸਮੂਹ ਭਾਟੀਆ ਪਰਿਵਾਰ**

# TANDOOR
## Indian Restaurant

**27167 Mission Blvd. Hayward, CA 95544**

ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ




WE ARE SPECIALIST IN CATERING & SPECIAL ITEMS ARE AVAILABLE HERE:

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

**Ph. 510-885-1212, Fax. 510-885-1532**

**We are open seven days 11 AM to 10 PM**

# ਮੌਸਮੀ ਤਬਦੀਲੀਆਂ ਦੀ ਭਾਰਤ ਨੂੰ ਮਾਰ: ਸਰਕਾਰ ਦੇ ਜਾਗਣ ਦਾ ਵੇਲਾ



ਡਾ. ਗੁਰਿੰਦਰ ਕੌਰ
001-408-493-9776

ਮਈ ਦੇ ਅਖ਼ਰੀਲੇ ਹਫ਼ਤੇ ਅਤੇ ਜੂਨ ਦੇ ਪਹਿਲੇ ਹਫ਼ਤੇ ਵਿਚ ਭਾਰਤ ਦੇ ਕਈ ਸ਼ਹਿਰਾਂ ਦਾ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਮੌਸਮ ਨਿਗਰਾਨੀ ਵੈਬਸਾਈਟ ਐਲ. ਡੋਰਾਡੋ ਅਨੁਸਾਰ 2 ਅਤੇ 3 ਜੂਨ ਦੇ ਦਿਨਾਂ ਦੇ ਵਿਚਕਾਰ ਦੁਨੀਆ ਦੇ 15 ਸੱਭ ਤੋਂ ਗਰਮ ਸ਼ਹਿਰਾਂ ਵਿਚੋਂ 11 ਭਾਰਤ ਅਤੇ ਬਾਕੀ ਦੋ ਪਾਕਿਸਤਾਨ ਦੇ ਸਨ। ਗਰਮੀ ਦਾ ਆਲ੍ਹਮ ਇਹ ਹੈ ਕਿ ਦੇਸ ਦੇ ਅੱਧੇ ਤੋਂ ਜ਼ਿਆਦਾ ਹਿੱਸਿਆਂ ਵਿਚ ਲੂ ਚੱਲ ਰਹੀ ਹੈ। ਦੇਸ ਵਿਚ ਗਰਮੀ ਦਾ ਕਹਿਰ ਲਗਾਤਾਰ ਵਧਦਾ ਜਾ ਰਿਹਾ ਹੈ, ਮੈਦਾਨੀ ਇਲਾਕਿਆਂ ਤੋਂ ਲੈ ਕੇ ਪਹਾੜੀ ਰਾਜਾਂ ਤੱਕ ਗਰਮੀ ਅਤੇ ਲੂ ਦੀ ਦੋਹਰੀ ਮਾਰ ਪੈ ਰਹੀ ਹੈ। ਰਾਜਸਥਾਨ ਵਿਚ ਇਸ ਵਾਰ ਗਰਮੀ ਦੇ ਨਵੇਂ ਰਿਕਾਰਡ ਬਣ ਰਹੇ ਹਨ। ਰਾਜਸਥਾਨ ਦੇ ਚੁਰੂ ਸ਼ਹਿਰ ਵਿਚ 2 ਜੂਨ ਨੂੰ ਦੇਸ ਦੇ ਸੱਭ ਤੋਂ ਵੱਧ ਤਾਪਮਾਨ 50.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਇਹ ਹੁਣ ਤੱਕ ਦਾ ਚੁਰੂ ਦਾ ਸੱਭ ਤੋਂ ਵੱਧ ਤਾਪਮਾਨ ਦੱਸਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ 2016 ਵਿਚ ਇੱਥੋਂ ਦਾ ਵੱਧ ਤੋਂ ਵੱਧ ਤਾਪਮਾਨ 50.2 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ ਸੀ। ਇਸ ਤੋਂ ਇਲਾਵਾ ਰਾਜਸਥਾਨ ਦੇ ਸ੍ਰੀ ਗੰਗਾਨਗਰ ਦਾ ਤਾਪਮਾਨ 1 ਜੂਨ ਨੂੰ 49.6 ਡਿਗਰੀ ਸੈਲਸੀਅਸ ਸੀ ਜਿਸਨੇ ਇਥੋਂ ਦੀ 75 ਸਾਲਾਂ ਦਾ ਰਿਕਾਰਡ ਤੋੜ ਦਿੱਤਾ।

ਚੁਰੂ ਵਿਚ ਇੰਨੀ ਜ਼ਿਆਦਾ ਗਰਮੀ ਪੈ ਰਹੀ ਹੈ ਜਿਸ ਨਾਲ ਇੱਥੋਂ ਦੀਆਂ ਸੜਕਾਂ ਤੱਕ ਪਿਘਲਨ ਲੱਗ ਗਈਆਂ ਹਨ। ਇਸ ਤੋਂ ਇਲਾਵਾ ਦੇਸ ਦੇ ਉੱਤਰੀ ਰਾਜਾਂ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ, ਊਨਾ, ਮੰਡੀ, ਸਿਰਮੌਰ ਅਤੇ ਸੋਲਨ ਆਦਿ ਪੰਜਾਬ ਨਾਲ ਲੱਗਦੇ ਹੇਠਲੇ ਜ਼ਿਲ੍ਹਿਆਂ ਵਿਚ ਵੀ ਤਾਪਮਾਨ 45 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਚੁੱਕਿਆ ਹੈ। 2 ਜੂਨ ਨੂੰ ਪੰਜਾਬ ਵਿਚ ਬਠਿੰਡੇ ਦਾ ਤਾਪਮਾਨ 46 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ ਜੋ ਰਾਜ ਵਿਚ ਸੱਭ ਤੋਂ ਜ਼ਿਆਦਾ ਸੀ। ਅਸਲ ਵਿਚ ਇਸ ਸਾਲ ਦੀ ਸ਼ੁਰੂਆਤ ਵਿਚ ਹੀ ਮੌਸਮੀ ਤਬਦੀਲੀਆਂ ਦੇ ਕਹਿਰ ਦੀ ਆਮਦ ਦਾ ਅਸਰ ਦਿਖਾਈ ਦੇਣ ਲੱਗ ਗਿਆ ਸੀ। ਜੇਕਰ ਅਸੀਂ ਥੋੜ੍ਹਾ ਜਿਹਾ ਪਿੱਛੇ ਜਾ ਕੇ ਉੱਤਰੀ ਭਾਰਤ ਦੇ ਦਸੰਬਰ, ਜਨਵਰੀ, ਫਰਵਰੀ ਅਤੇ ਮਾਰਚ ਦੇ ਮਹੀਨਿਆਂ ਦੇ ਤਾਪਮਾਨ ਉੱਤੇ ਝਾਤ ਮਾਰੀਏ ਤਾਂ ਸਾਨੂੰ ਸਹਿਜੇ ਹੀ ਯਾਦ ਆ ਜਾਵੇਗਾ ਕਿ ਇਸ ਵਾਰ ਸਰਦੀ ਦਾ ਮੌਸਮ ਆਮ ਨਾਲੋਂ ਲੰਬਾ ਅਤੇ ਜ਼ਿਆਦਾ ਠੰਡਾ ਰਿਹਾ ਹੈ। ਮਾਰਚ ਮਹੀਨੇ ਦੇ ਅੰਤ ਤੱਕ ਸਰਦੀ ਦਾ ਮੌਸਮ ਰਿਹਾ ਅਤੇ ਅਪ੍ਰੈਲ ਵਿਚ ਇਕਦਮ ਤਾਪਮਾਨ ਵਧਣਾ ਸ਼ੁਰੂ ਹੋ ਗਿਆ ਅਤੇ ਪੱਖੇ ਅਤੇ ਕੂਲਰ ਚੱਲਣ ਲੱਗ ਪਏ ਅਤੇ ਹੁਣ ਮਈ ਅਤੇ ਜੂਨ ਦੇ ਮਹੀਨਿਆਂ ਵਿਚ ਤਾਪਮਾਨ ਦੇ ਵਾਧੇ ਦੇ ਰਿਕਾਰਡ ਵੀ ਟੁੱਟਣ ਲੱਗੇ ਹਨ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਜਦੋਂ ਉੱਤਰੀ ਭਾਰਤ ਦੇ ਰਾਜ ਫਰਵਰੀ ਅਤੇ ਮਾਰਚ ਵਿਚ ਸਰਦੀ ਦਾ ਸੰਤਾਪ ਝੱਲ ਰਹੇ ਸਨ ਉਸ ਸਮੇਂ ਦੇਸ ਦੇ ਕੇਰਲ, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਤੇਲੇਗਾਨਾ ਆਦਿ ਵਰਗੇ ਦੱਖਣੀ ਰਾਜ ਔਸਤ ਨਾਲੋਂ ਵੱਧ ਤਾਪਮਾਨ ਦੀ ਮਾਰ ਝੱਲ ਰਹੇ ਸਨ। ਇਨ੍ਹਾਂ ਰਾਜਾਂ ਵਿਚ ਫ਼ਰਵਰੀ ਅਤੇ ਮਾਰਚ ਦੇ ਮਹੀਨੇ ਔਸਤ ਨਾਲੋਂ ਗਰਮ ਰਹੇ ਹਨ। ਮੌਸਮੀ ਤਬਦੀਲੀ ਦਾ ਇਕ ਹੋਰ ਹੈਰਾਨੀਜਨਕ ਤੱਥ ਕਿ ਇਸ ਸਾਲ ਭਾਵ 2019 ਵਿਚ ਸਰਦੀ ਦੀ ਰੁੱਤ ਤੋਂ ਬਾਅਦ ਇਕਦਮ ਗਰਮੀ ਦੀ ਰੁੱਤ ਆ ਗਈ ਅਤੇ ਬਸੰਤ ਰੁੱਤ ਵਿਚੋਂ ਗਾਇਬ ਹੀ ਹੋ ਗਈ ਜਿਸ ਦਾ ਹਰ ਕਿਸੇ ਨੂੰ ਇੰਤਜ਼ਾਰ ਰਹਿੰਦਾ ਹੈ, ਪਰ ਅਫ਼ਸੋਸ ਇਸ ਵਾਰ ਆਮ ਲੋਕਾਂ ਦਾ ਧਿਆਨ ਹੀ ਨਹੀਂ ਗਿਆ ਕਿ ਸਾਡੇ ਦੇਸ ਦੇ ਮੌਸਮ ਵਿਚ ਕਿਸ ਕਦਰ ਬਦਲਾਅ ਆ ਰਿਹਾ ਹੈ ਕਿਉਂਕਿ ਉਨ੍ਹਾਂ ਨੂੰ ਤਾਂ ਨੇਤਾਵਾਂ ਨੇ ਚੋਣਾਂ ਹੋਣ ਕਰਕੇ ਆਪਣੇ ਵਾਅਦਿਆਂ ਅਤੇ ਦਾਅਵਿਆਂ ਵਿਚ ਹੀ ਉਲਝਾਇਆ ਹੋਇਆ ਸੀ।



ਗਰਮੀਆਂ ਵਿਚ ਗਰਮ ਹਵਾਵਾਂ ਦੀਆਂ ਅਤੇ ਸਰਦੀਆਂ ਵਿਚ ਠੰਡੀਆਂ ਹਵਾਵਾਂ ਚੱਲਣ ਦੀਆਂ ਘਟਨਾਵਾਂ ਵਿਚ ਵਾਧਾ ਤਾਂ ਕਈ ਸਾਲਾਂ ਤੋਂ ਹੋ ਰਿਹਾ ਹੈ ਅਤੇ ਇਸ ਸੰਬੰਧ ਵਿਚ ਮਿਨਸਟਰੀ ਆਫ਼ ਸਟੈਟਿਕਟਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ ਦੇ ਅਨੁਸਾਰ ਪਿੱਛਲੇ ਦੋ ਸਾਲਾਂ ਵਿਚ ਭਾਰਤ ਵਿਚ ਗਰਮ ਹਵਾਵਾਂ ਚੱਲਣ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋਇਆ ਹੈ। ਗਰਮ ਹਵਾਵਾਂ ਦੀਆਂ ਘਟਨਾਵਾਂ ਵਿਚ 2017 ਵਿਚ 2016 ਨਾਲੋਂ 14 ਗੁਣਾ ਅਤੇ ਠੰਡੀਆਂ ਹਵਾਵਾਂ ਦੀਆਂ ਘਟਨਾਵਾਂ ਵਿਚ 34 ਗੁਣਾ ਵਾਧਾ ਹੋਇਆ ਹੈ। ਆਂਧਰਾ ਪ੍ਰਦੇਸ਼ ਦੇ ਮੇਂਡਕ ਜ਼ਿਲ੍ਹੇ ਵਿਚ 2001 ਤੋਂ 2018 ਤੱਕ ਦੇ ਫ਼ਰਵਰੀ ਅਤੇ ਮਾਰਚ ਦੇ ਮਹੀਨਿਆਂ ਦੇ ਔਸਤ ਤਾਪਮਾਨ ਤੋਂ 2019 ਵਿਚ 3.94 ਡਿਗਰੀ ਵਾਧਾ ਆਂਕਿਆ ਗਿਆ ਹੈ।

ਇਨ੍ਹਾਂ ਮਹੀਨਿਆਂ ਵਿਚ ਔਸਤ ਤਾਪਮਾਨ 36.62 ਡਿਗਰੀ ਸੈਲਸੀਅਸ ਸੀ ਜਿਹੜਾ ਹੁਣ ਵਧ ਕੇ 40.56 ਹੋ ਗਿਆ ਹੈ ਜਦਕਿ ਇਸ ਤੋਂ ਬਿਲਕੁਲ ਉਲਟ ਮੱਧਪ੍ਰਦੇਸ਼ ਦੇ ਵਿਦੀਸ਼ਾ ਜ਼ਿਲ੍ਹੇ ਦੀ ਤਹਿਸੀਲ ਸ਼੍ਰੀਰੰਜ ਦਾ ਤਾਪਮਾਨ, ਇਸ ਸਾਲ ਇਸੇ ਸਮੇਂ ਵਿਚ 27.87 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਜਿਹੜਾ ਔਸਤ (34.11 ਡਿਗਰੀ ਸੈਲਸੀਅਸ) ਤੋਂ 6.24 ਡਿਗਰੀ ਸੈਲਸੀਅਸ ਘੱਟ ਸੀ। ਤਾਪਮਾਨ ਵਿਚ ਤੇਜ਼ੀ ਨਾਲ ਤਬਦੀਲੀ ਸਿਰਫ਼ ਗਰਮੀ ਅਤੇ ਸਰਦੀ ਰੁੱਤ ਵਿਚ ਹੀ ਨਹੀਂ ਆ ਰਹੀ ਹੈ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਦੇਸ ਦੇ ਦੱਖਣੀ ਰਾਜਾਂ ਵਿਚ ਰਾਤ ਦੇ ਔਸਤ ਤਾਪਮਾਨ ਵਿਚ ਵੀ ਵਾਧਾ ਦਰਜ ਕੀਤਾ ਗਿਆ ਹੈ। ਤਾਮਿਲਨਾਡੂ ਦੀਆਂ 88 ਫ਼ੀਸਦ ਤਹਿਸੀਲਾਂ ਵਿਚ ਰਾਤ ਦੇ ਔਸਤ ਤਾਪਮਾਨ ਵਿਚ 6.1 ਡਿਗਰੀ ਤੋਂ ਲੈ ਕੇ 2.9 ਡਿਗਰੀ ਸੈਲਸੀਅਸ ਤੱਕ ਵਾਧਾ ਆਂਕਿਆ ਗਿਆ ਹੈ ਜੋ ਕਿ ਹੋਰ ਚਿੰਤਾ ਦਾ ਵਿਸ਼ਾ ਹੈ। ਅੱਤ ਦੀ ਗਰਮੀ ਅਤੇ ਸਰਦੀ ਤੋਂ ਬਾਅਦ ਹੁਣ ਕੁਝ ਰਾਜਾਂ ਵਿਚ ਝੱਖੜ, ਤੂਫ਼ਾਨ ਅਤੇ ਹਨ੍ਹੇਰੀਆਂ ਆਉਣ ਨਾਲ ਵੀ ਭਾਰੀ ਨੁਕਸਾਨ ਹੋ ਰਿਹਾ ਹੈ।

ਇਸ ਦੇ ਨਾਲ ਨਾਲ ਹਾਲ ਵਿੱਚ ਮੌਸਮ ਵਿਭਾਗ ਨੇ ਇਹ ਵੀ ਖ਼ੁਲਾਸਾ ਕੀਤਾ ਹੈ ਕਿ ਪਿੱਛਲੇ 65 ਸਾਲਾਂ ਦੇ ਰਿਕਾਰਡ ਅਨੁਸਾਰ ਇਸ ਸਾਲ ਮਾਰਚ ਤੋਂ ਮਈ ਤੱਕ ਦੇ ਮਹੀਨਿਆਂ ਵਿਚ ਸੱਭ ਤੋਂ ਘੱਟ ਮੀਂਹ ਪਿਆ ਹੈ ਅਤੇ ਇਸ ਸਾਲ ਐਲਨੀਨੋ ਦੀ ਆਮਦ ਦਾ ਵੀ ਖੰਦਸ਼ਾ ਹੈ ਕਿਉਂਕਿ ਸਮੁੰਦਰ ਦੇ ਪਾਣੀ ਦਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ ਜੇ ਐਲਨੀਨੋ ਦੀ ਆਮਦ ਹੋ ਜਾਂਦੀ ਹੈ ਤਾਂ ਇਸ ਸਾਲ (2019) ਵਿਚ 2018 ਨਾਲੋਂ ਵੀ ਔਸਤ ਤਾਪਮਾਨ ਵਧ ਸਕਦਾ ਹੈ ਜਿਸ ਨਾਲ ਆਮ ਮੌਸਮ ਵਿਚ ਹੋਰ ਗੜਬੜ ਹੋ ਸਕਦੀ ਹੈ। ਸਾਲ 2014 ਦੀ ਆਈ.ਪੀ.ਸੀ.ਸੀ. ਦੀ ਇਕ ਰਿਪੋਰਟ ਨੇ ਖ਼ੁਲਾਸਾ ਕੀਤਾ ਸੀ ਕਿ ਧਰਤੀ ਦੇ ਔਸਤ ਤਾਪਮਾਨ ਵਿਚ ਵਾਧੇ ਨਾਲ ਦੁਨੀਆ ਦਾ ਕੋਈ ਵੀ ਦੇਸ ਮੌਸਮੀ ਤਬਦੀਲੀਆਂ ਦੀ ਮਾਰ ਤੋਂ ਬਚ ਨਹੀਂ ਸਕੇਗਾ ਪਰ ਭਾਰਤ ਅਤੇ ਚੀਨ ਨੂੰ ਮੌਸਮੀ ਤਬਦੀਲੀਆਂ ਕਾਰਨ ਭਾਰੀ ਨੁਕਸਾਨ ਹੋ ਸਕਦਾ ਹੈ। ਇਸੇ ਲਈ ਹੀ ਦੁਨੀਆ ਦੇ ਸਾਰੇ ਦੇਸਾਂ ਨੇ ਇਕੱਠੇ ਹੋ ਕੇ 2015 ਵਿਚ ਪੈਰਿਸ ਵਿਚ ਤਾਪਮਾਨ ਦੇ ਵਾਧੇ ਉੱਤੇ ਠੱਲ ਪਾਉਣ ਲਈ ਆਮ ਸਹਿਮਤੀ ਨਾਲ ਇੱਕ ਰੂਪਰੇਖਾ ਉਲੀਕੀ ਸੀ ਜਿਸ ਨੂੰ ਪੈਰਿਸ ਮੌਸਮੀ ਸੰਧੀ ਨਾਲ ਜਾਣਿਆ ਜਾਂਦਾ ਹੈ ਜਿਸ ਵਿਚ ਹਰ ਇਕ ਦੇਸ ਨੇ ਆਪਣੇ ਦੇਸ ਦੇ ਹਿੱਤਾਂ ਅਤੇ ਵਿਕਾਸ ਨੂੰ ਮੱਦੇਨਜ਼ਰ ਰੱਖਦੇ ਹੋਏ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਲਈ ਹਾਮੀ ਵੀ ਭਰੀ, ਪਰ 3 ਸਾਲਾਂ ਬਾਅਦ 2018 ਵਿਚ ਪੋਲੈਂਡ ਦੇ ਸ਼ਹਿਰ ਕਾਟੋਵਿਸ ਇਸ ਸੰਬੰਧੀ ਹੋਈ ਕਾਨਫਰੰਸ ਵਿਚ ਸਾਰੇ ਦੇਸਾਂ ਦੀ ਤਾਪਮਾਨ ਦੇ ਉਦਯੋਗਿਕ ਸਮੇਂ ਦੇ ਔਸਤ ਤਾਪਮਾਨ ਤੋਂ ਵਧ ਤੋਂ ਵਧ ਵਾਧੇ ਭਾਵ 1.5 ਡਿਗਰੀ ਜਾਂ 2.0 ਡਿਗਰੀ ਸੈਲਸੀਅਸ ਬਾਰੇ ਕੋਈ ਰਾਇ ਨਹੀਂ ਬਣ ਸਕੀ ਸੀ। ਜਿਸ ਲਈ ਇਹ ਮੁੱਦਾ ਇਕ ਸਾਲ ਹੋਰ ਲਟਕਾ ਕੇ ਇਸ ਸਾਲ ਹੋਣ ਵਾਲੀ ਕਾਨਫਰੰਸ ਉੱਤੇ ਪਾ ਦਿੱਤਾ ਗਿਆ ਸੀ, ਪਰ ਇਸ ਤਰ੍ਹਾਂ ਦੇਰੀ ਕਰਨ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਵਿਚ ਲਗਾਤਾਰ ਵਾਧਾ ਹੋਈ ਜਾ ਰਿਹਾ ਹੈ ਜਿਸ ਨਾਲ ਤਾਪਮਾਨ ਵਿਚ ਅਣਕਿਆਸੀਆਂ ਤਬਦਲੀਆਂ ਆ ਰਹੀਆਂ ਹਨ। ਹੁਣ ਸਵਾਲ ਉੱਠਦਾ ਹੈ ਕਿ ਜੇਕਰ ਅੰਤਰਰਾਸਟਰੀ ਪੱਧਰ ਉੱਤੇ ਕੁਝ ਨਹੀਂ ਹੋ ਰਿਹਾ ਤਾਂ ਦੇਸ ਆਪਣੇ ਆਪਣੇ ਪੱਧਰ ਉੱਤੇ ਕੀ ਕਰ ਰਹੇ ਹਨ।

ਗਰੀਨ ਹਾਊਸ ਗੈਸਾਂ ਦੇ ਨਿਕਾਸ ਵਿਚ ਕਮੀ ਕਰਨ ਲਈ ਸਭ ਤੋਂ ਪਹਿਲਾਂ ਤੇਲ, ਕੋਇਲੇ ਆਦਿ ਦੀ ਵਰਤੋਂ ਨੂੰ ਘੱਟ ਕਰਕੇ ਕੁਦਰਤੀ ਸਰੋਤਾਂ ਭਾਵ ਹਵਾ, ਪਾਣੀ ਅਤੇ ਸੂਰਜੀ ਸਰੋਤਾਂ ਤੋਂ ਊਰਜਾ ਪੈਦਾ ਕਰਨੀ ਚਾਹੀਦੀ ਹੈ, ਪਰ ਸਾਡੇ ਦੇਸ ਨੇ ਇਸ ਪਾਸੇ ਵੱਲ ਹਾਲੇ ਤੱਕ ਕੋਈ ਉਚੇਚਾ ਉਪਰਾਲਾ ਨਹੀਂ ਕੀਤਾ। ਇਸ ਸੰਬੰਧ ਵਿਚ ਦੂਜਾ ਕਦਮ ਜੰਗਲਾਂ ਦੇ ਕਰਬੇ ਵਿਚ ਵਾਧਾ ਕਰਨਾ ਹੈ ਕਿਉਂਕਿ ਰੁੱਖ ਗਰੀਨ ਹਾਊਸ ਗੈਸਾਂ ਨੂੰ ਕਾਫ਼ੀ ਮਾਤਰਾ ਵਿਚ ਸੋਖ ਜਾਂ ਆਪਣੇ ਵਿਚ ਜ਼ਜ਼ਬ ਕਰ ਲੈਂਦੇ ਹਨ। ਸਾਡੇ ਦੇਸ ਦੇ ਅੰਕੜਿਆਂ ਅਨੁਸਾਰ ਤਾਂ ਪਿੱਛਲੇ ਦੋ ਸਾਲਾਂ ਵਿਚ ਜੰਗਲਾਂ ਥੱਲੇ 1 ਫ਼ੀਸਦ ਰਕਬਾ ਵਧਿਆ ਹੈ, ਪਰ ਅਸਲ ਵਿਚ ਇਸ ਵਿਚੋਂ 82 ਫ਼ੀਸਦ ਰਕਬਾ ਖੇਤੀਬਾੜੀ ਥੱਲੇ ਵਧਿਆ ਹੈ ਜਦਕਿ ਸਿਰਫ਼ 4.4 ਫ਼ੀਸਦ ਜੰਗਲਾਂ ਥੱਲੇ ਵਧਿਆ ਹੈ ਜੋ ਬਹੁਤ ਹੀ ਘੱਟ ਹੈ ਅਤੇ ਨਵੇਂ ਲੱਗੇ ਪੌਦਿਆਂKਰੁੱਖਾਂ ਨੂੰ ਰੁੱਖ ਬਣਨ ਵਿਚ ਕਾਫ਼ੀ ਸਾਲ ਲੱਗ ਜਾਂਦੇ ਹਨ, ਜੋ ਗਰੀਨ ਹਾਊਸ ਗੈਸਾਂ ਨੂੰ ਜ਼ਜਬ ਕਰ ਸਕੇ। ਜੇਕਰ ਅਸੀਂ ਅੰਕੜਿਆਂ ਨੂੰ ਅੱਖੋਂ-ਪਰੋਖੇ ਕਰਕੇ ਆਪਣੇ ਆਲੇ-ਦੁਆਲੇ ਸਰਸਰੀ ਨਜ਼ਰ ਵੀ ਮਾਰ ਲਈਏ ਤਾਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਆਰਥਿਕ ਵਿਕਾਸ ਦੀ ਆੜ ਥੱਲੇ ਵੱਡੇ ਦਰਖਤ ਤੇਜ਼ੀ ਨਾਲ ਕੱਟੇ ਜਾ ਰਹੇ ਹਨ ਜੋ ਕਿ ਇੱਕ ਬਹੁਤ ਹੀ ਖ਼ਤਰਨਾਕ ਵਰਤਾਰਾ ਹੈ।

ਦੇਸ ਵਿਚ ਤੇਜ਼ੀ ਨਾਲ ਬਦਲਦੇ ਮੌਸਮ ਨੂੰ ਦੇਖਦੇ ਹੋਏ ਸਾਡੇ ਦੇਸ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਦੇਸ ਵਿਚ ਵਰਤਣ ਲਈ ਲੋੜੀਦੀਂ ਊਰਜਾ ਕੁਦਰਤੀ ਸਰੋਤਾਂ ਤੋਂ ਪੈਦਾ ਕਰੇ। ਇਸ ਤੋਂ ਇਲਾਵਾ ਆਵਾਜਾਈ ਦੇ ਸਾਧਨਾਂ ਦੇ ਨਿੱਜੀਕਰਨ ਨੂੰ ਘਟਾਉਣ ਲਈ ਜਨਤਕ ਆਵਾਜਾਈ ਦੇ ਸਾਧਨਾਂ ਨੂੰ ਚੁਸਤ ਦਰੁਸਤ ਕਰੇ ਤਾਂ ਕਿ ਲੋਕ ਇਕ ਤੋਂ ਦੂਜੇ ਥਾਂ ਆਰਾਮ ਨਾਲ ਆ ਸਕਣ ਅਤੇ ਜੰਗਲਾਂ ਦੇ ਰਕਬੇ ਵਿਚ ਸੰਜ਼ੀਦਗੀ ਨਾਲ ਵਾਧਾ ਕਰੇ। ਖਾਨਾਪੂਰਤੀ ਕਰਨ ਲਈ ਇਨ੍ਹਾਂ ਅੰਕੜਿਆਂ ਵਿਚ ਫੇਰ ਬਦਲ ਕਰਨ ਤੋਂ ਗੁਰੇਜ਼ ਕਰੇ। ਇਸ ਦੇ ਨਾਲ ਨਾਲ ਦੇਸ ਦੇ ਤੱਟਵਰਤੀ ਇਲਾਕਿਆਂ ਵਿਚਲੀਆਂ ਕੁਦਰਤੀ ਜਲਗਾਹਾਂ ਤੱਟਵਰਤੀ ਇਲਾਕਿਆਂ ਦੇ ਆਰਥਿਕ ਵਿਕਾਸ ਦੇ ਬਹਾਨੇ ਨਵੇਂ ਕਾਨੂੰਨ ਬਣਾ ਕੇ ਬਰਬਾਦ ਨਾ ਕਰੇ। ਜੇਕਰ ਸਰਕਾਰ ਨੇ ਇਸ ਪਾਸੇ ਧਿਆਨ ਨਾ ਦਿੱਤਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਮੌਸਮੀ ਤਬਦੀਲੀਆਂ ਦੀ ਮਾਰ ਸਹਿੰਦਾ ਆਪਣੀ ਹੋਂਦ ਬਚਾਉਣ ਤੋਂ ਅਸਮਰੱਥ ਹੋ ਜਾਵੇਗਾ।

# ਪ੍ਰੋਫ਼ੈਸਰ ਜਿਓਗਰਫ਼ੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ਯੂਬਾ ਸਿਟੀ ਦੀ ਮਾਸਿਕ ਇਕੱਤਰਤਾ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.) ਸੈਕਰਾਮੈਂਟੋ/ਯੂਬਾ ਸਿਟੀ ਦੀ ਮਾਸਿਕ ਇਕੱਤਰਤਾ, ਸਭਾ ਦੀ ਦੋ ਸਾਲ ਲਈ ਬਣਾਈ ਗਈ ਨਵੀ ਕਮੇਟੀ ਦੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਦੀ ਪ੍ਰਧਾਨਗੀ ਅਧੀਨ, ਮਾਊਟੇਨ ਮਾਈਕ ਪੀਜਾ 5640- ਅੱਬਰਨ ਬੁਲੇਵਾਰਡ ਸੈਕਰਾਮੈਂਟੋ ਵਿਖੇ ਹੋਈ! ਪਹਿਲਾਂ ਅੱਧਾ ਘੰਟਾ ਕਾਰਜਕਰਨੀ ਕਮੇਟੀ ਦੀ ਮੀਟਿੰਗ ਹੋਈ !





ਸਟੇਜ ਸਕੱਤਰ ਦੀ ਸੇਵਾ ਨਿਭਾਉਂਦਿਆਂ ਰਮੇਸ਼ ਬੰਗੜ ਜੀ ਨੇ ਪ੍ਰਧਾਨ ਇੰਦਰਜੀਤ ਸਿੰਘ ਗਰੇਵਾਲ ਥਰੀਕੇ ਨੂੰ ਸਭਾ ਦੀ ਕਾਰਵਾਈ ਸ਼ੁਰੂ ਕਰਨ ਅਤੇ ਨਵੀ ਕਮੇਟੀ ਦੀ ਜਾਣ ਪਛਾਣ ਲਈ, ਅਤੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਲਈ, ਸੱਦਾ ਦਿੱਤਾ!



ਨਵੀ ਕਮੇਟੀ ਵਿੱਚ ਉੱਪ ਪ੍ਰਧਾਨ ਕਮਲ ਬੰਗਾ, ਜਨਰਲ ਸਕੱਤਰ ਰਮੇਸ਼ ਬੰਗੜ ਸਹਾਇਕ ਸਕੱਤਰ ਜੋਤੀ ਸਿੰਘ, ਸ਼ੋਸ਼ਿਲ ਮੀਡੀਆ ਕੋਆਰਡੀਨੇਟਰ ਗੁਰਿੰਦਰ ਸੂਰਾਪੁਰੀ ਅਤੇ ਪ੍ਰਬੰਧਕ ਪਰਮਿੰਦਰ ਸਿੰਘ ਰਾਏ ਅਤੇ ਦਿਲਬਾਗ ਸਿੰਘ ਅਤੇ ਸਲਾਹਕਾਰ ਦਲਵੀਰ ਦਿਲ ਨਿੱਜਰ ਵਾਰੇ ਦੱਸਿਆ ਗਿਆ! ਸਭਾ ਦੇ ਸੰਸਥਾਪਕ ਅਤੇ ਸ੍ਰਪਰਸਤ ਮਹਿੰਦਰ ਸਿੰਘ ਘੱਗ ਅਤੇ ਸਥਾਈ ਡਾਇਰੈਕਟਰ ਹਰਬੰਸ ਸਿੰਘ ਢਿੱਲੋਂ ਜਗਿਆਸੂ ਹਨ!

ਸਭ ਤੌਂ ਪਹਿਲਾਂ ਪੰਜਾਬੀ ਸਾਹਿਤ ਦੇ ਬਾਬਾ ਬੋਹੜ ਪ੍ਰਸਿੱਧ ਪੰਜਾਬੀ ਨਾਵਲਕਾਰ ਜਸਵੰਤ ਸਿੰਘ ਗਿੱਲ "ਕੰਵਲ" ਜੀ ਦਾ ਸੌ ਵਾਂ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ !ਅਤੇ ਪਰਮਾਤਮਾਂ ਅੱਗੇ ਉਹਨਾਂ ਦੀ ਚੰਗੀ ਅਤੇ ਤੰਦਰੁਸਤੀ ਸਿਹਤ ਲਈ ਦੁਆ ਕੀਤੀ ਗਈ!

ਅਤੇ ਬੁਲਾਰਿਆਂ ਨੇ ਕੰਵਲ ਜੀ ਦੇ ਨਾਵਲ ਪੜ ਕੇ ਲਈ ਚੰਗੀ ਜੀਵਨ ਜਾਚ ਦੀ ਸੇਧ ਲਈ ਆਪਣੇ ਅਨੁਭਵ ਅਤੇ ਵਿਚਾਰ ਪੇਸ਼ ਕੀਤੇ! ਉਪਰੰਤ ਤਤਿੰਦਰ ਕੌਰ ਜੀ ਨੇ ਆਪਣੀ ਕਹਾਣੀ ਪੜਕੇ ਸੁਣਾਈ! ਨਵੇਂ ਮੈਂਬਰਾਂ ਵਿੱਚੌਂ ਗੁਰਦੀਪ ਕੌਰ ਜੀ ਨੇ ਆਪਣੀਆਂ ਮਾਤਾ ਜੀ ਦੇ ਸਦੀਵੀ ਵਿਛੋੜੇ ਵਿੱਚ ਰਚਨਾਵਾਂ ਨਾਲ ਪੀੜਾ ਦਰਸਾਈ! ਉਪਰੰਤ ਪੀਜਾ ਬਰੇਕ ਕੀਤੀ ਗਈ!

ਇਸ ਦੌਰਾਨ ਸਭਾ ਦੇ ਸਾਹਿਤਕਾਰ ਜਸ ਫਿਜਾ ਜੀ ਨੇ ਕੁਦਰਤੀ ਵਾਤਾਵਰਣ ਦੇ ਸਬੰਧ ਵਿੱਚ ਲਿਖੀ ਆਪਣੀ ਨਵੀਂ ਕਿਤਾਬ 'ਪਰਲੋ' ਭੇਟ ਕੀਤੀ ਗਈ!

ਅਤੇ ਖਾਣੇ ਦੀ ਬਰੇਕ ਤੌਂ ਬਾਅਦ ਕਵੀ ਦਰਬਾਰ ਵਿੱਚ ਕਰਮਵਾਰ ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰਨ ਵਾਲੇ ਸੱਜਣਾਂ ਨੇ ਆਪੋ ਆਪਣੀਆਂ ਗੀਤ ਕਵਿਤਾਵਾਂ ਗਜ਼ਲਾਂ ਜਾਂ ਵਿਚਾਰਾਂ ਨਾਲ ਸਾਂਝ ਪਾਈ! ਜਿਹਨਾਂ ਵਿੱਚ ਕਮਲ ਬੰਗਾ, ਜੋਤੀ ਸਿੰਘ, ਅਜੈਬ ਸਿੰਘ ਚੀਮਾ, ਜਸ ਫਿਜਾ, ਮਨਜੀਤ ਰੱਲ, ਰਾਠੇਸ਼ਵਰ ਸਿੰਘ ਸੂਰਾਪੁਰੀ, ਜਸਵੰਤ ਸ਼ੀਮਾਰ, ਮੇਜਰ ਭੁਪਿੰਦਰ ਦਲੇਰ, ਚਰਨਜੀਤ ਕੌਰ ਗਰੇਵਾਲ, ਚਰਨਜੀਤ ਸਿੰਘ ਗਰੇਵਾਲ, ਦਿਲਬਾਗ ਸਿੰਘ, ਸੁਖਵਿੰਦਰ ਕੌਰ, ਮਾਤਾ ਗੁਰਮੇਲ ਕੌਰ, ਬਲਜੀਤ ਕੌਰ ਸੋਹੀ, ਫਕੀਰ ਸਿੰਘ ਮੱਲੀ, ਰਮੇਸ਼ ਬੰਗੜ ਅਤੇ ਇੰਦਰ-ਜੀਤ ਸਿੰਘ ਗਰੇਵਾਲ ਥਰੀਕੇ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ!

ਦੇਸ਼ ਦੁਆਬਾ ਅਖਬਾਰ ਦੇ ਸੰਪਾਦਕ/ਮਾਲਕ ਪ੍ਰੇਮ ਕੁਮਾਰ ਚੁੰਬਰ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਹਨਾਂ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ! ਪੰਜਾਬ ਮੇਲ ਅਖਬਾਰ ਦੇ ਸੰਪਾਦਕ/ਮਾਲਕ ਗੁਰਜਤਿੰਦਰ ਸਿੰਘ ਰੰਧਾਵਾ ਆਪਣਾਂ ਕੀਮਤੀ ਸਮਾਂ ਕੱਢ ਕੇ "ਕੰਵਲ" ਜੀ ਦੇ ਜਨਮ ਦਿਵਸ ਦਾ ਕੇਕ ਕੱਟਣ ਉਚੇਚੇ ਤੌਰ ਤੇ ਪਹੁੰਚੇ !

ਵੀਡੀਓਜ ਫੋਟੋਜ ਅਤੇ ਕੇਕ ਦੀ ਸੇਵਾ ਅਰਸ਼ਦੀਪ ਸਿੰਘ ਗਰੇਵਾਲ ਥਰੀਕੇ ਨੇ ਬਾਖੂਬੀ ਨਿਭਾਈ !


ਮਾਊਟੇਨ ਮਾਈਕ ਪੀਜਾ ਦੇ ਮਾਲਕ ਰਨਵੀਰ ਸਿੰਘ ਕਾਹਲੋਂ ਅਤੇ ਸੁੱਖੀ ਕਾਹਲੋਂ ਜੀ ਦਾ ਪਸਸਕ ਨੂੰ ਸਹਿਯੋਗ ਲਈ ਧੰਨਵਾਦ ਕੀਤਾ ਗਿਆ !

ਪਸਸਕ ਨਾਲ ਜੁੜਨ ਜਾਂ ਕਿਸੇ ਵੀ ਤਰਾਂ ਦੀ ਜਾਣਕਾਰੀ ਲਈ ਸੰਪਰਕ ਕੀਤਾ ਜਾ ਸਕਦਾ ਹੈ –;

**(ਪ੍ਰਧਾਨ)**
**ਇੰਦਰਜੀਤ ਸਿੰਘ ਗਰੇਵਾਲ ਥਰੀਕੇ**
**916-248-1535**
**ਜਾਂ**
**ਰਮੇਸ਼ ਬੰਗੜ (ਜਨਰਲ ਸਕੱਤਰ)**
**916-821-2175**
**ਵਲੋਂ –;**
**ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ (ਰਜਿ.)**
**ਕਾਰਜਕਰਨੀ ਕਮੇਟੀ ਅਤੇ ਸਮੂਹ ਪਸਸਕ ਮੈਂਬਰਾਨ**

ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਬੰਦ ਬੰਦ ਕਟਵਾਉਣ ਵਾਲੇ:-ਭਾਈ ਮਨੀ ਸਿੰਘ ਜੀ



ਰਮੇਸ਼ ਬੱਗਾ ਚੋਹਲਾ
91-94631-32719

ਸਿੱਖ ਇਤਿਹਾਸ ਦੇ ਪੰਨਿਆਂ ਨੂੰ ਜੇਕਰ ਪੂਰੀ ਗਹੁ ਨਾਲ ਦੇਖਿਆ ਜਾਵੇ ਤਾਂ ਇਨ੍ਹਾਂ ਪੰਨਿਆਂ ਦੀ ਇਬਾਰਤ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਦਿਖਾਈ ਦਿੰਦੀ ਹੈ। ਇਸ ਇਬਾਰਤ ਦੀ ਬਣਾਵਟ ਅਤੇ ਸਜਾਵਟ ਵਿਚ ਦੁੱਧ ਪੀਂਦੇ ਬੱਚਿਆਂ ਤੋਂ ਲੈ ਕੇ ਪੰਝੱਤਰ-ਅੱਸੀ ਸਾਲ ਦੇ ਬਾਬਿਆਂ ਦੇ ਬਲੀਦਾਨ ਦੀ ਇਕ ਅਨੋਖੀ ਅਤੇ ਦਲੇਰਾਨਾ ਪਹੁੰਚ ਕੰਮ ਕਰ ਰਹੀ ਹੈ। ਇਹ ਇਬਾਰਤ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਇਸ ਦੇ ਸਿਰਜਕਾਂ ਨੇ ਆਪਣੇ ਸਰੀਰ ਦੇ ਬੰਦ-ਬੰਦ ਤਾਂ ਹੱਸ ਕੇ ਕਟਵਾ ਲਏ ਪਰ ਕਿਸੇ ਵੀ ਕੀਮਤ 'ਤੇ ਸਿੱਖੀ ਦੇ ਸਿਧਾਂਤਾਂ ਨੂੰ ਢਾਹ ਨਹੀਂ ਲੱਗਣ ਦਿੱਤੀ।

ਜਦੋਂ ਵੀ ਕਦੇ ਮਨੁੱਖੀ ਕਦਰਾਂ-ਕੀਮਤਾਂ ਜਾਂ ਇਨਸਾਨੀਅਤ ਨਾਲ ਜੁੜੇ ਪੱਖਾਂ ਦੀ ਪਹਿਰੇਦਾਰੀ ਦਾ ਵਕਤ ਆਇਆ ਤਾਂ ਸਿੱਖ ਸ਼ਹੀਦਾਂ ਨੇ ਵਕਤ ਦੇ ਹਾਕਮਾਂ ਤੋਂ ਕਿਸੇ ਕਿਸਮ ਦੀ ਕੋਈ ਰਿਆਇਤ ਨਹੀਂ ਮੰਗੀ। ਸਗੋਂ ਅਣਮਨੁੱਖੀ ਤਸੀਹਿਆਂ ਨੂੰ ਵੀ 'ਉਸ ਦੀ' ਰਜ਼ਾ ਸਮਝ ਕੇ ਸਹਿਣ ਕਰ ਲਿਆ। ਇਸੇ ਤਰ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਗਟਾਵਾ ਕਰਨ ਵਾਲਿਆਂ ਵਿਚ ਹੀ ਸ਼ਾਮਲ ਹੈ, ਭਾਈ ਮਨੀ ਸਿੰਘ ਜੀ ਸ਼ਹੀਦ ਦਾ ਨਾਮ।

ਭਾਈ ਮਨੀ ਸਿੰਘ ਜੀ ਦੇ ਜਨਮ ਬਾਬਤ ਕਈਆਂ ਲੇਖਕਾਂ ਵਿਚ ਕੁਝ ਮਤਭੇਦ ਵੀ ਬਰਕਰਾਰ ਹਨ। ਪਰ ਭੱਟ ਵਹੀਆਂ ਅਤੇ ਪੰਡਾ ਵਹੀਆਂ ਦੀ ਲਿਖਤ ਅਨੁਸਾਰ ਭਾਈ ਸਾਹਿਬ ਦਾ ਜਨਮ 10 ਮਾਰਚ 1644 ਈ: ਨੂੰ ਪਿਤਾ ਭਾਈ ਮਾਈਦਾਸ ਅਤੇ ਮਾਤਾ ਮਧਰੀ ਬਾਈ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ਫਰਗੜ੍ਹ (ਪਾਕਿਸਤਾਨ) ਵਿਖੇ ਹੋਇਆ।

ਭਾਈ ਮਨੀ ਸਿੰਘ ਦੇ ਪਰਵਾਰ ਦਾ ਨਾਤਾ ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਜੁੜਦਾ ਹੈ ਕਿਉਂਕਿ ਭਾਈ ਸਾਹਿਬ ਦੇ ਦਾਦਾ ਭਾਈ ਬਲੂ ਰਾਓ ਛੇਵੇਂ ਪਾਤਸ਼ਾਹ ਦੇ ਸਿਰਕੱਢਵੇਂ ਜਰਨੈਲ ਸਨ। ਭਾਈ ਮਾਈਦਾਸ ਦੇ ਇਕ ਦਰਜਨ ਸਪੁੱਤਰ ਸਨ ਜਿਨ੍ਹਾਂ ਵਿੱਚੋਂ 11 ਸਪੁੱਤਰਾਂ ਨੇ ਸਿੱਖ ਆਦਰਸ਼ਾਂ ਦੀ ਰਾਖਵਾਲੀ ਕਰਦਿਆਂ ਆਪਣੀਆਂ ਜਾਨਾਂ ਤਕ ਦੀ ਪਰਵਾਹ ਨਹੀਂ ਕੀਤੀ। ਜਦੋਂ ਭਾਈ ਮਨੀ ਸਿੰਘ ਦੀ ਉਮਰ 13 ਸਾਲ ਦੀ ਹੋਈ ਤਾਂ ਭਾਈ ਮਾਈਦਾਸ ਉਸ ਨੂੰ ਨਾਲ ਲੈ ਕੇ ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਬਾਰ ਸ੍ਰੀ ਕੀਰਤਪੁਰ ਸਾਹਿਬ ਵਿਖੇ ਆ ਨਤਮਸਤਕ ਹੋਇਆ। ਜਦੋਂ ਬਾਲਕ ਮਨੀਏ (ਭਾਈ ਮਨੀ ਸਿੰਘ ਜੀ) ਨੇ ਸਤਵੇਂ ਪਾਤਸ਼ਾਹ ਦੇ ਚਰਨਾਂ 'ਤੇ ਮੱਥਾ ਟੇਕਿਆ ਤਾਂ ਉਸ ਦੇ ਸੁੰਦਰ ਸਰੂਪ ਨੂੰ ਦੇਖ ਕੇ ਗੁਰੂ ਸਾਹਿਬ ਕਹਿਣ ਲੱਗੇ, ਉਮਨੀਆ ਗੁਨੀਆ ਹੋਵੇਗਾ ਬੀਚ ਜਗ ਸਾਰੇ।" ਦੋ ਸਾਲ ਗੁਰੂ ਘਰ ਦੇ ਜੂਠੇ ਬਰਤਨਾਂ ਨੂੰ ਮਾਂਜਦਿਆਂ ਬਾਲਕ ਮਨੀਏ ਨੇ ਆਪਣੇ ਮਨ ਦੀ ਮੈਲ ਗੁਆ ਲਈ ਅਤੇ ਇਕ ਨਿਰਮਲ ਅਤੇ ਨਿਰਛੱਲ ਹਿਰਦੇ ਦਾ ਮਾਲਕ ਬਣ ਗਿਆ।

ਜਦੋਂ ਭਾਈ ਮਨੀਏ ਦੀ ਉਮਰ 16 ਕੁ ਸਾਲ ਤਕ ਪਹੁੰਚੀ ਤਾਂ ਉਸ ਦਾ ਅਨੰਦ ਕਾਰਜ ਬੀਬੀ ਸੀਤੋ ਪੁੱਤਰੀ ਭਾਈ ਲੱਖੀਸ਼ਾਹ ਵਾਸੀ ਖੈਰਪੁਰ ਨਾਲ ਹੋ ਗਿਆ। ਅਨੰਦ ਕਾਰਜ ਦੀ ਸੰਪੂਰਨਤਾ ਤੋਂ ਬਾਅਦ ਭਾਈ ਮਨੀ ਸਿੰਘ ਆਪਣੇ ਦੋ ਭਰਾਵਾਂ ਭਾਈ ਜੇਠਾ ਅਤੇ ਭਾਈ ਦਿਆਲਾ ਜੀ ਸਮੇਤ ਮੁੜ ਕੀਰਤਪੁਰ ਸਾਹਿਬ ਆ ਗਏ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਅਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿਚ ਜੁੱਟ ਗਏ। ਅਠਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਆਪ ਬਾਬੇ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆ ਗਏ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੀ ਬਾਹੀ ਵੱਲ ਧਰਮ ਪ੍ਰਚਾਰ ਕਰ ਕੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਗਏ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੀ ਹਾਜ਼ਰੀ ਇੱਥੇ ਲਗਵਾਉਣੀ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਦੀ ਸੇਵਾ-ਸੰਭਾਲ ਦਿੱਤੀ। ਜਿਸ ਨੂੰ ਆਪ ਨੇ ਬੜੀ ਹੀ ਤਨਦੇਹੀ ਨਾਲ ਨਿਭਾਇਆ।

ਮਜ਼ਲੂਮਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਲਈ ਜਦੋਂ ਨੌਵੇਂ ਗੁਰੂ ਹਿੰਦ ਦੀ ਚਾਦਰ ਬਣ ਕੇ ਦਿੱਲੀ ਵੱਲ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹਿ ਗਏ। ਦਸਮ ਪਿਤਾ ਦੀ ਹਜ਼ੂਰੀ ਵਿਚ ਰਹਿ ਕੇ ਭਾਈ ਸਾਹਿਬ ਦੀ ਬੌਧਿਕਤਾ ਵਿਚ ਕਾਫ਼ੀ ਨਿਖ਼ਾਰ ਆ ਗਿਆ। ਇਸ ਨਿਖ਼ਾਰ ਸਦਕਾ ਉਹ ਸਿੱਖ ਧਰਮ ਦੇ ਮਹਾਨ ਵਿਦਵਾਨ ਬਣ ਗਏ।

ਜਦੋਂ ਭੰਗਾਣੀ ਦਾ ਯੁੱਧ ਹੋਇਆ ਤਾਂ ਉਸ ਵਕਤ ਭਾਈ ਮਨੀ ਸਿੰਘ ਜੀ ਨੇ ਗੁਰੂ ਸਾਹਿਬ ਦਾ ਡਟਵਾਂ ਸਾਥ ਦਿੱਤਾ। ਇਸ ਜੰਗ ਵਿਚ ਉਨ੍ਹਾਂ ਦੇ ਭਰਾ ਹਰੀ ਚੰਦ ਸ਼ਹਾਦਤ ਦਾ ਜਾਮ ਪੀ ਗਏ। ਜਦੋਂ ਇਕ ਸਾਲ ਬਾਅਦ ਨਦੌਣ ਦੀ ਲੜਾਈ ਲੜੀ ਗਈ ਤਾਂ ਭਾਈ ਸਾਹਿਬ ਦੀ ਬਹਾਦਰੀ ਅਤੇ ਵਫ਼ਾਦਾਰੀ ਨੂੰ ਮੁੱਖ ਰੱਖਦਿਆਂ ਗੁਰੂ ਸਾਹਿਬ ਵੱਲੋਂ ਇਨ੍ਹਾਂ ਨੂੰ ਦੀਵਾਨ ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ।

1699 ਈ: ਵਿਚ ਜਦੋਂ ਪਾਤਸ਼ਾਹ ਨੇ ਵੈਸਾਖੀ ਦੇ ਦਿਹਾੜੇ 'ਤੇ ਖਾਲਸਾ ਪੰਥ ਦੀ ਸਾਜਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਅਤੇ ਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕੀਤੀ। ਆਪ ਜੀ ਦਾ ਨਾਮ ਭਾਈ ਮਨੀਏ ਤੋਂ ਭਾਈ ਮਨੀ ਸਿੰਘ ਹੋ ਗਿਆ। ਇਸ ਤਰ੍ਹਾਂ ਗੁਰੂ-ਦਰਬਾਰ ਵਿਚ ਉਨ੍ਹਾਂ ਦਾ ਮਾਣ-ਸਤਿਕਾਰ ਪਹਿਲਾਂ ਤੋਂ ਵੀ ਵਧ ਗਿਆ। ਸੂਰਬੀਰ ਹੋਣ ਦੇ ਨਾਲ-ਨਾਲ ਆਪ ਆਪਣੇ ਸਮੇਂ ਦੇ ਸਥਾਪਿਤ ਕਥਾ-ਵਾਚਕ ਵੀ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪ ਰੋਜ਼ਾਨਾ ਹੀ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕਰਿਆ ਕਰਦੇ ਸਨ। ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸਮੇਂ ਜਦੋਂ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਨਾਲ ਮਸਤਾਇਆ ਸੀ ਤਾਂ ਉਸ ਦਾ ਮੂੰਹ-ਤੋੜ ਜਵਾਬ ਵੀ ਭਾਈ ਮਨੀ ਸਿੰਘ ਦੇ ਫ਼ਰਜ਼ੰਦਾਂ ਭਾਈ ਬਚਿੱਤਰ ਸਿੰਘ ਅਤੇ ਭਾਈ ਉਦੈ ਸਿੰਘ ਨੇ ਹੀ ਦਿੱਤਾ ਸੀ। ਇਨ੍ਹਾਂ ਦੋਵਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਇਕ ਵਿਸ਼ੇਸ਼ ਹੁਕਮਨਾਮੇ ਦੀ ਬਖ਼ਸ਼ਿਸ਼ ਕਰ ਦਿੱਤੀ।

ਸ੍ਰੀ ਅਨੰਦਪੁਰ ਸਾਹਿਬ ਤੋਂ ਲੈ ਕੇ ਚਮਕੌਰ ਸਾਹਿਬ ਦੀ ਕੱਚੀ ਗੜੀ ਤਕ ਜਿੱਥੇ ਦਸਵੇਂ ਪਾਤਸ਼ਾਹ ਦਾ ਪਰਵਾਰ ਅਤੇ ਜਾਨ ਤੋਂ ਪਿਆਰੇ ਸਿੰਘ ਸ਼ਹੀਦ ਹੋ ਗਏ, ਉੱਥੇ ਭਾਈ ਮਨੀ ਸਿੰਘ ਦੇ ਪੰਜ ਪੁੱਤਰ ਵੀ ਸਿੱਖ ਧਰਮ ਤੋਂ ਕੁਰਬਾਨ ਹੋ ਗਏ। ਸ੍ਰੀ ਮੁਕਤਸਰ ਦੀ ਲੜਾਈ ਤੋਂ ਬਾਅਦ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਵਿਖੇ ਪਹੁੰਚੇ ਤਾਂ ਭਾਈ ਮਨੀ ਸਿੰਘ ਨੇ ਵੀ ਉੱਥੇ ਪਹੁੰਚ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਨੇ ਭਾਈ ਸਾਹਿਬ ਤੋਂ ਦਮਦਮੀ ਬੀੜ ਲਿਖਵਾਈ ਜਿਸ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵੀ ਦਰਜ ਕੀਤੀ ਗਈ। ਸੰਨ 1721 ਤੋਂ ਭਾਈ ਮਨੀ ਸਿੰਘ ਜੀ ਸਿੱਖ ਕੌਮ ਦੀ ਰਹਿਨੁਮਾਈ ਕਰ ਰਹੇ ਸਨ। ਦੀਵਾਲੀ ਅਤੇ ਵੈਸਾਖੀ ਦੇ ਤਿਉਹਾਰਾਂ ਮੌਕੇ ਉਹ ਅਕਸਰ ਇਕ ਵੱਡਾ ਇਕੱਠ ਕਰ ਕੇ ਸਿੱਖ ਸੰਗਤਾਂ ਨੂੰ ਆਪਸ ਵਿਚ ਮਿਲਾਉਣ/ਬੈਠਾਉਣ ਦਾ ਯਤਨ ਕਰਿਆ ਕਰਦੇ ਸਨ। ਇਨ੍ਹਾਂ ਮਿਲਣੀਆਂ/ਬੈਠਕਾਂ ਸਦਕਾ ਹੀ ਸਿੱਖ ਕੌਮ ਸੰਕਟਕਾਲੀਨ ਸਮਿਆਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦੀ ਰਹੀ ਹੈ। 70 ਸਾਲ ਉਮਰ ਹੋ ਜਾਣ ਕਰਕੇ ਭਾਈ ਮਨੀ ਸਿੰਘ ਦਾ ਸਰੀਰ ਬੇਸ਼ੱਕ, ਕੁਝ ਕਮਜ਼ੋਰ ਪੈ ਰਿਹਾ ਸੀ ਪਰ ਉਨ੍ਹਾਂ ਵਿਚ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਉਤਸ਼ਾਹ ਅਜੇ ਵੀ ਜਵਾਨ ਸੀ। ਸੰਮਤ 1790 ਬਿਕ੍ਰਮੀ ਦਾ ਦੀਵਾਲੀ ਦਾ ਪੁਰਬ ਨੇੜੇ ਆ ਰਿਹਾ ਸੀ। ਇਸ ਸਮੇਂ ਆਪ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ-ਸੰਭਾਲ ਮੁੱਖ ਗ੍ਰੰਥੀ ਦੇ ਰੂਪ ਵਿਚ ਕਰ ਰਹੇ ਸਨ। ਇਸ ਪੁਰਬ ਨੂੰ ਮਨਾਉਣ ਲਈ ਭਾਈ ਸਾਹਿਬ ਆਪਣੇ ਸਾਥੀਆਂ ਸ. ਸੁਬੇਗ ਸਿੰਘ ਅਤੇ ਸ. ਸੁਰਤ ਸਿੰਘ ਨੂੰ ਨਾਲ ਲੈ ਕੇ ਲਾਹੌਰ ਦੇ ਸੂਬੇਦਾਰ ਜ਼ਕਰੀਆਂ ਖਾਨ ਕੋਲ ਗਏ।

ਸੂਬੇਦਾਰ ਨੇ 10,000 ਦੀ ਰਕਮ ਜਜ਼ੀਏ ਵਜੋਂ ਮੰਗ ਲਈ ਜੋ ਭਾਈ ਮਨੀ ਸਿੰਘ ਨੇ ਮੇਲੇ ਉਪਰੰਤ ਦੇਣੀ ਮੰਨ ਲਈ। ਆਪਸੀ ਸਹਿਮਤੀ ਹੋਣ ਦੇ ਬਾਵਜੂਦ ਵੀ ਲਾਹੌਰ ਦੇ ਸੂਬੇਦਾਰ ਦਾ ਮਨ ਬੇਈਮਾਨ ਹੋ ਗਿਆ। ਇਸ ਬੇਈਮਾਨੀ ਤਹਿਤ ਉਸ ਨੇ ਮੇਲੇ 'ਤੇ ਜੁੜਨ ਵਾਲੀਆਂ ਸੰਗਤਾਂ ਨੂੰ ਖ਼ਤਮ ਕਰਨ ਦੀ ਠਾਣ ਲਈ। ਜਦੋਂ ਭਾਈ ਮਨੀ ਸਿੰਘ ਜੀ ਨੂੰ ਇਸ ਗੱਲ ਦੀ ਭਿਣਕ ਪਈ ਤਾਂ ਉਨ੍ਹਾਂ ਨੇ ਸੰਗਤਾਂ/ਖ਼ਾਲਸੇ ਨੂੰ ਉੱਥੇ ਆਉਣ ਤੋਂ ਰੋਕਣ ਲਈ ਸਿੰਘਾਂ ਨੂੰ ਭੇਜਿਆ। ਜਿਸ ਕਰਕੇ ਸੰਗਤਾਂ ਦਾ ਇਕੱਠ ਨਹੀਂ ਹੋਇਆ। ਭਾਈ ਮਨੀ ਸਿੰਘ ਜੀ ਨੇ ਹਕੂਮਤ ਦੇ ਇਸ ਵਿਹਾਰ ਦੀ ਨਿਖੇਧੀ ਕੀਤੀ। ਜ਼ਕਰੀਆ ਖਾਨ ਨੇ ਭਾਈ ਸਾਹਿਬ ਕੋਲੋਂ ਜਜ਼ੀਏ ਦੀ ਰਕਮ ਵਸੂਲ ਕਰਨੀ ਚਾਹੀ, ਪਰ ਜਵਾਬ ਵਿਚ ਭਾਈ ਮਨੀ ਸਿੰਘ ਨੇ ਕਿਹਾ ਕਿ, ਉਇਕੱਠ ਤਾਂ ਤੁਸੀਂ ਹੋਣ ਨਹੀਂ ਦਿੱਤਾ ਫਿਰ ਕਿਹੜੀ ਰਕਮ ਦੀ ਗੱਲ ਕਰਦੇ ਹੋ?" ਭਾਈ ਮਨੀ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਲਾਹੌਰ ਦਰਬਾਰ ਵਿਚ ਪੇਸ਼ ਕੀਤਾ ਗਿਆ। ਜ਼ਕਰੀਆਂ ਖਾਨ ਨੇ ਜੁਰਮਾਨਾ ਨਾ ਭਰਨ ਦੀ ਸੂਰਤ ਵਿਚ ਇਸਲਾਮ ਕਬੂਲ ਕਰਨ ਦੀ ਸ਼ਰਤ ਰੱਖ ਦਿੱਤੀ ਜੋ ਭਾਈ ਸਾਹਿਬ ਨੇ ਅਪ੍ਰਵਾਨ ਕਰ ਦਿੱਤੀ। ਕੋਈ ਗੱਲ ਨਾ ਬਣਦੀ ਦੇਖ ਕੇ ਲਾਹੌਰ ਦੇ ਸੂਬੇਦਾਰ ਨੇ ਭਾਈ ਸਾਹਿਬ ਦੇ ਸਰੀਰ ਦਾ ਬੰਦ-ਬੰਦ ਕੱਟਣ ਦਾ ਹੁਕਮ ਦੇ ਦਿੱਤਾ।

ਹੁਕਮ ਦੀ ਤਮੀਲ ਕਰਨ ਹਿਤ ਸਿਪਾਹੀ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਦੇ ਮੈਦਾਨ ਵਿਚ ਲੈ ਗਏ। ਭਾਈ ਮਨੀ ਸਿੰਘ ਨੇ ਇਸ ਸਜ਼ਾ ਨੂੰ ਵਾਹਿਗੁਰੂ ਦਾ ਭਾਣਾ ਸਮਝ ਕੇ ਸਵੀਕਾਰ ਕਰ ਲਿਆ ਅਤੇ ਸ਼ਹਾਦਤ ਦਾ ਜਾਮ ਪੀ ਗਏ।



ਜਨਮ ਦਿਵਸ 'ਤੇ ਵਿਸ਼ੇਸ਼

# ਪੰਥ ਰਤਨ- ਮਾਸਟਰ ਤਾਰਾ ਸਿੰਘ ਜੀ

ਦੁਨੀਆਂ ਵਿਚ ਬਹੁਤ ਸਾਰੇ ਅਜਿਹੇ ਲੋਕ ਜਨਮ ਲੈਂਦੇ ਰਹਿੰਦੇ ਹਨ ਜਿਨ੍ਹਾਂ ਦਾ ਜੀਵਨ ਉਨ੍ਹਾਂ ਦੇ ਆਪਣੇ ਆਪ ਤੱਕ ਜਾਂ ਉਨ੍ਹਾਂ ਦੇ ਪਰਿਵਾਰ ਤੱਕ ਹੀ ਸੀਮਿਤ ਹੋ ਕੇ ਰਹਿ ਜਾਂਦਾ ਹੈ ਭਾਵ ਉਹ ਜੋ ਕੁੱਝ ਵੀ ਕਰਦੇ ਹਨ ਉਸ ਦਾ ਸੁਖਦਾਈ ਜਾਂ ਦੁੱਖਦਾਈ ਪ੍ਰਭਾਵ ਉਨ੍ਹਾਂ ਦੇ ਅਤਿ ਨੇੜਲੇ ਘੇਰੇ ਵਿਚ ਹੀ ਸਿਮਟ ਕੇ ਰਹਿ ਜਾਂਦਾ ਹੈ। ਦੂਸਰੇ ਪਾਸੇ ਸੰਸਾਰ ਵਿਚ ਕੁੱਝ ਅਜਿਹੇ ਲੋਕਾਂ ਦੀ ਆਮਦ ਵੀ ਸਮੇਂ-ਸਮੇਂ ਹੁੰਦੀ ਰਹਿੰਦੀ ਹੈ ਜੋ ਨਾ ਸਿਰਫ ਆਪਣੇ ਆਪ ਲਈ ਹੀ ਜਿਉਂਦੇ ਹਨ ਸਗੋਂ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਵੀ ਕੁਰਬਾਨੀ ਦਾ ਜਜ਼ਬਾ ਰੱਖਦੇ ਹਨ। ਇਸ ਜਜ਼ਬੇ ਕਾਰਨ ਉਹ ਲੋਕਾਈ ਦੇ ਸਦੀਵੀ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਜੋ ਯੁੱਗਾਂ-ਯੁਗਾਂਤਰਾਂ ਤੱਕ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਇਹ ਸਤਿਕਾਰ ਉਨ੍ਹਾਂ ਮਹਾਂਪੁਰਖਾਂ ਦੇ ਇਥੋਂ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਬਾਅਦ ਵੀ ਉਨ੍ਹਾਂ(ਕੀਤੇ ਕਾਰਜਾਂ ਕਰਕੇ) ਨੂੰ ਲੋਕ ਚੇਤਿਆਂ ਵਿਚ ਵਸਾਈ ਰੱਖਦਾ ਹੈ। ਇਸ ਵਸੇਬੇ ਕਰਕੇ ਹੀ ਉਨ੍ਹਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਲੋਕ ਉਨ੍ਹਾਂ ਪ੍ਰਤੀ ਹਰ ਸਾਲ (ਜਨਮ ਦਿਨ/ਬਰਸੀ ਮਨਾ ਕੇ) ਆਪਣਾ ਸਤਿਕਾਰ ਪ੍ਰਗਟ ਕਰਦੇ ਰਹਿੰਦੇ ਹਨ। ਇਹ ਸ਼ਰਧਾਮਈ ਭਾਵਨਾ ਪੰਥ ਰਤਨ ਮਾਸਟਰ ਤਾਰਾ ਸਿੰਘ ਦੇ ਪ੍ਰਤੀ ਵੀ ਹਰ ਸਾਲ ਹੀ ਪ੍ਰਗਟਾਈ ਜਾਂਦੀ ਹੈ।

ਸਰਬਾਂਗੀ ਵਿਕਅਤੀਤੱਵ ਦੇ ਮਾਲਕ ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਈਸਵੀ ਨੂੰ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਸਥਿਤ ਪਿੰਡ ਹਰਿਆਲ ਦੇ ਇਕ ਵਸਨੀਕ ਸ੍ਰੀ ਗੋਪੀ ਚੰਦ ਮਲਹੋਤਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਨਾਨਕ ਚੰਦ ਸੀ ਪਰ ਸਿੱਖ ਧਰਮ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ ਜਿਸ ਕਰਕੇ ਉਨ੍ਹਾਂ ਦਾ ਨਾਮਕਰਣ ਤਾਰਾ ਸਿੰਘ ਹੋ ਗਿਆ।

ਮਾਸਟਰ ਤਾਰਾ ਸਿੰਘ ਨੇ 1907 ਈ. ਵਿਚ ਬੀ,ਏ ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ (ਐਮ. ਏ) ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖ਼ਲ ਹੋ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਾਇਲਪੁਰ ਜ਼ਿਲ੍ਹੇ ਦੇ ਇੱਕ ਖਾਲਸਾ ਹਾਈ ਸਕੂਲ ਵਿਖੇ ਮੁੱਖ ਅਧਿਆਪਕ ਨਿਯੁਕਤ ਹੋ ਗਏ। ਸੇਵਾ ਅਤੇ ਪਰਉਪਕਾਰ ਦੀ ਭਾਵਨਾ ਹੋਣ ਕਰਕੇ ਉਹ ਕੇਵਲ ਪੰਦਰਾਂ ਰੁਪਏ ਮਹੀਨਾ ਵੇਤਨ 'ਤੇ ਹੀ ਕੰਮ ਕਰਦੇ ਰਹੇ। ਘੱਟ ਵੇਤਨ ਲੈਣ ਬਾਵਜੂਦ ਵੀ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਉਨ੍ਹਾਂ ਦੀ ਇਸ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਖਾਲਸਾ ਹਾਈ ਸਕੂਲ ਬੇਹਤਰੀਨ ਸਕੂਲਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਸਕੂਲ ਦੀ ਪ੍ਰਸਿੱਧੀ ਦੇ ਨਾਲ-ਨਾਲ ਮਾਸਟਰ ਤਾਰਾ ਸਿੰਘ ਜੀ ਵੀ ਹਰਮਨ ਪਿਆਰੇ (ਵਿਸ਼ੇਸ਼ ਕਰਕੇ ਲਾਇਲਪੁਰ ਦੇ ਇਲਾਕੇ ਵਿਚ) ਹੋਣ ਲੱਗ ਪਏ। ਕੁਝ ਕਾਰਨਾਂ ਕਰਕੇ ਮਾਸਟਰ ਜੀ ਨੂੰ ਇਸ ਸਕੂਲ ਦੀ ਮੁੱਖ-ਅਧਿਆਪਕੀ ਤੋਂ ਤਿਆਗ-ਪੱਤਰ ਦੇਣਾ ਪੈ ਗਿਆ। ਇਸ ਤੋਂ ਬਾਅਦ ਉਹ ਆਪਣੇ ਘਰੇਲੂ ਜ਼ਿਲ੍ਹੇ ਰਾਵਲਪਿੰਡੀ ਦੇ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਬਣ ਗਏ। ਮਾਸਟਰ ਤਾਰਾ ਸਿੰਘ ਜੀ ਦੀ ਯੋਗ ਅਗਵਾਈ ਹੇਠ ਕੱਲਰ ਸਕੂਲ ਨੇ ਪੰਥ ਨੂੰ ਅਜਿਹੇ ਹੀਰੇ (ਨੇਤਾ) ਦਿੱਤੇ ਜਿਨ੍ਹਾਂ ਨੇ ਦੇਸ਼/ਪੰਥ ਦੀ ਖਾਤਿਰ ਸੇਵਾ ਦੇ ਨਾਲ-ਨਾਲ ਜੀਵਨ ਵੀ ਲੇਖੇ ਲਾ ਦਿੱਤਾ। ਉਸ ਵਕਤ ਮਾਸਟਰ ਜੀ ਦੇ ਨਾਲ ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ,ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ਵੀ ਕੰਮ ਕਰਦੇ ਸਨ। ਕੁੱਝ ਸਮੇਂ ਬਾਅਦ ਉਨ੍ਹਾਂ ਨੇ ਇਹ ਸਕੂਲ ਵੀ ਛੱਡ ਦਿੱਤਾ ਅਤੇ ਮੁੜ ਲਾਇਲਪੁਰ ਚਲੇ ਗਏ। ਇਥੇ ਉਨ੍ਹਾਂ ਨੇ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਜੋ ਉਨ੍ਹਾਂ ਦੇ ਸੁਭਾਅ ਨਾਲ ਮੇਲ ਨਾ ਖਾਂਦੀ ਕਰਕੇ ਛੱਡਣੀ ਪੈ ਗਈ।

ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਜਾਣ ਕਰਕੇ ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਗਏ ਅਤੇ ਉਸ ਵਕਤ ਦੀ ਚਰਚਿਤ ਅਖ਼ਬਾਰ 'ਅਕਾਲੀ' ਦੇ ਸੰਪਾਦਕ ਬਣ ਗਏ। ਇਸ ਖ਼ੂਨੀ ਸਾਕੇ ਕਾਰਨ ਸਿੱਖ ਭਾਈਚਾਰੇ ਵਿਚ ਗੁੱਸੇ ਦੀ ਅੱਗ ਭੜਕ ਪਈ ਅਤੇ ਸਿੱਖ ਆਗੂਆਂ ਨੇ ਨਿਰਣਾ ਲਿਆ ਕਿ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਚਾਹੀਦਾ ਹੈ।

ਜਦੋਂ ਬਾਬਾ ਖੜਕ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬਣੇ ਤਾਂ ਮਾਸਟਰ ਤਾਰਾ ਸਿੰਘ ਜੀ ਨੂੰ ਇਸ ਕਮੇਟੀ ਦਾ ਸਕੱਤਰ ਬਣਾਇਆ ਗਿਆ। ਇਸ ਕਮੇਟੀ ਵਿਚ ਅੰਗਰੇਜ਼ ਸਰਕਾਰ ਦੇ ਨਾਲ ਨਾ ਮਿਲਵਰਤਣ ਦਾ ਮਤਾ ਪਾਸ ਕੀਤਾ ਗਿਆ ਜਿਸ ਦੇ ਪਾਸ ਹੋਣ ਨਾਲ ਅਕਾਲੀਆਂ ਅਤੇ ਅੰਗਰੇਜ਼ਾਂ ਦਾ ਸਿੱਧਾ ਮੁਕਾਬਲਾ ਹੋ ਗਿਆ। ਮਾਸਟਰ ਜੀ ਨੇ ਅੰਮ੍ਰਿਤਸਰ ਦਫ਼ਤਰ ਵਿਚ ਰਹਿ ਕੇ ਪੰਥ ਦੀ ਚੜ੍ਹਦੀਕਲਾ ਲਈ ਦਿਨ-ਰਾਤ ਇਕ ਕਰਕੇ ਕੰਮ ਕਰਨਾ ਆਰੰਭ ਕਰ ਦਿੱਤਾ। ਪ੍ਰੋ:ਨਿਰੰਜਨ ਸਿੰਘ ਦੇ ਸਹਿਯੋਗ ਸਦਕਾ ਉਨ੍ਹਾਂ ਨੇ ਬਹੁਤ ਸਾਰੇ ਇਸ਼ਤਿਹਾਰ, ਪੈਂਫਲੇਟ ਤੇ ਟਰੈਕਟ ਲਿਖ ਕੇ ਦੂਰ-ਦੁਰਾਡੇ ਤੱਕ ਭੇਜੇ ਜਿਸ ਨਾਲ ਕੌਮ ਵਿਚ ਇੱਕ ਜਾਗ੍ਰਤੀ ਪੈਦਾ ਹੋ ਗਈ।

ਪੰਥ ਵਿਚ ਆਈ ਜਾਗ੍ਰਤੀ ਕਾਰਨ ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲਗਾਇਆ ਗਿਆ। ਇਸ ਮੋਰਚੇ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਅੱਗੇ ਵੱਧ ਕੇ ਗ੍ਰਿਫ਼ਤਾਰੀ ਦਿੱਤੀ। ਇਸ ਮੋਰਚੇ ਦੀ ਜਿੱਤ ਤੋਂ ਬਾਅਦ 'ਗੁਰੂ ਕੇ ਬਾਗ' ਅਤੇ 'ਜੈਤੋ' ਦਾ ਮੋਰਚਾ ਲੱਗ ਗਿਆ। ਇਨ੍ਹਾਂ ਮੋਰਚਿਆਂ ਵਿਚ ਸ਼ਾਮਿਲ ਜਥਿਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਿਰੋਧੀ ਕਰਾਰ ਦਿੱਤਾ ਗਿਆ। ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉਪਰ ਮੁਕੱਦਮਾਂ ਚਲਾਇਆ ਗਿਆ। ਇਨ੍ਹਾਂ ਗ੍ਰਿਫ਼ਤਾਰ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ। ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਹੋਣ ਕਰਕੇ ਮਾਸਟਰ ਤਾਰਾ ਸਿੰਘ ਵਿਦੇਸ਼ੀ ਰਾਜ ਤੋਂ ਮੁਕਤੀ ਤਾਂ ਚਾਹੁੰਦੇ ਸਨ ਪਰ ਉਹ ਸਿੱਖ ਹਿੱਤਾਂ ਨੂੰ ਕੁਰਬਾਨ ਨਹੀਂ ਸੀ ਹੋਣ ਦੇਣਾ ਚਾਹੁੰਦੇ। ਉਹ ਅਕਸਰ ਕਿਹਾ ਕਰਦੇ ਸਨ ਕਿ 'ਮੈਂ ਮਰਾਂ, ਪੰਥ ਜੀਵੇ' ਅਤੇ 'ਸਿੱਖੋ ਜੇ ਮੈਂ ਮਾੜਾ ਹਾਂ ਤਾਂ ਮੈਨੂੰ ਮਾਰ ਦਿਉ, ਪੰਥ ਨੂੰ ਨਾ ਮਾਰੋ'। ਆਪਣੇ ਇਨ੍ਹਾਂ ਬੋਲਾਂ ਨੂੰ ਜੀਵਤ ਰੱਖਣ ਲਈ ਉਹ ਹਮੇਸ਼ਾਂ ਹੀ ਸਿੱਖ ਹਿੱਤਾਂ ਲਈ ਲੜਦੇ ਰਹੇ।

ਸਿੱਖੀ ਸਿਧਾਤਾਂ (ਵਿਸ਼ੇਸ਼ ਕਰਕੇ ਸਰਬਤ ਦਾ ਭਲਾ ਮੰਗਣ ਵਾਲੇ) ਦੀ ਪਹਿਰੇਦਾਰੀ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਬਹੁਤ ਸਾਰੀਆਂ ਕੈਦਾਂ ਕੱਟੀਆਂ। ਜਦੋਂ ਵੀ ਦੇਸ਼ ਵਿਚ ਕੋਈ ਲੋਕ ਭਲਾਈ ਦੀ ਲਹਿਰ ਆਰੰਭ ਹੁੰਦੀ ਤਾਂ ਮਾਸਟਰ ਜੀ ਹਮੇਸ਼ਾਂ ਹੀ ਮੂਹਰਲੀਆਂ ਸਫ਼ਾਂ ਵਿਚ ਹੁੰਦੇ। ਇਥੋਂ ਤੱਕ ਕਿ ਮਹਾਤਮਾਂ ਗਾਂਧੀ ਵੱਲੋਂ ਸਮੇਂ-ਸਮੇਂ ਸ਼ੁਰੂ ਕੀਤੀਆਂ ਕਈ ਲਹਿਰਾਂ ਨੂੰ ਵੀ ਉਨ੍ਹਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਰਿਹਾ ਹੈ।

ਮਾਸਟਰ ਤਾਰਾ ਸਿੰਘ ਦਾ ਜੀਵਨ ਇੱਕ ਧਰੂ ਤਾਰੇ ਵਰਗਾ ਰਿਹਾ ਹੈ। ਉਨ੍ਹਾਂ ਦਾ ਸ਼ੁਮਾਰ ਕੌਮ ਦੇ ਚੋਣਵੇਂ ਰਾਹ ਦਸੇਰਿਆਂ ਵਿਚ ਕੀਤਾ ਜਾਂਦਾ ਹੈ। ਨਿਧੜਕ ਹੋਣ ਦੇ ਨਾਲ-ਨਾਲ ਉਹ ਨਿਡਰ ਵੀ ਸਨ। ਔਖਿਆਲਿਆਂ ਵਕਤਾਂ ਵਿਚ ਉਹ ਕਦੇ ਡੋਲਦੇ ਨਹੀਂ ਸਨ ਅਤੇ ਤਤਕਾਲ ਨਿਰਣਾ ਲੈ ਲਿਆ ਕਰਦੇ ਸਨ।ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ ਕਿਹਾ ਜਾ ਸਕਦਾ ਜਿਸ ਵਿਚ ਮਾਸਟਰ ਤਾਰਾ ਸਿੰਘ ਦੀ ਅਹਿਮ ਭੂਮਿਕਾ ਨਾ ਰਹੀ ਹੋਵੇ। ਪੰਥ ਲਈ ਮਰ-ਮਿਟਣ ਦੀ ਭਾਵਨਾ ਰੱਖਣ ਵਾਲਾ ਇਹ ਅਨਮੋਲ ਰਤਨ ਆਪਣਾ ਜੀਵਨ ਸਫ਼ਰ ਸਮਾਪਤ ਕਰਕੇ 22 ਨਵੰਬਰ 1967 ਨੂੰ ਕੌਮ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਗਿਆ।

ਰਮੇਸ਼ ਬੱਗਾ ਚੋਹਲਾ (91-94631-32719)

# ਸਤਿਗੁਰੂ ਕਬੀਰ ਦਾਸ ਜੀ ਦੇ ਪ੍ਰਕਾਸ਼ ਦਿਹਾੜੇ 'ਤੇ
# 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'



ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਮਹਾਨ ਸ਼ਖਸੀਅਤ ਸਨ, ਜਿਹਨਾਂ ਨੇ ਕਦੀ ਵੀ ਕੋਈ ਗਿਆਨ ਸ਼ਾਸਤਰ ਜਾਂ ਗ੍ਰੰਥ ਨਹੀਂ ਪੜ੍ਹਿਆ ਸੀ ਫਿਰ ਵੀ ਉਹ ਮਹਾਨ ਵਿਦਵਾਨਾਂ ਤੇ ਮਹਾਂ-ਗਿਆਨੀਆਂ ਦੀ ਸ਼੍ਰੇਣੀ ਵਿਚ ਆਉਂਦੇ ਹਨ। 'ਕਬੀਰ' ਇਕ ਅਜਿਹਾ ਨਾਮ ਹੈ ਜਿਸ ਨੂੰ ਤੁਸੀਂ ਇਕ ਮਹਾਨ ਫਕੀਰ ਵੀ ਕਹਿ ਸਕਦੇ ਹੋ ਅਤੇ ਇਕ ਮਹਾਨ ਸਮਾਜ ਸੁਧਾਰਕ ਵੀ।

ਪਿਆਰੇ ਦੋਸਤੋ ਕਬੀਰ ਭਲੇ ਹੀ ਇਕ ਛੋਟਾ ਨਾਮ ਲੱਗਦਾ ਹੈ ਪਰ ਭਾਰਤ ਵਰਸ਼ ਦੀ ਇਕ ਮਹਾਨ ਆਤਮਾ ਹੈ, ਜਿਸ ਨੇ ਰੂੜੀਵਾਦੀ ਵਿਚਾਰਾਂ ਤੇ ਕਰਮ ਕਾਂਡਾਂ ਤੋਂ ਮੁਕਤ ਭਾਰਤ ਦੀ ਰਚਨਾ ਕੀਤੀ। ਸਤਿਗੁਰੂ ਕਬੀਰ ਦਾਸ ਜੀ ਇਕ ਅਜਿਹੀ ਪਛਾਣ ਹਨ, ਜਿਹਨਾਂ ਨੇ ਜਾਤੀ ਵਰਗ ਦੀ ਦੀਵਾਰ ਤੋੜ ਕੇ ਇਕ ਸਮਾਜਿਕ-ਬਰਾਬਰੀ ਦੇ 'ਸੰਸਾਰਕ ਸਮਾਜ' ਦੀ ਸਿਰਜਣਾ ਕੀਤੀ।

ਮਾਨਵਵਾਦੀ ਵਿਵਹਾਰਿਕ ਧਰਮ ਨੂੰ ਸਿਰਜਣ ਵਾਲੇ ਤੇ ਇਸ ਦਾ ਪ੍ਰਚਾਰ ਕਰਨ ਵਾਲੇ ਸਤਿਗੁਰੂ ਕਬੀਰ ਦਾਸ ਜੀ ਦਾ ਇਸ ਦੁਨੀਆਂ ਵਿਚ ਪ੍ਰਵੇਸ਼ ਵੀ ਇਕ ਅਜੀਬੋ-ਗਰੀਬ ਪ੍ਰਸੰਗ ਨਾਲ ਹੋਇਆ। ਉਹਨਾਂ ਦੇ ਜਨਮ ਸਾਲ ਬਾਰੇ ਬੜੇ ਵਿਵਾਦਿਤ ਚਰਚੇ ਹਨ ਪਰ ਕੁਝ ਵਿਦਵਾਨਾਂ ਦੀ ਸੰਯੁਕਤ ਰਾਏ ਅਨੁਸਾਰ ਉਹਨਾਂ ਦਾ ਜਨਮ ਸੰਨ 1398 ਈਸਵੀ ਨੂੰ ਜੇਠ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਬਨਾਰਸ ਦੇ ਨਜ਼ਦੀਕ ਲਹਰਾਤਾ ਨਾਮਕ ਸਥਾਨ ਤੇ ਮੰਨਿਆ ਜਾਂਦਾ ਹੈ। ਉਸ ਦਿਨ ਨੀਮਾਂ, ਨੀਰੂ ਨਾਲ ਵਿਆਹ ਕਰਵਾ ਕੇ ਡੋਲੀ ਵਿਚ ਬਨਾਰਸ ਜਾ ਰਹੀ ਸੀ। ਬਨਾਰਸ ਦੇ ਕੋਲ ਇਕ ਸਰੋਵਰ ਦੇ ਨਜ਼ਦੀਕ ਉਹ ਕੁਝ ਦੇਰ ਆਰਾਮ ਕਰਨ ਲਈ ਰੁਕੇ। ਅਚਾਨਕ ਨੀਮਾਂ ਨੂੰ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ ਤੇ ਉਹ, ਉਸ ਰੋਣ ਵਾਲੇ ਬੱਚੇ ਦੀ ਦਿਸ਼ਾ ਵਿਚ ਅੱਗੇ ਵਧੀ ਤੇ ਸਰੋਵਰ ਵਿਚ ਦੇਖਿਆ ਕਿ ਇਕ ਬੱਚਾ ਜੋ ਕੰਵਲ ਦੇ ਫੁੱਲਾਂ ਵਿਚ ਤੇ ਕੱਪੜੇ ਵਿਚ ਲਪੇਟਿਆ ਹੋਇਆ ਰੋ ਰਿਹਾ ਸੀ। ਨੀਮਾਂ ਨੇ ਜਿਉਂ ਹੀ ਬੱਚੇ ਨੂੰ ਉਠਾਇਆ ਤੇ ਆਪਣੀ ਗੋਦ ਵਿਚ ਲਿਆ ਤੇ ਉਹ ਬੱਚਾ ਚੁੱਪ ਕਰ ਗਿਆ। ਨੀਰੂ ਨੇ ਉਸ ਨੂੰ ਆਪਣੇ ਨਾਲ ਘਰ ਲਿਜਾਣ ਲਈ ਕਿਹਾ ਪਰ ਨੀਮਾਂ ਦੇ ਮਨ ਵਿਚੋਂ ਇਹ ਪ੍ਰਸ਼ਨ ਉਠਿਆ ਕਿ ਘਰ ਵਾਲਿਆਂ ਨੂੰ ਇਸ ਬੱਚੇ ਬਾਰੇ ਕੀ ਉਤਰ ਦਿਆਂਗੇ। ਇਸ ਬੱਚੇ ਨੂੰ ਆਪਣੀ ਗੋਦ ਵਿਚ ਲੈ ਲੈਣ ਨਾਲ ਉਸ ਅੰਦਰ ਮਾਂ ਮਮਤਾ ਦੀ ਭਾਵਨਾ ਜਾਗ ਪਈ ਤੇ ਆਪਣੇ ਇਸ ਕਰਤੱਵ ਨੂੰ ਪੂਰਾ ਕਰਦਿਆਂ ਬੱਚੇ ਤੇ ਜੋ ਸੰਕਟ ਛਾਇਆ ਹੋਇਆ ਸੀ ਉਹ ਟਲ ਗਿਆ। ਬੱਚਾ ਬੱਕਰੀ ਦਾ ਦੁੱਧ ਪੀ ਕੇ ਵੱਡਾ ਹੋਇਆ। ਛੇ ਮਹੀਨੇ ਬੀਤਣ ਤੋਂ ਬਾਅਦ ਬੱਚੇ ਦਾ ਨਾਮ ਕਰਨ ਸੰਸਕਾਰ ਹੋਇਆ। ਨੀਰੂ ਨੇ ਬੱਚੇ ਦਾ ਨਾਮ 'ਕਬੀਰ' ਰੱਖਿਆ ਪਰ ਕਈ ਲੋਕਾਂ ਨੇ ਇਸ ਨਾਮ ਦਾ ਵਿਰੋਧ ਕੀਤਾ ਕਿਉਂਕਿ ਕਬੀਰ ਦਾ ਅਰਥ ਹੁੰਦਾ ਹੈ ਮਹਾਨ ਤੇ ਇਕ ਜੁਲਾਹੇ ਦਾ ਬੱਚਾ ਮਹਾਨ ਕਿਸ ਤਰ੍ਹਾਂ ਹੋ ਸਕਦਾ ਹੈ? ਨੀਰੂ ਤੇ ਇਸ ਵਿਰੋਧ ਦਾ ਕੋਈ ਅਸਰ ਨਾ ਹੋਇਆ ਅਤੇ ਬੱਚੇ ਦਾ ਨਾਮ ਕਬੀਰ ਹੀ ਰਹਿਣ ਦਿੱਤਾ ਗਿਆ। ਇਹ ਕਹਿਣ ਵਿਚ ਕੋਈ ਅਤਕਥਨੀ ਨਹੀਂ ਹੋਵੇਗੀ ਕਿ ਅਣਜਾਣੇ ਵਿਚ ਹੀ ਬੱਚੇ ਦਾ ਰੱਖਿਆ ਇਹ ਨਾਮ ਵੱਡੇ ਹੋ ਕੇ ਸਾਰਥਕ ਸਾਬਤ ਹੋਇਆ। ਬੱਚੇ ਦੀਆਂ ਕਿਲਕਾਰੀਆਂ ਨੀਰੂ ਤੇ ਨੀਮਾਂ ਦੇ ਮਨ ਨੂੰ ਛੋਹ ਲੈਂਦੀਆਂ ਤੇ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹਿੰਦੀ। ਕਈ ਸਮਾਜਿਕ ਔਕੜਾਂ ਦੇ ਬਾਵਜੂਦ ਵੀ ਨੀਰੂ ਤੇ ਨੀਮਾਂ ਦਾ ਜੀਵਨ ਬੜੀਆਂ ਖੁਸ਼ੀਆਂ ਵਿਚ ਲੰਘ ਰਿਹਾ ਸੀ।

ਕਬੀਰ ਜੀ ਨੂੰ ਬਚਪਨ ਤੋਂ ਹੀ ਸਾਧੂ-ਸੰਤਾਂ ਦੀ ਸੰਗਤ ਬਹੁਤ ਪਸੰਦ ਸੀ। ਕੱਪੜਾ ਬੁਣਨ ਦਾ ਖਾਨਦਾਨੀ ਕੰਮ ਉਹ ਸਾਰੀ ਉਮਰ ਕਰਦੇ ਰਹੇ। ਉਹ ਮਨੁੱਖ ਦੇ ਬਾਹਰੀ ਅਡੰਬਰਾਂ ਦਾ ਪੁਰਜ਼ੋਰ ਵਿਰੋਧ ਕਰਦੇ ਸਨ। ਤੇ ਪ੍ਰਮਾਤਮਾ ਦੀ ਨਿਰਾਕਾਰ ਉਪਾਸਨਾ ਤੇ ਜ਼ੋਰ ਦਿੰਦੇ ਸਨ। ਬਚਪਨ ਤੋਂ ਹੀ ਉਹਨਾਂ ਦੇ ਚਮਤਕਾਰੀ ਵਿਅਕਤੀਤਵ ਦੀ ਪ੍ਰਸਿੱਧੀ ਹਰ ਥਾਂ ਫੈਲਣ ਲੱਗ ਪਈ ਸੀ। ਕਹਿੰਦੇ ਹਨ ਕਿ ਜਦੋਂ ਉਹ ਅਜੇ ਬਚਪਨ ਵਿਚ ਹੀ ਸਨ ਉਸ ਸਮੇਂ ਕਾਂਸ਼ੀ 'ਚ ਇਕ ਵਾਰ ਜਲਨ ਰੋਗ ਫੈਲ ਗਿਆ ਅਤੇ ਉਹਨਾਂ ਨੇ ਰਸਤੇ ਵਿਚ ਤੁਰੀ ਜਾਂਦੀ ਇਸ ਰੋਗ ਤੋਂ ਪੀੜਤ ਇਕ ਬੁੱਢੀ ਔਰਤ ਤੇ ਰਸਤੇ ਦੀ ਧੂੜ ਛਿੜਕ ਕੇ ਉਸ ਦਾ ਇਹ ਰੋਗ ਖਤਮ ਕਰ ਦਿੱਤਾ।

ਸਤਿਗੁਰੂ ਕਬੀਰ ਦਾਸ ਜੀ ਦਾ ਬਚਪਨ ਬੜੀਆਂ ਜਟਿਲਤਾਵਾਂ ਤੇ ਰੂੜੀਵਾਦੀ ਪ੍ਰਸਥਿਤੀਆਂ ਵਿਚੋਂ ਜੂਝਦੇ ਹੋਏ ਗੁਜ਼ਰ ਰਿਹਾ ਸੀ। ਉਸ ਸਮੇਂ ਇਹ ਸੋਚ ਆਮ ਸੀ ਕਿ ਅਗਰ ਆਦਮੀ ਅਮੀਰ ਹੈ ਤਾਂ ਸਭ ਕੁਝ ਅੱਛਾ ਹੈ। ਅਗਰ ਇਨਸਾਨ ਦਾ ਰਸੂਖ ਵਧੀਆ ਹੈ ਤਾਂ ਵੀ ਵਧੀਆ ਹੈ। ਕੋਈ ਗਰੀਬ ਹੈ ਤਾਂ ਉਸ ਨੂੰ ਇਨਸਾਨ ਹੀ ਨਾ ਮੰਨਿਆ ਜਾਵੇ। ਆਦਮੀ-ਆਦਮੀ ਵਿਚ ਫਰਕ ਸਾਫ ਨਜ਼ਰ ਆਉਂਦਾ ਸੀ। ਕਾਨੂੰਨ ਤੇ ਧਰਮ ਦੀ ਆੜ ਵਿਚ ਰਸੂਖ ਦੁਆਰਾ ਗਰੀਬਾਂ ਅਤੇ ਨਿਮਨ ਜਾਤੀ ਦੇ ਲੋਕਾਂ ਨਾਲ ਸ਼ੋਸ਼ਣ ਹੁੰਦਾ ਸੀ। ਕਬੀਰ ਜੀ ਖੁਦ ਸਮਾਜਿਕ ਕੁਰੀਤੀਆਂ ਦੇ ਵਿਰੁੱਧ ਸਨ ਤੇ ਇਹਨਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾਵੇ, ਇਸੇ ਹੀ ਸੋਚ ਵਿਚ ਚਿੰਤਤ ਰਹਿੰਦੇ ਸਨ।

ਇਕ ਦਿਨ ਕਿਸੇ ਵਿਅਕਤੀ ਨੇ ਦੱਸਿਆ ਕਿ ਸਤਿਗੁਰੂ ਰਾਮਾਨੰਦ ਜੀ ਨੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਜੰਗ ਛੇੜ ਰੱਖੀ ਹੈ। ਕਬੀਰ ਜੀ ਉਹਨਾਂ ਨੂੰ ਮਿਲਣ ਲਈ ਘਰੋਂ ਚਲੇ ਗਏ, ਪ੍ਰੰਤੂ ਉਹਨਾਂ ਦੇ ਆਸ਼ਰਮ ਪਹੁੰਚ ਕੇ ਪਤਾ ਲੱਗਾ ਕਿ ਉਹ ਮੁਸਲਮਾਨਾਂ ਨੂੰ ਨਹੀਂ ਮਿਲਦੇ ਪਰ ਕਬੀਰ ਜੀ ਨੇ ਹਾਰ ਨਹੀਂ ਮੰਨੀ ਤੇ 'ਪੰਚਗੰਗਾ' ਘਾਟ ਤੇ ਰਾਤ ਦੇ ਆਖਰੀ ਪਹਿਰ ਦੇ ਸਮੇਂ ਪਹੁੰਚ ਗਏ ਤੇ ਘਾਟ ਦੀਆਂ ਪੌੜੀਆਂ ਤੇ ਲੇਟ ਗਏ। ਉਹਨਾਂ ਨੂੰ ਪਤਾ ਸੀ ਕਿ ਸਤਿਗੁਰੂ ਰਾਮਾਨੰਦ ਜੀ ਸਵੇਰ ਵੇਲੇ ਸਿਰ ਗੰਗਾ ਘਾਟ ਤੇ ਇਸ਼ਨਾਨ ਕਰਨ ਆਉਂਦੇ ਹਨ। ਸਵੇਰੇ ਜਦੋਂ ਸਤਿਗੁਰੂ ਰਾਮਾਨੰਦ ਜੀ ਜਿਉਂ ਹੀ ਇਸ਼ਨਾਨ ਕਰਨ ਲਈ ਘਾਟ ਦੀਆਂ ਪੌੜੀਆਂ ਉਤਰ ਰਹੇ ਸਨ ਤਾਂ ਉਹਨਾਂ ਦਾ ਪੈਰ ਕਬੀਰ ਜੀ ਨਾਲ ਟਕਰਾਅ ਗਿਆ ਤੇ ਸਤਿਗੁਰੂ ਰਾਮਾਨੰਦ ਜੀ ਨੇ 'ਰਾਮ-ਰਾਮ' ਕਹਿ ਕੇ ਆਪਣਾ ਪੈਰ ਪਿੱਛੇ ਖਿੱਚ ਲਿਆ ਤੇ ਉਸੇ ਵੇਲੇ ਖੜ੍ਹੇ ਹੋ ਕੇ ਕਬੀਰ ਜੀ ਨੇ ਉਹਨਾਂ ਨੂੰ ਪਰਨਾਮ ਕੀਤੀ। ਰਾਮਾਨੰਦ ਜੀ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਤਾਂ ਕਬੀਰ ਜੀ ਨੇ ਉੱਤਰ ਦਿੱਤਾ ਕਿ ਮੈਂ ਆਪ ਜੀ ਦਾ ਸ਼ਿਸ਼ ਹਾਂ। ਰਾਮਾਨੰਦ ਜੀ ਨੇ ਫਿਰ ਪ੍ਰਸ਼ਨ ਕੀਤਾ ਮੈਂ ਤੁਹਾਨੂੰ ਆਪਣਾ ਸ਼ਿਸ਼ ਕਦੋਂ ਬਣਾਇਆ ਸੀ? ਕਬੀਰ ਜੀ ਨੇ ਬੜੀ ਨਿਮਰਤਾ ਨਾਲ ਉਤਰ ਦਿੱਤਾ ਹੁਣੇ-ਹੁਣੇ ਹੀ ਜਦੋਂ ਤੁਸੀਂ 'ਰਾਮ-ਰਾਮ' ਕਿਹਾ ਮੈਂ ਉਸੇ ਵੇਲੇ ਹੀ ਇਸ ਨੂੰ ਆਪਣਾ 'ਗੁਰੂ ਮੰਤਰ' ਬਣਾ ਲਿਆ। ਸਤਿਗੁਰੂ ਰਾਮਾਨੰਦ ਜੀ ਕਬੀਰ ਜੀ ਦੇ ਇਸ ਉਤਰ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਆਪਣਾ ਸ਼ਿਸ਼ ਬਣਾ ਲਿਆ। ਕਬੀਰ ਜੀ ਨੂੰ ਸਤਿਗੁਰੂ ਰਾਮਾਨੰਦ ਜੀ ਨੇ ਸਾਰੇ ਸੰਸਕਾਰਾਂ ਦਾ ਗਿਆਨ ਕਰਵਾਇਆ ਤੇ ਗਿਆਨ ਦੀ ਗੰਗਾ ਵਿਚ ਡੁਬਕੀ ਲੁਆ ਦਿੱਤੀ।

ਕਬੀਰ ਜੀ ਤੇ ਸਤਿਗੁਰੂ ਰਾਮਾਨੰਦ ਜੀ ਦਾ ਰੰਗ ਇਸ ਤਰ੍ਹਾਂ ਚੜ੍ਹਿਆ ਕਿ ਉਹਨਾਂ ਨੇ ਆਪਣੇ ਗੁਰੂ ਜੀ ਦੇ ਸਨਮਾਨ ਵਿਚ ਇਸ ਤਰ੍ਹਾਂ ਕਿਹਾ:

ਸਭ ਧਰਤੀ ਕਾਗਜ਼ ਕਰੂੰ, ਲੇਖਨੀ ਸਭ ਬਨਰਾਜ।
ਸਾਤ ਸਮੁੰਦਰ ਕੀ ਮਸਿ ਕਰੂੰ,
ਗੁਰੂ ਗੁਣ ਲਿਖਾ ਨਾ ਜਾਏ।
ਯਹ ਤਨ ਵਿਸ ਕੀ ਬੇਲਰੀ, ਗੁਰੂ
ਅੰਮ੍ਰਿਤ ਕੀ ਖਾਨ।
ਸੀਸ ਦੀਓ ਜੋ ਗੁਰੂ ਮਿਲੇ, ਤੋ ਵੀ
ਸਸਤਾ ਜਾਨ।



ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਜੀਵਨ ਵਿਚ ਗੁਰੂ ਦੇ ਮਹੱਤਵ ਦਾ ਵਰਣਨ ਸਤਿਗੁਰੂ ਕਬੀਰ ਦਾਸ ਜੀ ਨੇ ਆਪਣੇ ਦੋਹੇ ਵਿਚ ਬੜੀ ਸ਼ਰਧਾ ਤੇ ਆਤਮ ਵਿਸ਼ਵਾਸ ਨਾਲ ਕੀਤਾ ਹੈ। ਸਤਿਗੁਰੂ ਕਬੀਰ ਦਾਸ ਜੀ ਮੁਸਲਮਾਨ ਹੁੰਦੇ ਹੋਏ ਵੀ ਕਦੀ ਮਾਸ ਨੂੰ ਹੱਥ ਨਹੀਂ ਲਾਇਆ। ਸਤਿਗੁਰੂ ਕਬੀਰ ਦਾਸ ਜੀ ਜਾਤ-ਪਾਤ ਦੇ ਊਚ-ਨੀਚ ਦੇ ਬੰਧਨਾਂ ਤੋਂ ਪਰ੍ਹੇ ਇਕ ਫੱਕੜ, ਅਲਮਸਤ ਤੇ ਕ੍ਰਾਂਤੀਕਾਰੀ ਵਿਚਾਰਾਂ ਦੇ ਸਨ। ਉਹਨਾਂ ਨੇ ਇਕ ਰਮਤਾ-ਜੋਗੀ ਤੇ ਚਲਦੇ ਪਾਣੀ ਦੀ ਕਲਪਨਾ ਨੂੰ ਸਾਕਾਰ ਕੀਤਾ। ਸਤਿਗੁਰੂ ਕਬੀਰ ਦਾਸ ਜੀ ਦਾ ਵਿਅਕਤਿਤਵ ਇਕ ਕਰਮਯੋਗੀਆਂ ਵਾਲਾ ਹੈ। ਉਹ ਹਰ ਤਰ੍ਹਾਂ ਦੀਆਂ ਕੁਰੀਤੀਆਂ ਦਾ ਵਿਰੋਧ ਕਰਦੇ ਹਨ। ਉਹ ਸਾਧੂ-ਸੰਤਾਂ ਤੇ ਸੂਫੀ ਫਕੀਰਾਂ ਦੀ ਸੰਗਤ ਤਾਂ ਕਰਦੇ ਸਨ ਪਰ ਧਰਮ ਦੇ ਠੇਕੇਦਾਰਾਂ ਤੋਂ ਦੂਰ ਰਹਿੰਦੇ ਸਨ। ਉਹਨਾਂ ਦਾ ਕਹਿਣਾ ਹੈ ਕਿ:-

ਹਿੰਦੂ ਬਰਤ ਇਕਾਦਸ਼ੀ ਸਾਧੇ ਦੂਧ ਸੰਘਾੜਾ ਸੇਤੀ।
ਅੰਨ ਕੋ ਤਿਆਗੇ, ਮਨ ਕੋਨਾ ਹਟਕੇ, ਪਾਰਣ ਕਰੇ ਸਗੌਤੀ।
ਦਿਨ ਕੋ ਰੋਜ਼ਾ ਰਹਿਤ ਹੈ, ਰਾਤ ਹਨਤ ਹੈ ਗਏ।
ਜਹਾ ਖੂੰਨ ਵੇ ਬੰਦਗੀ, ਕਿਉ ਕਰ ਖੁਸ਼ੀ ਖੁਦਾਏ।

ਜੀਵਾਂ ਦੀ ਹਿੰਸਾ ਨਾ ਕਰਨ ਅਤੇ ਮਾਸਾਹਾਰੀ ਦੇ ਪਿੱਛੇ ਕਬੀਰ ਸਾਹਿਬ ਦਾ ਤਰਕ ਬਹੁਤ ਵਧੀਆ ਹੈ। ਉਹ ਮੰਨਦੇ ਹਨ ਕਿ ਦਇਆ, ਹਿੰਸਾ ਤੇ ਪ੍ਰੇਮ ਦਾ ਮਾਰਗ ਇਕ ਹੈ। ਅਗਰ ਅਸੀਂ ਆਪਣੀ ਕੋਈ ਵੀ ਤ੍ਰਿਸ਼ਨਾ ਤੇ ਲਾਲਸਾ ਪੂਰੀ ਕਰਨ ਲਈ ਹਿੰਸਾ ਕਰਦੇ ਹਾਂ ਨਫ਼ਰਤ ਤੇ ਹਿੰਸਾ ਦਾ ਹੀ ਜਨਮ ਹੁੰਦਾ ਹੈ। ਬੇਜ਼ਬਾਨ ਜਾਨਵਰਾਂ ਲਈ ਜਾਂ ਮਾਨਵ ਦਾ ਸ਼ੋਸ਼ਣ ਕਰਨ ਵਾਲੇ ਵਿਅਕਤੀ ਸਤਿਗੁਰੂ ਕਬੀਰ ਦਾਸ ਜੀ ਲਈ ਸਦਾ ਨਿੰਦਕ ਰਹੇ ਹਨ।

ਸਤਿਗੁਰੂ ਕਬੀਰ ਜੀ ਸੰਸਾਰਕ ਜ਼ਿੰਮੇਵਾਰੀਆਂ ਤੋਂ ਕਦੇ ਦੂਰ ਨਹੀਂ ਗਏ। ਉਹਨਾਂ ਦੀ ਪਤਨੀ ਦਾ ਨਾਮ ਲੋਈ ਸੀ ਤੇ ਪੁੱਤਰ ਕਮਾਲ ਤੇ ਪੁੱਤਰੀ ਕਮਾਲੀ ਸੀ। ਉਹਨਾਂ ਨੇ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਵੀ ਭਲੀ-ਭਾਂਤੀ ਨਿਭਾਇਆ। ਆਪਣਾ ਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਲਈ ਆਪਣਾ ਜੱਦੀ-ਪੁਸ਼ਤੀ ਜੁਲਾਹੇ ਦਾ ਕੰਮ ਬੜੀ ਤਨਦੇਹੀ ਨਾਲ ਕੀਤਾ।

ਸਤਿਗੁਰੂ ਕਬੀਰ ਦਾਸ ਜੀ ਇਕ ਮਹਾਨ ਸੰਤ ਕਵੀ ਸਨ। ਉਹਨਾਂ ਦੀ ਭਾਸ਼ਾ ਸੰਧੁਕੜੀ ਕਹਾਉਂਦੀ ਹੈ। ਕਬੀਰ ਸਾਹਿਬ ਦੀ ਬਾਣੀ ਬਹੁਰੰਗੀ ਹੈ। ਉਹਨਾਂ ਨੇ ਕਿਸੇ ਗ੍ਰੰਥ ਦੀ ਰਚਨਾ ਨਹੀਂ ਕੀਤੀ। ਆਪਣੇ ਆਪ ਨੂੰ ਇਕ ਕਵੀ ਦੇ ਤੌਰ ਤੇ ਸਥਾਪਤ ਕਰਨਾ ਉਹਨਾਂ ਦਾ ਉਦੇਸ਼ ਨਹੀਂ ਸੀ। ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੇ ਸ਼ਗਿਰਦਾਂ ਨੇ ਉਹਨਾਂ ਦੀ ਕਵਿਤਾ (ਰਚਨਾਵਾਂ) ਦਾ ਸੰਗ੍ਰਹਿ ਕੀਤਾ ਤੇ ਉਸ ਦਾ ਨਾਮ 'ਬੀਜਕ' ਰੱਖਿਆ। ਇਸ ਗ੍ਰੰਥ ਦੇ ਤਿੰਨ ਭਾਗ ਹਨ 'ਸਾਖੀ', 'ਸ਼ਬਦ' ਅਤੇ 'ਰਮੈਣੀ।' ਸਤਿਗੁਰੂ ਕਬੀਰ ਸਾਹਿਬ ਦੇ ਉਪਦੇਸ਼ਾਂ ਵਿਚ ਦਾਰਸ਼ਨਿਕਤਾ ਦਿਖਾਈ ਦਿੰਦੀ ਹੈ। ਗੁਰੂ-ਮਹਿਮਾ, ਪ੍ਰਮਾਤਮਾ ਦੀ ਮਹਿਮਾ, ਸੱਤਸੰਗ ਮਹਿਮਾ ਅਤੇ ਮਾਇਆ ਦਾ ਫੇਰ ਆਦਿਕ ਦਾ ਬੜਾ ਸੁੰਦਰ ਵਰਣਨ ਮਿਲਦਾ ਹੈ। ਉਹਨਾਂ ਦੀ ਬਾਣੀ ਵਿਚ ਵਿਚਾਰਾਂ ਦੀ ਬੜੀ ਸਰਲਤਾ ਤੇ ਸਪਸ਼ਟਤਾ ਹੈ। ਇਸ ਵਿਚ ਪੰਜਾਬੀ ਤੇ ਹਿੰਦੀ ਦਾ ਰਲ਼ਾ ਹੈ ਤੇ ਇਸ ਵਿਚ ਬੜੇ ਠੇਠ ਤੇ ਲੱਛੇਦਾਰ ਮੁਹਾਵਰੇ ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਹੈ। ਉਹਨਾਂ ਦੀ ਭਾਸ਼ਾ ਤੇ ਬੜੀ ਪਕੜ ਸੀ ਤੇ ਉਸ ਵਿਚ ਸਭ ਤਰ੍ਹਾਂ ਦੇ ਜ਼ਰੂਰੀ ਸੂਤਰ ਹੋਣ ਕਰਕੇ ਮਹਾਨ ਵਿਦਵਾਨ ਸ੍ਰੀ ਹਜ਼ਾਰੀ ਪ੍ਰਸ਼ਾਦ ਦਵੇਦੀ ਜੀ ਕਬੀਰ ਸਾਹਿਬ ਨੂੰ 'ਭਾਸ਼ਾ ਦਾ ਡਿਕਟੇਟਰ' ਕਹਿੰਦੇ ਹਨ। ਸਤਿਗੁਰੂ ਕਬੀਰ ਸਾਹਿਬ ਦਾ ਮੂਲ-ਮੰਤਰ ਸੀ:

"ਮੈਂ ਕਹਤਾ ਆਖਨ ਦੇਖੀ, ਤੂੰ ਕਹਤਾ ਕਾਗਦ ਕੀ ਲੇਖਿਨ।"

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਸਤਿਗੁਰੂ ਕਬੀਰ ਦਾਸ ਜੀ ਦੀ ਬਾਣੀ ਬਾਕੀ ਸਭ ਭਗਤਾਂ ਨਾਲੋਂ ਵਧੀਕ ਦਰਜ ਹੈ। ਉਹਨਾਂ ਦੀ ਬਾਣੀ 17 ਰਾਗਾਂ ਵਿਚ ਹੈ। ਉਹਨਾਂ ਰਾਗਾਂ ਦੇ ਨਾਮ ਇਹ ਹਨ:- ਸਿਰੀ ਰਾਗ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮ ਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ ਤੇ ਪ੍ਰਭਾਤੀ ਹਨ। ਸਵਾ ਦੋ ਸੌ ਪਦਾ, ਅੰਦਾਜ਼ਨ ਢਾਈ ਸੌ ਸਲੋਕ 'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹਨ। ਉਹਨਾਂ ਦੀ ਇਸ ਬਾਣੀ ਨੂੰ ਸਭ ਤੋਂ ਪ੍ਰਾਚੀਨ ਤੇ ਵਾਸਤਵਿਕ ਰਚਨਾ ਪ੍ਰਮਾਣਿਕ ਮੰਨਿਆ ਜਾਂਦਾ ਹੈ। ਇਸ ਵਿਚ ਸਾਧਨਾ, ਭਗਤੀ ਦੇ ਅੰਗ, ਸਿਮਰਨ, ਸੇਵਾ, ਨਿਰਮਾਣਤਾ, ਬਿਰਹਾ, ਸਰਣਾਗਤੀ, ਮਨ ਦੀਆਂ ਬਦਲਦੀਆਂ ਅਵਸਥਾਵਾਂ, ਹਠ-ਯੋਗ ਕਰਮ, ਫਿਰ ਪਰਮ ਅਨੰਦ ਦੀ ਪ੍ਰਾਪਤੀ ਦੇ ਰਹੱਸ ਬਾਣੀ ਵਿਚ ਕਈ ਰੰਗਾਂ ਵਿਚ ਆਏ ਹਨ। ਇਸ ਵਿਚ ਉਹਨਾਂ ਨੇ ਆਪਣੇ ਵਰਗ ਦੇ ਧੰਦੇ ਤੇ ਨਿੱਜੀ ਪਰਿਵਾਰਕ ਜ਼ਿੰਦਗੀ ਦੀ ਜਾਣਕਾਰੀ ਵੀ ਦਿੱਤੀ ਹੈ। ਸਮਕਾਲੀ ਭਗਤਾਂ ਦੇ ਪ੍ਰਭਾਵ ਕਬੂਲਣ ਦੇ ਪ੍ਰਮਾਣ ਭੀ ਉਹਨਾਂ ਦੀ ਬਾਣੀ ਵਿਚੋਂ ਮਿਲਦੇ ਹਨ। ਨਾਮਦੇਵ ਜੀ, ਰਵਿਦਾਸ ਜੀ, ਸੈਣ ਜੀ ਤੇ ਧੰਨਾ ਜੀ ਦੀ ਬਾਣੀ ਨਾਲ ਕਈ ਥਾਵਾਂ ਤੇ ਗੂੜ੍ਹੀਆਂ ਸਾਂਝਾਂ ਹਨ।

ਸਿੱਖ ਧਰਮ ਦੀਆਂ ਜੜ੍ਹਾਂ ਨੂੰ ਸਾਫ ਤੌਰ ਤੇ 'ਭਗਤੀ ਕਾਲ' ਦੀ 'ਲੋਕ ਲਹਿਰ' ਵਿਚ ਬੜੇ ਸਪਸ਼ਟ ਤੌਰ ਤੇ ਦੇਖਿਆ ਜਾ ਸਕਦਾ ਹੈ। ਸਿੱਖ ਧਰਮ ਲਈ ਗੁਰੂ ਸਾਹਿਬਾਨ ਨੇ ਜੋ ਸਿਧਾਂਤ ਦਿੱਤੇ, ਉਹਨਾਂ ਦੀ ਝਲਕ ਕਿਸੇ ਨਾ ਕਿਸੇ ਰੂਪ ਵਿਚ ਇਸ 'ਭਗਤੀ ਲਹਿਰ' ਵਿਚ ਨਜ਼ਰ ਆਉਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉੱਤਰੀ ਤੇ ਦੱਖਣੀ ਭਾਰਤ ਵਿਚ ਆਪਣੀਆਂ ਯਾਤਰਾਵਾਂ ਦੌਰਾਨ ਇਸ ਭਗਤੀ ਲਹਿਰ ਤੋਂ ਪ੍ਰਭਾਵ ਗ੍ਰਹਿਣ ਵੀ ਕੀਤਾ ਤੇ ਆਪਣੀ ਨਿਰਾਕਾਰ ਉਪਾਸਨਾ ਦਾ ਇਸ ਭਗਤੀ ਲਹਿਰ ਦੇ ਭਗਤਾਂ ਤੇ ਪ੍ਰਭਾਵ ਪਾਇਆ ਵੀ ਤੇ ਨਾਲ ਹੀ ਉਹਨਾਂ ਭਗਤਾਂ ਦੀ ਬਾਣੀ ਵੀ ਲਿਆਂਦੀ ਜੋ ਉਹਨਾਂ ਦੇ ਸਿਧਾਂਤਾਂ ਨਾਲ ਮੇਲ ਖਾਂਦੀ ਸੀ।

ਸਤਿਗੁਰੂ ਕਬੀਰ ਦਾਸ ਜੀ ਪਹਿਲਾਂ ਪੀਰ ਤਕੀ ਦੇ ਮੁਰੀਦ ਸਨ ਅਤੇ ਪਿੱਛੋਂ ਕ੍ਰਿਸ਼ਨ ਭਗਤ ਬਣੇ ਤੇ ਫਿਰ ਰਾਮ ਭਗਤ ਵੀ ਬਣੇ। ਇੱਥੇ ਉਹਨਾਂ ਨੂੰ ਦੂਸਰੇ ਸ਼ਬਦਾਂ ਵਿਚ ਅਵਤਾਰਵਾਦੀ ਵੀ ਕਿਹਾ ਜਾ ਸਕਦਾ ਹੈ। ਉਹਨਾਂ ਦਾ ਵਾਕ ਹੈ, "ਸਾਵਲ ਸੁੰਦਰ ਰਾਮਈਆ, ਮੇਰਾ ਮਨ ਲਾਗਾ ਤੋਹਿ।" ਇਸ ਤੋਂ ਅੱਗੇ ਉਹ ਆਪਣੀ ਬਾਣੀ ਵਿਚ ਕ੍ਰਿਸ਼ਨ ਜੀ ਦੇ ਜੀਵਨ-ਗੁਣਾਂ ਦਾ ਖੁੱਲ੍ਹੇ ਤੌਰ ਤੇ ਗੁਣਗਾਨ ਕਰਦੇ ਹਨ:

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ॥
ਊਆ ਕਾ ਸਰੂਪ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂਰੇ॥"

ਸਤਿਗੁਰੂ ਕਬੀਰ ਦਾਸ ਜੀ ਬਾਕੀ ਸਾਰੇ ਭਗਤਾਂ ਵਿਚੋਂ ਸਭ ਤੋਂ ਪਹਿਲਾਂ, ਗੁਰੂ ਨਾਨਕ ਦੇਵ ਜੀ ਵਾਂਗ ਨਿਰਗੁਣ ਨਿਰੰਕਾਰ ਬ੍ਰਹਮ ਦੇ ਉਪਾਸਕ ਦੱਸਣ ਵਾਲੇ ਵਿਦਵਾਨ ਭੀ ਹਨ ਤੇ ਖੁਦ ਈਸ਼ਵਰ ਕਹਿਣ ਵਾਲੇ ਵੀ ਹਨ। ਕੁਝ ਵਿਦਵਾਨ ਕਬੀਰ ਜੀ ਦੇ ਇਹਨਾਂ ਸਿਧਾਂਤਾਂ ਤੇ ਖਿਆਲਾਂ ਬਾਰੇ, ਗੁਰੂ ਨਾਨਕ ਦੇਵ ਜੀ ਨੂੰ ਸਤਿਗੁਰੂ ਕਬੀਰ ਦਾਸ ਜੀ ਤੋਂ ਪ੍ਰਭਾਵਿਤ ਹੋਣ ਦੀ ਗੱਲ ਵੀ ਮੰਨਦੇ ਹਨ। ਕਬੀਰ ਜੀ ਦਾ ਜਿਉਂ-ਜਿਉਂ ਅਧਿਆਤਮਕ ਗਿਆਨ ਵਧਦਾ ਗਿਆ, ਉਹ ਤਿਵੇਂ-ਤਿਵੇਂ ਹੀ ਮਾਨਸਿਕ ਵਿਕਾਸ ਦੀਆਂ ਮੰਜ਼ਿਲਾਂ ਪਾਰ ਕਰਦੇ ਗਏ ਤੇ ਸਰਗੁਣਵਾਦੀ ਵਿਚਾਰਾਂ ਨੂੰ ਤਿਆਗਦੇ ਗਏ ਤੇ ਅਖੀਰ ਵਿਚ ਨਿਰਾਕਾਰ ਨਿਰੰਕਾਰ ਬ੍ਰਹਮ ਦੇ ਉਪਾਸ਼ਕ ਬਣ ਗਏ ਤੇ ਫਿਰ ਉਹਨਾਂ ਨੇ 'ਕ੍ਰਿਸ਼ਨ ਭਗਤੀ', 'ਰਾਮ ਭਗਤੀ' ਤੇ 'ਨਾਥਾਂ ਜੋਗੀਆਂ' ਦੀ ਵਿਚਾਰਧਾਰਾ ਜੋ ਕਿ ਅਵਤਾਰਵਾਦ ਹੈ, ਦਾ ਕਰੜਾ ਵਿਰੋਧ ਵੀ ਕੀਤਾ। ਹੁਣ ਉਹਨਾਂ ਦਾ 'ਰਾਮ' ਰਾਜਾ ਦਸਰਥ ਪੁੱਤਰ ਸ੍ਰੀ ਰਾਮ ਚੰਦਰ ਜੀ ਨਹੀਂ ਸਨ, ਸਗੋਂ ਉਹਨਾਂ ਦਾ 'ਰਾਮ' ਉਹ 'ਨਿਰਾਕਾਰ ਪਾਰ ਬ੍ਰਹਮ' ਸੀ। ਇਸ ਦੀ ਇਕ ਉਦਾਹਰਣ 'ਕਬੀਰ ਗ੍ਰੰਥਾਵਲੀ ਦੇ ਪੰਨਾ 204) ਤੇ ਇੰਝ ਦਰਜ ਹੈ:

ਨ ਦਸਰਥ ਘਰ ਔਤਰ ਆਵਾ॥ ਨ ਲੰਕਾ ਕਾ ਰਾਵ ਸਤਾਵਾ॥
ਨਹਿ ਦੇਵੈ (ਦੇਵਕੀ) ਗਰਭ ਹੋਇ ਆਵਾ॥ ਨ ਜਸੁਧੈ ਕੈ ਗੋਦ ਖਿਲਾਵਾ॥
ਲੋਗ ਕਹੈ ਗੋਵਰਧਨ ਧਾਰੀ॥ ਤਾਕੀ ਮੋਹ ਅਚੰਭਾ ਭਾਰੀ॥

ਨਿਰਗੁਣ ਰਾਮ ਜਪਹੁ ਰੇ ਭਾਈ॥ ਅਵਿਗਤ ਕੀ ਰਾਤਿ ਲਖੀ ਨਾ ਜਾਈ॥

ਸਤਿਗੁਰੂ ਕਬੀਰ ਦਾਸ ਜੀ ਨੇ ਕਿਸੇ ਵੀ ਥਾਂ ਆਪਣੇ ਆਪ ਨੂੰ ਮੁਸਲਮਾਨ ਜਾਂ ਹਿੰਦੂ ਨਹੀਂ ਕਿਹਾ। ਇਹ ਦੋਹਾਂ ਵਰਗਾਂ ਦੇ ਕਰਮ ਕਾਂਡਾਂ ਅਤੇ ਜਨੂੰਨੀ ਮਜ਼ਹਬੀ ਖਿੱਚੋਤਾਣ ਨੂੰ ਨਿੰਦਿਆਂ ਹੈ; 'ਹਿੰਦੂ ਤੁਰਕ ਕਹਾਂ ਤੇ ਆਏ, ਕਿਨਿ ਇਹ ਰਾਹ ਚਲਾਈ।' ਇਹ ਉਹਨਾਂ ਦਾ ਬੜਾ ਉੱਚਾ ਤੇ ਸ਼ੁੱਧ ਖਿਆਲ ਹੈ। ਮਨੁੱਖ, ਮਨੁੱਖ ਹੈ। ਉਸ ਤੋਂ ਉਪਰ ਹੈ ਗਿਆਨੀ ਚਾਹੇ ਉਹ ਕਿਸੇ ਵੀ ਰੂਪ ਵਿਚ ਹੋਵੇ। ਰੱਬ ਹਿੰਦੂਆਂ, ਮੁਸਲਮਾਨਾਂ ਵਿਚ ਵੰਡੀਆਂ ਨਹੀਂ ਪਾਉਂਦਾ ਤੇ ਨਾ ਹੀ 'ਸਮਾਜਿਕ ਨਾ ਬਰਾਬਰੀ' ਦੀ ਸਿੱਖਿਆ ਦਿੰਦਾ ਹੈ। ਇਹ ਮਨੁੱਖੀ ਵਰਗੀਕਰਨ ਬਾਰੇ ਉਹ ਆਪਣੇ ਵਿਚਾਰਾਂ ਵਿਚ ਕਹਿੰਦੇ ਹਨ ਕਿ ਸਭ ਇਨਸਾਨ ਉਸ ਪ੍ਰਮਾਤਮਾ ਦੇ ਪੈਦਾ ਕੀਤੇ ਹੋਏ ਤੇ ਇਹਨਾਂ ਵਿਚ ਕੌਣ ਮੰਦਾ ਤੇ ਕੌਣ ਚੰਗਾ ਹੈ। ਇਹ ਪ੍ਰਮਾਤਮਾ ਹੀ ਜਾਣਦਾ ਹੈ। ਇਸ ਬਾਰੇ ਉਹ ਗੁਰਬਾਣੀ ਵਿਚ ਇੰਝ ਕਹਿੰਦੇ ਹਨ:

"ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥"

ਉਹ ਮਨੁੱਖ ਦੇ ਪੁਨਰ ਜਨਮ ਲੈਣ ਵਿਚ ਵੀ ਵਿਸ਼ਵਾਸ ਨਹੀਂ ਰੱਖਦੇ ਸਨ ਤੇ ਇਸ ਬਾਰੇ ਇਸ ਤਰ੍ਹਾਂ ਆਪਣੇ ਵਿਚਾਰ ਰੱਖਦੇ ਹਨ:-

"ਕਹੁ ਕਬੀਰ ਜਿਸੁ ਸਤਿਗੁਰ ਭੇਟੈ।
ਪੁਨਰਪਿ ਜਨਮਿ ਨ ਆਵੈ॥"

ਸਤਿਗੁਰੂ ਕਬੀਰ ਦਾਸ ਜੀ ਨੇ ਬੜੇ ਕਰੜੇ ਅਤੇ ਕਰਾਰੇ ਬੋਲਾਂ ਵਿਚ ਦੰਭ, ਪ੍ਰਪੰਚ ਅਤੇ ਪਾਖੰਡਾਂ ਦੇ ਖੰਡਨ ਕਰਨ ਵਿਚ ਸਭ ਤੋਂ ਮੋਹਰਲੀ ਕਤਾਰ ਵਿਚ ਖਲੋਤੇ ਹਨ। ਦਿਖਾਵੇ ਦੇ ਫੋਕੇ ਧਾਰਮਿਕ ਅਡੰਬਰਾਂ ਦੀ ਉਹਨਾਂ ਖੂਬ ਛਿੱਲ ਉਤਾਰੀ ਹੈ, ਧਾਰਮਿਕ ਭੇਖ ਧਾਰ ਕੇ, ਲੋਕਾਂ ਨੂੰ ਮੂਰਖ ਬਣਾ ਕੇ ਆਪਣਾ ਧੰਦਾ ਤੇ ਤੋਰੀ ਫੁਲਕਾ ਚਲਾਉਣ ਵਾਲਿਆਂ ਨੂੰ ਖਾਸ ਤੌਰ ਤੇ ਭੰਡਿਆ ਹੈ। 'ਬਨਾਰਸ ਦੇ ਠੱਗਾਂ' ਦੀ ਮਿਸਾਲ ਸਾਡੇ ਸਮਾਜ ਵਿਚ ਬੜੀ ਮਸ਼ਹੂਰ ਹੈ। ਇਹ ਸ਼ਾਇਦ ਇਸੇ ਕਰਕੇ ਹੀ ਗੱਲ ਬਣੀ ਹੈ ਕਿ ਉਥੋਂ ਦੇ ਪੰਡੇ ਨਾਮ ਦਾਨ ਇਸ਼ਨਾਨ, ਸਵਰਗ, ਨਰਕ ਤੇ ਭਵਿੱਖ ਦੇ ਪ੍ਰਚਾਵਿਆਂ ਨਾਲ ਲੋਕਾਂ ਨੂੰ ਕੁਰਾਹੇ ਪਾ ਕੇ ਲੁੱਟਦੇ ਸਨ। ਨੰਗੇ ਫਿਰਨਾ, ਸਿਰ ਮੰਡਾਉਣਾ, ਜਤੀ ਆਦਿ ਕਹਾਉਣਾ, ਜੋਗੀਆਂ ਵਾਲੀ ਕਰਮ ਕਿਰਿਆ ਭੀ ਕਬੀਰ ਜੀ ਦੇ ਹਮਲੇ ਤੋਂ ਨਹੀਂ ਬਚ ਸਕੀ:

'ਨਗਨ ਫਿਰਤ ਜੋ ਪਾਈਐ ਜੋਗ।
ਬਨ ਕਾ ਮਿਰਗ ਮੁਕਤਿ ਸਭੁ ਹੋਗੁ॥'

ਪਿਤਰ ਪੂਜਾ ਦਾ ਵੀ ਉਹਨਾਂ ਨੇ ਰੱਜ ਕੇ ਵਿਰੋਧ ਕੀਤਾ ਹੈ। ਮਾਤਾ ਪਿਤਾ ਦੀ ਜਿਉਂਦੇ ਜੀਅ ਸੇਵਾ ਕਰਨੀ ਚਾਹੀਦੀ ਹੈ। ਮਰਿਆਂ ਉਤੇ ਸਰਾਧ ਕਰਾਉਣੇ, ਕਾਵਾਂ ਕੁੱਤਿਆਂ ਨੂੰ ਖਵਾਉਣ ਤੋਂ ਵੱਧ ਪੁੰਨਯ ਕਰਮ ਨਹੀਂ ਹੈ:

"ਜੀਵਤ ਪਿਤਰ ਨਾ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥"

ਉਹਨਾਂ ਦਿਨਾਂ ਵਿਚ ਦਿੱਲੀ ਦੇ ਤਖਤ ਤੇ ਸਿਕੰਦਰ ਲੋਧੀ ਦਾ ਰਾਜ ਸੀ। ਉਸਨੇ ਵੀ ਸਤਿਗੁਰੂ ਕਬੀਰ ਦਾ ਸਜੀ ਤੇ ਬੜੇ ਜ਼ੁਲਮ ਕੀਤੇ, ਜਿਹਨਾਂ ਨੂੰ ਉਹਨਾਂ ਨੇ ਆਪਣੇ ਆਤਮਕ ਬੱਲ ਨਾਲ ਸਹਾਰਿਆ ਤੇ ਆਪਣੇ ਮਾਨਵਵਾਦੀ ਮਿਸ਼ਨ ਤੋਂ ਉਹ ਟੱਸ ਤੋਂ ਮੱਸ ਨਾ ਹੋਏ। ਉਹਨਾਂ ਦੇ ਜੀਵਨ ਨਾਲ ਕਈ ਪ੍ਰਕਾਰ ਦੀਆਂ ਕਰਾਮਾਤਾਂ ਵੀ ਜੋੜੀਆਂ ਜਾਂਦੀਆਂ ਹਨ, ਜਿਹੜੀਆਂ ਵਿਗਿਆਨਕ ਤੇ ਯਥਾਰਥਵਾਦੀ ਨਜ਼ਰੀਏ ਤੋਂ ਮੰਨਣਯੋਗ ਨਹੀਂ ਹਨ। ਇਹ ਉਂਝ ਵੀ ਕਬੀਰ ਸਾਹਿਬ ਦੇ ਆਪਦੇ ਸਿਧਾਂਤਾਂ ਦੇ ਵਿਰੁੱਧ ਹਨ। ਉਹ ਤਾਂ ਇਕ ਕਰਮਯੋਗੀ ਸਨ ਜੋ ਇਨ੍ਹਾਂ ਰਿਧੀਆਂ-ਸਿੱਧੀਆਂ ਤੇ ਕਰਾਮਾਤਾਂ ਕਰਨ ਵਾਲਿਆਂ ਦਾ ਡੱਟ ਕੇ ਵਿਰੋਧ ਕਰਦੇ ਸਨ। ਸਤਿਗੁਰੂ ਕਬੀਰ ਦਾਸ ਜੀ ਦੀਆਂ ਸਾਖੀਆਂ ਵਿਚ ਸੱਚੇ ਗੁਰੂ ਦਾ ਗਿਆਨ ਮਿਲਦਾ ਹੈ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਕਬੀਰ ਸਾਹਿਬ ਦੀ ਕਵਿਤਾ ਦਾ ਸਰਵਉੱਚ ਮਹੱਤਵ ਧਾਰਮਿਕ, ਸਮਾਜਿਕ ਏਕਤਾ, ਸਮਾਜਿਕ ਬਰਾਬਰੀ, ਸਮਾਜਿਕ ਕੁਰੀਤੀਆਂ ਦਾ ਤਿਆਗ ਤੇ ਭਗਤੀ ਦਾ ਸੰਦੇਸ਼ ਦੇਣਾ ਹੈ।

ਸਤਿਗੁਰੂ ਕਬੀਰ ਦਾਸ ਜੀ ਦੀ ਮੌਤ ਦਾ ਰਹੱਸ ਵੀ ਜਨਮ ਦੀ ਤਰ੍ਹਾਂ ਰਹੱਸਮਈ ਹੈ। ਸਾਰਾ ਜੀਵਨ ਉਹ ਕਾਸ਼ੀ ਵਿਚ ਰਹਿਣ ਦੇ ਬਾਵਜੂਦ ਅੰਤ ਸਮਾਂ ਸੰਨ 1518 ਦੇ ਕਰੀਬ ਮਗਹਰ ਚਲੇ ਗਏ ਸਨ ਤੇ ਉਥੇ ਹੀ ਉਹਨਾਂ ਦੀ ਇਸੇ ਸਾਲ ਮੌਤ ਹੋ ਗਈ। ਇਸ ਮੌਤ ਦੇ ਸੰਨ ਬਾਰੇ ਵੀ ਕਈ ਵਿਦਵਾਨਾਂ ਦੇ ਆਪਣੇ ਮੱਤ ਅਲੱਗ ਅਲੱਗ ਰੱਖੇ ਹਨ ਪਰ ਬਹੁਮਤ ਉਹਨਾਂ ਦੀ ਮੌਤ ਦਾ ਸੰਨ 1518 ਈਸਵੀ ਹੀ ਮੰਨਦਾ ਹੈ। ਮਗਹਰ ਚਲੇ ਜਾਣ ਪਿੱਛੇ ਵੀ ਉਹਨਾਂ ਦੀ ਇਕ ਸੋਚ ਕੰਮ ਕਰਦੀ ਸੀ। ਇਹ ਇਕ ਬਹੁਤ ਵੱਡਾ ਲੋਕਾਂ ਵਿਚ ਵਹਿਮ ਸੀ ਕਿ ਕਾਸ਼ੀ ਵਿਚ ਜਿਸ ਦੀ ਮੌਤ ਹੁੰਦੀ ਹੈ, ਉਹ ਸਿੱਧਾ ਸਵਰਗਾਂ ਵਿਚ ਜਾਂਦਾ ਹੈ, ਜਿਸ ਦੀ ਮੌਤ ਮਗਹਰ ਵਿਚ ਹੋਵੇ, ਉਹ ਸਿੱਧਾ ਨਰਕਾਂ ਵਿਚ ਜਾਂਦਾ ਹੈ। ਇਸ ਲੋਕਾਂ ਦੇ ਵਹਿਮ ਨੂੰ ਤੋੜਨ ਲਈ ਉਹ ਨਰਕਾਂ ਤੋਂ ਡਰੇ ਨਹੀਂ ਤੇ ਸਵਰਗਾਂ ਦੀ ਨਾ ਪ੍ਰਵਾਹ ਕਰਦਿਆਂ ਉਹਨਾਂ ਨੇ ਆਪਣਾ ਅੰਤਮ ਜੀਵਨ ਮਗਹਰ ਵਿਖੇ ਹੀ ਬਤੀਤ ਕੀਤਾ। ਇਸ ਤਰ੍ਹਾਂ ਕਰਕੇ ਉਹਨਾਂ ਨੇ ਲੋਕਾਂ ਦੇ ਸਵਰਗ ਤੇ ਨਰਕ ਦੇ ਵਹਿਮ ਨੂੰ

(ਬਾਕੀ ਸਫਾ 21 'ਤੇ)

# ਝਿੱਕਾ ਆਰਟ ਪ੍ਰੋਮੋਸ਼ਨ ਨੇ ਕਰਵਾਇਆ 'ਫਾਦਰ'ਜ਼ ਡੇਅ' ਸਮਾਗਮ

## ਬਾਪ ਦੇ ਅਸਲ ਫਰਜ਼ ਨਿਭਾਉਣ ਵਾਲਿਆਂ ਨੂੰ ਕੀਤਾ ਗਿਆ ਸਨਮਾਨਿਤ
















**ਹੇਅਵਰਡ (ਬਿਓਰੋ)–** ਲੰਘੇ ਐਤਵਾਰ ਨੂੰ ਇੱਥੇ ਝਿੱਕਾ ਆਰਟ ਪ੍ਰਮੋਸ਼ਨ ਵਲੋਂ ਸੋਨੀਆ ਝਿੱਕਾ, ਮਨਜੀਤ ਝਿੱਕਾ, ਬਲਜਿੰਦਰ ਪੱਟੀ, ਪਰਮਿੰਦਰ ਲਾਡੀ ਦੀ ਅਗਵਾਈ ਹੇਠ ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ, ਸੈਨਹੋਜ਼ੇ ਹੈਰੀਟੇਜ ਕਲੱਬ ਅਤੇ ਝਾਂਜਰ ਦੀ ਛਣਕਾਰ ਟੀਮ ਦੇ ਸਹਿਯੋਗ ਨਾਲ ਰਾਜਾ ਸਵੀਟਸ ਤੇ ਇੰਡੀਅਨ ਕੁਜ਼ੀਨ ਵਿਖੇ 'ਫਾਦਰ'ਜ਼ ਡੇਅ' ਧੂਮ ਧਾਮ ਨਾਲ ਮਨਾਇਆ ਗਿਆ। ਜਿੱਥੇ ਬੇਏਰੀਆ ਦੀਆਂ ਨਾਮੀ ਗਰਾਮੀ ਹਸਤੀਆਂ ਆਪਣੇ ਪਰਿਵਾਰਾਂ ਸਮੇਤ ਸ਼ਾਮਿਲ ਹੋਈਆਂ ਉੱਥੇ ਕਰੀਬ ਦੋ ਦਰਜ਼ਨ ਤੋਂ ਵੱਧ ਬਾਪ ਦੇ ਫਰਜ਼ ਨੂੰ ਬਾਖੂਬੀ ਭੂਮਿਕਾ ਨਿਭਾਉਣ ਵਾਲਿਆਂ ਨੂੰ ਖਾਸ ਤੋਹਫੇ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਵੱਖ ਵੱਖ ਬੁਲਾਰਿਆਂ ਨੇ ਇਸ ਦਿਨ ਦੀ ਮਹੱਤਤਾ 'ਤੇ 'ਮਾਂ ਪਰਿਵਾਰ ਚਲਾਉਂਦੀ ਹੈ ਤੇ ਬਾਪ ਘਰ', ਗ੍ਰਹਿਸਤ ਦੀ ਗੱਡੀ ਖਿੱਚਣ ਲਈ ਪਿਓ ਦੀ ਪ੍ਰਮੁੱਖ ਭੂਮਿਕਾ ਰਹੀ ਹੈ, ਜਿਨ੍ਹਾਂ ਘਰਾਂ ਜ਼ਿੰਮੇਵਾਰ ਮਾਂ ਅਤੇ ਸੁਘੜ ਸਿਆਣੇ ਬਾਪ ਆਪਣੇ ਫਰਜ਼ਾਂ ਦੀ ਪੂਰਤੀ ਕਰਦੇ ਰਹੇ ਹਨ ਉਹ ਘਰ ਸਦੀਵੀ ਸਵਰਗ ਦਾ ਰੂਪ ਬਣੇ ਹਨ। ਫਾਦਰ'ਜ਼ ਡੇਅ ਮਨਾਉਣ ਨਾਲ ਗੱਲ ਨਹੀਂ ਮੁੱਕਦੀ ਸਗੋਂ ਗੱਲ ਇਸ ਸੋਚ ਨਾਲ ਬਣਦੀ ਹੈ ਕਿ ਬਾਪ ਵੀ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਅਤੇ ਔਲਾਦ ਉਨ੍ਹਾਂ ਦੇ ਸਤਿਕਾਰ 'ਚ ਕੋਈ ਕਮੀ ਨਾ ਰਹਿਣ ਦੇਵੇ, ਇਹ ਸੰਗਮ ਬਣਿਆ ਰਹੇਗਾ ਤਾਂ ਨਰੋਏ ਸਮਾਜ ਦੀ ਸਿਰਜਣਾ ਹੋਵੇਗੀ ਅਤੇ 'ਫਾਦਰ'ਜ਼ ਡੇਅ' ਮਨਾਉਣ ਦਾ ਮਕਸਦ ਪੂਰਾ ਹੋਵੇਗਾ।

ਪ੍ਰੋਗਰਾਮ ਦੇ ਮੁੱਖ ਪ੍ਰਬੰਧਕਾਂ ਅਤੇ ਸੋਨੀਆਂ ਝਿੱਕਾ ਅਤੇ ਮਨਜੀਤ ਝਿੱਕਾ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ ਵਰ੍ਹੇ ਇਸ ਪ੍ਰੋਗਰਾਮ ਦੀ ਸ਼ੁਰੂਆਤ 'ਫਾਦਰ'ਜ਼ ਡੇਅ' ਮਨਾਉਣ ਦੀ ਸੋਚ ਨਾਲ ਸ਼ੁਰੂਆਤ ਕੀਤੀ ਸੀ ਅਤੇ ਦੂਸਰੇ ਵਰ੍ਹੇ ਜਿੰਨੀ ਵੱਡੀ ਸਫਲਤਾ ਉਨ੍ਹਾਂ ਨੂੰ ਮਿਲੀ ਹੈ ਉਹ ਬਾਗੋ ਬਾਗ ਹੀ ਨਹੀਂ ਹਨ ਸਗੋਂ ਅਗਲੇ ਵਰ੍ਹਿਆਂ ਵਿਚ ਇਸ ਮਹੱਤਵਪੂਰਨ ਦਿਵਸ ਨੂੰ ਹੋਰ ਵੀ ਚਾਰ ਚੰਨ ਲਾਉਣ ਲਈ ਤਨਦੇਹੀ ਅਤੇ ਲਗਨ ਨਾਲ ਕੰਮ ਕਰਦੇ ਰਹਿਣਗੇ ਕਿਉਂਕਿ ਇਹ ਦਿਵਸ ਬਹੁਤ ਕੁਝ ਦੱਸ ਕੇ ਜਾਂਦਾ ਹੈ ਅਤੇ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣ ਦਾ ਸੁਨੇਹਾ ਦਿੰਦਾ ਹੈ। ਪ੍ਰੋਗਰਾਮ ਦੀ ਸ਼ੁਰੂਆਤ ਅਜੇ ਭੰਗੜਾ ਅਕੈਡਮੀ ਦੇ ਬੱਚਿਆਂ ਦੇ ਭੰਗੜੇ ਅਤੇ ਗਿੱਧੇ ਨਾਲ ਹੋਈ ਜਦੋਂਕਿ ਜਸਵਿੰਦਰ ਕੌਰ, ਜੱਸੀ ਸਰ੍ਹਾਂ ਨੇ 'ਫਾਦਰ'ਜ਼ ਡੇਅ' ਨਾਲ ਸਬੰਧਿਤ ਗੀਤਾਂ 'ਤੇ ਕੋਰੀਓਗ੍ਰਾਫੀ ਕਰਕੇ ਪ੍ਰੋਗਰਾਮ ਨੂੰ ਸਿਖਰ ਵੱਲ ਤੋਰਿਆ। ਬਲਜਿੰਦਰ ਪੱਟੀ ਵਲੋਂ ਜਦੋਂ 'ਭਾਈਆਂ ਭਾਈਆਂ ਵਿਚ ਹੋਇਆ ਬਟਵਾਰਾ ਕੱਲੀ ਕੱਲੀ ਚੀਜ਼ ਵੰਡ ਲਈ, ਲੋਕੀਂ ਵੇਖਦੇ ਤਬਾਹੀ ਦਾ ਨਜ਼ਾਰਾ ਕੱਲੀ ਕੱਲੀ ਚੀਜ਼ ਵੰਡ ਲਈ' ਤੇ ਕਮਾਲ ਦੀ ਕੋ-ਰੀਓਗ੍ਰਾਫੀ ਪੇਸ਼ ਕੀਤੀ ਤਾਂ ਸੱਚ ਇਹ ਸੀ ਕਿ ਹਰ ਅੱਖ ਨੇ ਹੰਝੂ ਕੇਰੇ। ਕਾਸ਼! ਏਦਾਂ ਕਦੇ ਨਾ ਹੋਵੇ।

ਇਹ ਪ੍ਰੋਗਰਾਮ ਦੀ ਸਿਖਰ ਸੀ। ਕੈਲੀ ਜੱਸ ਅਤੇ ਸੱਤੀ ਪਾਬਲਾ ਨੇ ਕੁਲਦੀਪ ਮਾਣਕ ਦੇ ਕੁਝ ਗੀਤਾਂ ਤੋਂ ਸਿਵਾ 'ਬਾਪੂ ਜਿਉਂਦਾ ਰਹਿ' ਵਰਗੇ ਗੀਤਾਂ ਨਾਲ ਫਾਦਰ'ਜ਼ ਡੇਅ ਦੀ ਮਹੱਤਤਾ ਨੂੰ ਬਾਖੂਬੀ ਪੇਸ਼ ਕੀਤਾ। ਕੁਝ ਸਮਾਜਿਕ ਗੀਤਾਂ ਤੋਂ ਸਿਵਾ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਈ ਪੰਜਾਬੀ ਦੀ ਹਿੱਟ ਗਾਇਕ ਜੋੜੀ 'ਦੀਪ ਢਿੱਲੋਂ ਅਤੇ ਜੈਸਮੀਨ ਜੱਸੀ' ਨੇ 'ਤੇਰੀ ਬੇਬੇ ਲਿੱਬੜੀ ਤਿੱਬੜੀ ਵੇ ਮੈਨੂੰ ਗਲ ਨਾਲ ਲਾਉਂਦੀ ਆ' ਆਦਿ ਗੀਤਾਂ ਨਾਲ ਫਾਦਰ'ਜ਼ ਡੇਅ ਪ੍ਰੋਗਰਾਮ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਜਗਤਾਰ ਗਿੱਲ, ਸੁਰਿੰਦਰ ਧਨੋਆ, ਰੇਡੀਓ ਮਿਰਚੀ ਦੇ ਐੱਸ.ਪੀ. ਸਿੰਘ, ਰਾਜ ਭਨੋਟ, ਬੋਹੜ ਸਿੰਘ, ਮੱਖਣ ਬੈਂਸ, ਸੁੱਚਾ ਰਾਮ ਭਾਰਟਾ, ਧਰਮਪਾਲ ਝਮਟ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਰਾਜਾ ਸਵੀਟਸ ਵਲੋਂ ਲਜ਼ੀਜ਼ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਸੈਂਕੜੇ ਦਰਸ਼ਕਾਂ ਨੇ ਨਾ ਸਿਰਫ ਇਸ ਪ੍ਰੋਗਰਾਮ ਨੂੰ ਸਲਾਹਿਆ ਸਗੋਂ ਭਵਿੱਖ ਵਿਚ ਝਿੱਕਾ ਆਰਟ ਪ੍ਰੋਮੋਸ਼ਨ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਵੀ ਕੀਤਾ। ਜਗਦੇਵ ਭੰਡਾਲ, ਵਰਿੰਦਰ ਉੱਭੀ, ਜਸਵੀਰ ਸਿੰਘ ਭੰਮਰਾ ਨੇ ਪ੍ਰੋਗਰਾਮ ਦੇ ਹਰ ਪਲ ਨੂੰ ਆਪਣੇ ਕੈਮਰਿਆਂ ਵਿਚ ਕੈਦ ਕਰਕੇ ਦੂਰ ਦੁਰੇਡੇ ਬੈਠੇ ਦਰਸ਼ਕਾਂ ਤੱਕ ਪੁੱਜਦਾ ਕੀਤਾ। ਆਖਰ ਵਿਚ ਸਾਰਿਆਂ ਦਾ ਧੰਨਵਾਦ ਕਰਦਿਆਂ ਸੋਨੀਆਂ ਝਿੱਕਾ ਨੇ ਕਿਹਾ ਕਿ ਇਹ ਉਨ੍ਹਾਂ ਦੇ ਪਤੀ ਮਨਜੀਤ ਸਿੰਘ ਝਿੱਕਾ ਦੀ ਹੱਲਾਸ਼ੇਰੀ ਨਾਲ ਇਹ ਸਫਲਤਾ ਮਿਲੀ ਹੈ ਅਤੇ ਉਹ ਦ੍ਰਿੜ ਹਨ ਕਿ ਆਉਂਦੇ ਵਰ੍ਹਿਆਂ ਵਿਚ ਇਹ ਪ੍ਰੋਗਰਾਮ ਆਪਣਾ ਇਕ ਵੱਖਰਾ ਇਤਿਹਾਸ ਸਿਰਜੇਗਾ।

# ਤਰਸੇਮ ਜੱਸੜ ਤੇ ਜੱਸ ਬਾਜਵਾ 30 ਜੂਨ ਨੂੰ ਸੈਨਲੈਂਡਰੋ 'ਚ ਲਾਉਣਗੇ ਗੀਤਾਂ ਦੀ ਛਹਿਬਰ

**ਸੈਨਲੈਂਡਰੋ (ਬਿਓਰੋ)–** 'ਰੱਬ ਦਾ ਰੇਡੀਓ' ਪੰਜਾਬੀ ਫਿਲਮ ਨਾਲ ਵੱਡਾ ਨਾਮਣਾ ਖੱਟਣ ਵਾਲੇ ਪੰਜਾਬੀ ਗਾਇਕ ਤਰਸੇਮ




ਜੱਸੜ ਅਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਜੱਸ ਬਾਜਵਾ ਇੱਥੇ 30 ਜੂਨ, ਦਿਨ ਐਤਵਾਰ ਸ਼ਾਮ 6 ਵਜੇ ਹਿਸਟੌਰਿਕਵਲ ਥਿਏਟਰ ਵਿਖੇ ਪੰਜਾਬੀ ਗੀਤਾਂ ਦੀ ਛਹਿਬਰ ਲਾਉਣਗੇ। ਤੰਦੂਰੀ ਪੀਜ਼ਾ ਅਤੇ ਐਰਿਨ ਐਂਟਰਟੇਨਮੈਂਟ ਯੂ.ਐੱਸ.ਏ ਵਲੋਂ ਅਯੋਜਿਤ ਕੀਤੇ ਜਾਣ ਵਾਲੇ ਇਸ ਸੰਗੀਤਕ ਪ੍ਰੋਗਰਾਮ 'ਚ ਗਾਇਕ ਜੀਤਾ ਗਿੱਲ ਵੀ ਆਪਣੇ ਗੀਤਾਂ ਦੀ ਪੇਸ਼ਕਾਰੀ ਨਾਲ ਸ਼ੁਰੂਆਤੀ ਰੰਗ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ। ਮੁੱਖ ਪ੍ਰਬੰਧਕ ਜੇ. ਸ਼ਰਮਾ ਅਤੇ ਐਸ਼ ਸਿੰਘ ਨੇ ਦੱਸਿਆ ਕਿ ਤਰਸੇਮ ਜੱਸੜ ਅਤੇ ਜੱਸ ਬਾਜਵਾ ਦੀ ਜੋੜੀ ਪਹਿਲੀ ਵਾਰੀ ਬੇਏਰੀਆ 'ਚ ਇਕ ਨਿਵੇਕਲੀ ਕਿਸਮ ਦਾ ਸ਼ੋਅ ਪੇਸ਼ ਕਰੇਗੀ। ਇਹ ਇਕ ਨਿਰੋਲ ਪਰਿਵਾਰਕ ਪ੍ਰੋ-ਗਰਾਮ ਹੋਵੇਗਾ ਜਿਸ ਵਿਚ ਦਰਸ਼ਕਾਂ ਵਿਚ ਹਰ ਤਰ੍ਹਾਂ ਦੇ ਭਰਪੂਰ ਮਨੋਰੰਜਨ ਦੀ ਵਿਵਸਥਾ ਮਿਲੇਗੀ। ਹੋਰ ਜਾਣਕਾਰੀ ਲਈ 510-378-8316 ਜਾਂ 510-379-8449 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਝਾਂਜਰ ਦੀ ਛਣਕਾਰ' 'ਚ ਜੈਜ਼ੀ ਬੀ ਪਾਏਗਾ 21 ਜੁਲਾਈ ਨੂੰ ਛਣਕਾਰ

ਮਿਲਪੀਟਸ (ਬਿਓਰੋ)– ਭੂਆ ਗੁਰਮੀਤ ਕੌਰ ਛੀਨਾ ਦੀ ਅਗਵਾਈ ਹੇਠ ਸੈਨਹੋਜ਼ੇ ਹੈਰੀਟੇਜ ਕਲੱਬ, ਪੰਜਾਬ ਲੋਕ ਰੰਗ, ਇੱਕੀ ਇੰਟਰਨੈਸ਼ਨਲ ਐਂਟਰਟੇਨਮੈਂਟ ਅਤੇ ਝਿੱਕਾ ਆਰਟ ਪ੍ਰਮੋਸ਼ਨ ਦੇ ਸਹਿਯੋਗ ਨਾਲ ਇੱਥੇ ਇੰਡੀਅਨ ਕਮਿਉਨਿਟੀ ਸੈਂਟਰ ਵਿਖੇ 21 ਜੁਲਾਈ ਨੂੰ 'ਝਾਂਜਰ ਦੀ ਛਣਕਾਰ' ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਇਸ ਬਾਰੇ ਗੱਲਬਾਤ ਕਰਦਿਆਂ ਪ੍ਰੋ-ਗਰਾਮ ਦੀ ਮੁੱਖ ਪ੍ਰਬੰਧਕ



ਭੂਆ ਗੁਰਮੀਤ ਕੌਰ ਛੀਨਾ ਨੇ ਦੱਸਿਆ ਕਿ ਪੰਜਾਬ ਦੇ ਨਾਮੀ ਗਾਇਕ ਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਣ ਗਾਇਕ ਜੈਜ਼ੀ ਬੀ. ਮੁੱਖ ਆਕਰਸ਼ਣ ਹੋਣਗੇ। ਉੱਥੇ ਸਿਰਫ ਔਰਤਾਂ ਲਈ ਮੇਲੇ ਵਰਗਾ ਹੋਣ ਵਾਲਾ ਇਹ ਪ੍ਰੋਗਰਾਮ ਗਿੱਧਾ, ਕੋਰੀਓਗ੍ਰਾਫੀ, ਸਕਿੱਟ ਅਤੇ ਹਾਸ-ਰਸ ਦੀ ਹਰ ਵੰਨਗੀ ਨਾਲ ਆਪਣੀ ਮਿਸਾਲ ਆਪ ਬਣੇਗਾ। ਬੀਬੀਆਂ ਲਈ ਨਾ ਸਿਰਫ ਹਾਰ ਸ਼ਿੰਗਾਰ 'ਤੇ ਹੋਰ ਵਸਤਾਂ ਦੇ ਸਟਾਲ ਲੱਗਣਗੇ ਸਗੋਂ ਇਸ ਪ੍ਰੋਗਰਾਮ ਵਿਚ ਸ਼ਿਰਕਤ ਕਰਨ ਵਾਲੀ ਹਰ ਪੰਜਾਬਣ ਨੂੰ ਪ੍ਰੋਗਰਾਮ ਦੇ ਸਿਰਲੇਖ ਵਾਂਗ ਇਕ ਝਾਂਜਰਾਂ ਦਾ ਜੋੜਾ ਤੋਹਫੇ ਵਜੋਂ ਦਿੱਤਾ ਜਾਵੇਗਾ। ਭਾਵੇਂ ਤੀਆਂ ਦੇ ਤਿਓਹਾਰ ਦੇ ਦਿਨਾਂ 'ਚ ਇਸ ਮੇਲੇ ਦਾ ਅਯੋਜਨ ਕੀਤਾ ਜਾ ਰਿਹਾ ਹੈ ਪਰ ਨਾ ਸਿਰਫ ਸੰਧਾਰੇ ਦੀ ਗੱਲ ਚੱਲੇਗੀ ਸਗੋਂ ਔਰਤਾਂ ਤੇ ਮੁਟਿਆਰਾਂ ਨੂੰ ਆਪਣੇ ਚਾਅ ਖੁੱਲ੍ਹ ਕੇ ਬਿਖੇਰਨ ਦਾ ਖੁੱਲ੍ਹਾ ਮੌਕਾ ਦਿੱਤਾ ਜਾਵੇਗਾ। ਖਾਸ ਗੱਲ ਇਹ ਵੀ ਹੋਵੇਗੀ ਕਿ 'ਨੱਚ ਲੈ ਬਿਸ਼ਨ ਕੁਰੇ ਸੌਣ ਨੇ ਕਦ ਕਦ ਆਉਣਾ' ਵਾਂਗ ਨੱਚਣ ਟੱਪਣ 'ਤੇ ਅੱਡੀ ਚੁੱਕਣ ਲਈ ਖੂਬਸੂਰਤ ਮਹੌਲ ਸਿਰਜਿਆ ਜਾਵੇਗਾ। ਪ੍ਰੋਗਰਾਮ ਦਾ ਸੰਚਾਲਨ ਸ਼ਕਤੀ ਮਾਣਕ ਕਰੇਗੀ। ਖਾਣ ਪੀਣ ਅਤੇ ਸਕਿਉਰਿਟੀ ਦਾ ਖਾਸ ਬੰਦੋਬਸਤ ਹੋਵੇਗਾ। ਹਰ ਮੁਟਿਆਰ/ਔਰਤ ਜਦੋਂ ਪ੍ਰੋਗਰਾਮ ਦੀ ਸਮਾਪਤੀ ਤੋਂ ਘਰ ਵੱਲ ਪਰਤੇਗੀ ਤਾਂ ਉਸਦੇ ਹੱਥਾਂ 'ਚ 'ਤੇ ਪੈਰਾਂ 'ਚ ਔਰਤਾਂ ਦੇ ਸ਼ਿੰਗਾਰ ਦੇ ਚਾਅ ਮਲਾਰ ਵੇਖਣ ਨੂੰ ਮਿਲਣਗੇ। ਪ੍ਰੋਗਰਾਮ ਦੀ ਹੋਰ ਜਾਣਕਾਰੀ ਲਈ ਭੂਆ ਗੁਰਮੀਤ ਕੌਰ ਛੀਨਾ ਨਾਲ ਫੋਨ ਨੰਬਰ 408-903-0578 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਪਛਤਾਵੇ 'ਚ ਭਾਵਨਾਵਾਂ ਦਾ ਵਹਿਣ ਦਲੀਲਾਂ ਨਹੀਂ

## ਅੰਗ-ਸੰਗ



ਸ਼ਾਮ ਸਿੰਘ
98141-13338

ਅਸਫ਼ਲ ਰਹਿਣ ਬਾਅਦ ਮਾਯੂਸੀ ਹੋਣੀ ਸੁਭਾਵਕ ਹੈ, ਜਿਸ ਕਾਰਨ ਪਛਤਾਵਾ ਹੋਣ ਲੱਗ ਪੈਂਦਾ ਹੈ ਅਤੇ ਦਿਲ ਟਿਕਦਾ ਨਹੀਂ। ਜਿੱਤ ਵੱਲ ਜਾਣ ਵਾਲੀਆਂ ਭਾਵਨਾਵਾਂ ਜਦ ਹਾਰ ਦਾ ਸਾਹਮਣਾ ਕਰਦੀਆਂ ਹਨ ਤਾਂ ਦਲੀਲ ਵੱਲ ਜਾਣ ਨੂੰ ਚਿੱਤ ਹੀ ਨਹੀਂ ਕਰਦਾ। ਭਾਵਨਾਵਾਂ ਦੇ ਵਹਿਣ ਕਾਰਨ ਹੀ ਪਛਤਾਵਾ ਹੁੰਦਾ ਹੈ ਕਿਉਂਕਿ ਹਕੀਕਤ ਦਾ ਸਾਹਮਣਾ ਕਰਨ ਲਈ ਕੋਈ ਵੀ ਤਿਆਰ ਨਹੀਂ ਹੁੰਦਾ। ਚੰਗਾ ਹੋਵੇ ਜੇ ਨੇਤਾਗਣ ਸੁਫ਼ਨਿਆਂ ਅਤੇ ਇਛਾਵਾਂ ਤੋਂ ਬਾਹਰ ਆ ਕੇ ਅਸਲੀਅਤ ਦਾ ਟਾਕਰਾ ਕਰਨ ਲਈ ਤਿਆਰ ਹੋਣ।

ਭਾਰਤ ਵਿੱਚ ਆਮ ਚੋਣਾਂ ਹੋ ਗਈਆਂ ਅਤੇ ਜਿੱਤੀਆਂ ਹੋਈਆਂ ਪਾਰਟੀਆਂ ਦੀ ਸਰਕਾਰ ਵੀ ਬਣ ਗਈ। ਸਰਕਾਰ ਵਾਲੇ ਤਾਂ ਖ਼ੁਸ਼ ਵੀ ਹਨ, ਸੰਤੁਸ਼ਟ ਵੀ, ਪਰ ਵਿਰੋਧੀ ਧਿਰ ਦੀਆਂ ਪਾਰਟੀਆਂ ਵਿੱਚ ਕਾਟੋ ਕਲੇਸ਼ ਹੈ, ਜੋ ਇੱਕ-ਦੂਜੀ 'ਤੇ ਦੋਸ਼ ਵੀ ਲਾ ਰਹੀਆਂ ਹਨ ਅਤੇ ਕੋਸ ਵੀ ਰਹੀਆਂ ਹਨ। ਆਪਣਾ ਦੋਸ਼ ਮੰਨਣ ਲਈ ਕੋਈ ਤਿਆਰ ਨਹੀਂ, ਜਿਸ ਕਰਕੇ ਹਕੀਕਤ ਦੇ ਦਰਸ਼ਨ ਕਿਸੇ ਨੂੰ ਵੀ ਨਹੀਂ ਹੋਣ ਲੱਗੇ।

ਦੇਸ਼ ਦੇ ਲੀਰੋ-ਲੀਰ ਹੋਏ ਲੋਕਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਸਿਆਸੀ ਪਾਰਟੀਆਂ ਦੇ ਜੰਗਲ ਵਿੱਚੋਂ ਕਿਸ ਵਿੱਚ ਜਾਣ। ਇਹ ਪਾਰਟੀਆਂ ਵੀ ਏਨੀਆਂ ਕਿ ਪਤਾ ਹੀ ਨਹੀਂ ਲੱਗਦਾ, ਜਿਨ੍ਹਾਂ ਦਾ ਸ਼ੋਰ ਤਾਂ ਬਹੁਤ ਹੈ, ਪਰ ਹਕੀਕਤ ਬਹੁਤ ਹੀ ਘੱਟ। ਸਿਆਸੀ ਪਾਰਟੀਆਂ ਵੱਲੋਂ ਚੋਣ ਲੜਨ ਵਾਸਤੇ ਉਮੀਦਵਾਰ ਐਲਾਨੇ ਜਾ ਰਹੇ ਸਨ ਤਾਂ ਹਰੇਕ ਛੋਟਾ-ਵੱਡਾ ਨੇਤਾ ਆਪੋ ਆਪਣਾ ਹੱਕ ਜਤਾਉਣ ਲੱਗ ਪਿਆ। ਟਿਕਟ ਤਾਂ ਇੱਕ ਨੂੰ ਮਿਲਣਾ ਸੀ, ਪਰ ਬਾਕੀ ਦੇ ਰੌਲਾ ਪਾਉਣ ਲੱਗ ਪਏ। ਉਨ੍ਹਾਂ ਤਾਕਤ ਲਾ ਕੇ ਉਸ ਦਾ ਵਿਰੋਧ ਕੀਤਾ ਅਤੇ ਆਪਣੀ ਹੀ ਪਾਰਟੀ ਦੀ ਹਾਰ ਕਰਾ ਦਿੱਤੀ।

ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸਾਫ਼ ਸਪੱਸ਼ਟ ਇੱਕ ਉਮੀਦਵਾਰ ਐਲਾਨ ਦਿੱਤਾ ਗਿਆ, ਜਿਸ ਅੱਗੇ ਪਾਰਟੀ ਦੇ ਇੱਕ ਵੀ ਨੇਤਾ ਨੇ ਵਿਰੋਧ ਕਰਨ ਦਾ ਹੌਸਲਾ ਤੱਕ ਨਾ ਕੀਤਾ। ਉਧਰ ਵਿਰੋਧੀ ਧਿਰ 'ਚ ਸ਼ਾਮਲ ਰਾਜਸੀ ਪਾਰਟੀਆਂ ਦਾ ਹਰ ਮੁੱਖ ਮੰਤਰੀ ਅਤੇ ਵੱਡੇ ਨੇਤਾ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰੀ ਦਾ ਹਾਰ ਗਲ ਵਿੱਚ ਪਾ ਕੇ ਫਿਰਨ ਲੱਗੇ, ਜੋ ਲੋਕਾਂ ਦੇ ਗਲੇ ਤੱਕ ਨਾ ਉੱਤਰੇ।

ਹੁਣ ਹੋਈ ਹਾਰ ਬਾਅਦ ਇੱਕ-ਦੂਜੇ ਨੂੰ ਕੋਸਣ ਦਾ ਸਿਲਸਿਲਾ ਜਾਰੀ ਹੈ ਪਰ ਕੋਈ ਵੀ ਅਸਲੀਅਤ ਦਾ ਵਿਸ਼ਲੇਸ਼ਣ ਕਰਨ ਵਾਸਤੇ ਤਿਆਰ ਨਹੀਂ। ਭਾਵਨਾਵਾਂ ਦੇ ਵਹਿਣ ਵਿੱਚ ਦੱਬੀ ਜ਼ੁਬਾਨ ਨਾਲ ਵੋਟਿੰਗ ਮਸ਼ੀਨਾਂ ਦੀ ਬਣੀ ਸਰਕਾਰ ਤਾਂ ਕਹੀ ਜਾਂਦੇ ਹਨ ਵਿਰੋਧੀ ਦਲ, ਪਰ ਇਸ ਲਈ ਕੋਈ ਸੰਘਰਸ਼ ਕਰਨ ਲਈ ਤਿਆਰ ਨਹੀਂ ਹੁੰਦਾ। ਦਲੀਲ ਦੇ ਰਾਹ ਤੁਰਨ ਲਈ ਕੋਈ ਨਹੀਂ ਦਿਸਦਾ। ਜੇ ਕਿਤੇ ਵਿਰੋਧੀ ਦਲ ਚੋਣਾਂ ਤੋਂ ਪਹਿਲਾਂ ਏਕਾ ਕਰ ਲੈਂਦੇ ਤਾਂ ਅੱਜ ਤਸਵੀਰ ਹੋਰ ਹੀ ਹੁੰਦੀ।

ਹਾਂ, ਜੇ ਹਾਰੇ ਹੋਏ ਉਮੀਦਵਾਰ ਨਤੀਜੇ ਨੂੰ ਸਵੀਕਾਰ ਨਾ ਕਰਦੇ ਤਾਂ ਪਛਤਾਵੇ ਤੋਂ ਬਚਣ ਲਈ ਅਦਾਲਤਾਂ ਦਾ ਬੂਹਾ ਖੜਕਾਉਂਦੇ ਤਾਂ ਗੱਲ ਦਲੀਲਬਾਜ਼ੀ ਦੀ ਹੁੰਦੀ। ਮੌਕੇ ਦੇ ਹਾਕਮਾਂ ਨੇ ਜਦ ਸਾਰਾ ਮਾਹੌਲ ਆਪਣੇ ਹੱਕ ਵਿੱਚ ਤਿਆਰ ਕਰ ਲਿਆ, ਫੇਰ ਓਹੀ ਹੋਣਾ ਸੀ, ਜੋ ਉਹ ਚਾਹੁੰਦੇ। ਸਾਰਾ ਕੁਝ ਉਹ ਹੋ ਵੀ ਗਿਆ। ਸਾਰਾ ਮੀਡੀਆ ਇੱਕ ਹੀ ਬੋਲੀ ਬੋਲਣ ਲੱਗ ਪਿਆ। ਬਰਸਾਤੀ ਮੌਸਮ ਦੇ ਡੱਡੂਆਂ ਦੀ ਗੜੈਂ-ਗੜੈਂ ਹੋਣ ਲੱਗ ਪਈ।



ਦੇਸ਼ ਭਰ 'ਚ ਧਰਮ, ਜਾਤੀਵਾਦ, ਉੱਪ ਜਾਤੀਵਾਦ ਅਤੇ ਫਿਰਕਾਪ੍ਰਸਤੀ ਦੇ ਜਾਲ ਨੇ ਲੋਕਤੰਤਰ ਨੂੰ ਆਪਣੇ ਜਾਲ ਵਿੱਚ ਏਨੀ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ ਕਿ ਲੋਕ ਇਸ ਜੰਜਾਲ ਤੋਂ ਬਾਹਰ ਨਹੀਂ ਨਿਕਲ ਰਹੇ। ਉਹ ਕਿਸੇ ਨਾ ਕਿਸੇ ਤਰ੍ਹਾਂ ਦੇ ਭਾਵੁਕ ਵਹਿਣ ਵਿੱਚ ਹੀ ਵਹਿੰਦੇ ਰਹਿੰਦੇ ਹਨ ਦਲੀਲ ਦੇ ਨੇੜੇ ਨਹੀਂ ਜਾਂਦੇ, ਪਰ ਕੇਵਲ ਭਾਵਨਾਵਾਂ ਦੇ ਵਹਿਣ ਨਾਲ ਗੱਲ ਨਹੀਂ ਬਣਦੀ, ਇੱਕ ਨਾ ਇੱਕ ਦਿਨ ਦਲੀਲ ਦਾ ਰਾਹ ਅਪਣਾਉਣਾ ਹੀ ਪਵੇਗਾ।

ਭਾਰਤ ਦੀਆਂ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੂੰ ਇਕਮੁੱਠ ਹੋ ਕੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨ ਦੇ ਨਾਲ-ਨਾਲ ਸੰਵਿਧਾਨ ਦੀ ਰਾਖੀ ਬੜੀ ਤਕੜਾਈ ਨਾਲ ਕਰਨੀ ਪਵੇਗੀ ਅਤੇ ਮੁਸ਼ਕਲ ਨਾਲ ਪੈਦਾ ਕੀਤੇ ਲੋਕਤੰਤਰ ਦੀ ਵੀ, ਜੇ ਲੋਕਤੰਤਰੀ ਭਾਵਨਾਵਾਂ ਦਾ ਕਤਲ ਕੀਤਾ ਜਾਂਦਾ ਰਿਹਾ ਤਾਂ ਸੰਵਿਧਾਨ ਦੀ ਰਾਖੀ ਹੋ ਸਕੇਗੀ ਅਤੇ ਲੋਕਤੰਤਰ ਵੀ ਨਹੀਂ ਬਚੇਗਾ।

ਹਾਰ ਹੋਣ ਬਾਅਦ ਹਾਰ ਨੂੰ ਮੰਨ ਲੈਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਦਿਲ ਨਹੀਂ ਛੱਡਣਾ ਚਾਹੀਦਾ, ਕਿਉਂਕਿ ਇਹ ਛੋਟੀ ਲੜਾਈ ਸੀ, ਜੋ ਹਰ ਪੰਜ ਸਾਲ ਬਾਅਦ ਹੁੰਦੀ ਹੀ ਰਹਿਣੀ ਹੈ, ਪਰ ਹੱਕਾਂ ਵਾਸਤੇ ਲੜਨ ਲਈ ਜੰਗ ਤਾਂ ਜਾਰੀ ਹੀ ਰਹੇਗਾ। ਹਾਰੀਆਂ ਹੋਈਆਂ ਪਾਰਟੀਆਂ ਲੋਕਾਂ ਵਿੱਚ ਜਾਣ, ਉਨ੍ਹਾਂ ਦੇ ਮਸਲੇ ਸਮਝਣ ਅਤੇ ਢੁਕਵੇਂ ਮੰਚਾਂ ਉੱਤੇ ਉਠਾ ਕੇ ਉਨ੍ਹਾਂ ਨੂੰ ਹੱਲ ਕਰਵਾ ਕੇ ਲੋਕਾਂ ਦਾ ਵਿਸ਼ਵਾਸ ਜਿੱਤਣ।

ਕੇਵਲ ਪਛਤਾਵੇ ਵਿੱਚ ਵਕਤ ਗੁਆ ਦੇਣਾ ਠੀਕ ਨਹੀਂ ਅਤੇ ਨਾ ਹੀ ਭਾਵਨਾਵਾਂ ਦੇ ਵਹਿਣ ਵਿੱਚ ਵਹਿੰਦੇ ਰਹਿਣਾ ਠੀਕ ਹੈ, ਸਗੋਂ ਅਸਲੀਅਤ ਦਾ ਤਾਕਤ ਨਾਲ ਸਾਹਮਣਾ ਕਰਦਿਆਂ ਨਵੇਂ ਨੁਕਤੇ ਲੱਭੇ ਜਾਣੇ ਚਾਹੀਦੇ ਹਨ, ਜੋ ਵਿਚਾਰ ਚਰਚਾ ਵਿੱਚੋਂ ਮਿਲਣਗੇ ਅਤੇ ਜਾਂ ਫੇਰ ਉਸ ਸਹੀ ਵਿਸ਼-ਲੇਸ਼ਣ 'ਚੋਂ, ਜੋ ਮਸਲਿਆਂ ਤੇ ਮੁੱਦਿਆਂ ਬਾਰੇ ਵੀ ਹੋਵੇ ਅਤੇ ਹਾਰ ਦੇ ਕਾਰਨਾਂ ਬਾਰੇ ਵੀ।

### ਤੁਰ ਗਿਆ ਗਿਰੀਸ਼ ਕਰਨਾਡ

ਕੰਨੜ ਲੇਖਕ ਤੇ ਫ਼ਿਲਮ ਨਿਰਦੇਸ਼ਕ ਗਿਰੀਸ਼ ਕਰਨਾਡ ਸੰਸਾਰ ਯਾਤਰਾ ਪੂਰੀ ਕਰ ਗਿਆ। ਉਸ ਦੇ 'ਤੁਗਲਕ' ਨਾਟਕ ਦੀ ਬੜੀ ਹੀ ਚਰਚਾ ਹੋਈ ਸੀ, ਜੋ ਨੈਸ਼ਨਲ ਸਕੂਲ ਆਫ਼ ਡਰਾਮਾ ਦੇ ਇਬਰਾਹੀਮ ਅਲਕਾਜ਼ੀ ਨੇ ਖੇਡਿਆ। ਗਿਰੀਸ਼ ਕਰਨਾਡ ਕਈ ਵੱਡੇ ਇਨਾਮਾਂ ਦਾ ਜੇਤੂ ਸੀ, ਪਰ ਉਹ ਵੱਡਾ ਇਨਾਮਾਂ ਕਰਕੇ ਨਹੀਂ, ਸਗੋਂ ਆਪਣੇ ਬੇਹਤਰੀਨ ਕੰਮਕਾਜ ਕਰਕੇ ਸੀ, ਜਿਸ ਵਿੱਚ ਲਿਖਣ ਕਲਾ ਵੀ ਸੀ, ਰੰਗਕਰਮੀ ਦਾ ਕਾਰਜ ਵੀ ਅਤੇ ਫਿਲਮਸਾਜ਼ੀ ਦਾ ਵੀ।

ਉਸ ਨੇ ਸਮਾਜ ਨੂੰ ਪੜ੍ਹਿਆ ਅਤੇ ਜਾਣਿਆ, ਜਿਸ ਕਰਕੇ ਉਸ ਦੀ ਹੀ ਅਸਲੀਅਤ ਨੂੰ ਪੇਸ਼ ਕੀਤਾ। ਉਹ ਲੋਕਹਿੱਤ ਵਾਲਾ ਕਲਮਕਾਰ ਸੀ, ਜਿਸ ਨੇ ਕਲਾ ਨੂੰ ਲੋਕ ਹਿੱਤ ਵਿੱਚ ਹੀ ਪੇਸ਼ ਕੀਤਾ ਤਾਂ ਜੋ ਲੋਕਾਂ ਨੂੰ ਰੋਸ਼ਨੀ ਮਿਲਦੀ ਰਹੇ।

### ਫਤਹਿਬੀਰ ਦੀ ਗੱਲ

ਮਾਸੂਮ ਤੁਰਿਆ ਨਹੀਂ, ਇਸ ਸੰਸਾਰ ਵਿੱਚੋਂ ਤੋਰ ਦਿੱਤਾ ਗਿਆ। ਕਿਸੇ ਇੱਕ ਅੱਧੇ ਨਹੀਂ, ਨਾ ਕਿਸੇ ਸਰਕਾਰ ਨੇ, ਸਗੋਂ ਸਿਸਟਮ ਨੇ ਤੋਰ ਦਿੱਤਾ, ਜੋ ਕੰਮ ਹੀ ਨਹੀਂ ਕਰਦਾ। ਮੰਤਰੀ ਸੰਤਰੀ ਵਿਦੇਸ਼ ਦੌਰੇ ਕਰਦੇ ਰਹਿੰਦੇ ਹਨ, ਪਰ ਉੱਥੋਂ ਨਵਾਂ ਕੁਝ ਸਿੱਖ ਕੇ ਨਹੀਂ ਆਉਂਦੇ, ਸਗੋਂ ਐਸ਼ ਕਰਕੇ ਹੀ ਮੁੜ ਆਉਂਦੇ ਨੇ, ਜਿਸ ਦਾ ਦੇਸ਼ ਨੂੰ ਕੋਈ ਵੀ ਫਾਇਦਾ ਨਹੀਂ ਹੁੰਦਾ। ਜੇ ਸਿਸਟਮ ਕੰਮ ਕਰ ਰਿਹਾ ਹੁੰਦਾ ਤਾਂ ਚੀਨ ਤੋਂ ਉਹ ਮਸ਼ੀਨ ਮੰਗਵਾ ਲਈ ਜਾਂਦੀ, ਜੋ ਦੋ ਘੰਟੇ ਵਿੱਚ ਉਹ ਕੰਮ ਕਰ ਦਿੰਦੀ, ਜੋ ਭਾਰਤ ਦੀਆਂ ਮਸ਼ੀਨਾਂ, ਸਿਵਲ ਲੋਕ ਅਤੇ ਫ਼ੌਜੀ ਛੇ ਦਿਨ ਤੱਕ ਨਹੀਂ ਕਰ ਸਕੇ। ਫਤਹਿਬੀਰ ਹੁਣ ਰੱਬ ਨੂੰ ਹੀ ਕਹੇ ਕਿ ਭਾਰਤ ਵਿੱਚ ਵੀ ਅਕਲ ਭੇਜ ਅਤੇ ਹਾਕਮਾਂ ਵਿੱਚ ਕੰਮ ਕਰਨ ਦੀ ਭਾਵਨਾ ਵੀ।

### ਲਤੀਫ਼ੇ ਦਾ ਚਿਹਰਾ-ਮੋਹਰਾ

ਦੁਕਾਨਦਾਰ : ਮੈਨੂੰ ਅਫ਼ਸੋਸ ਹੈ ਕਿ ਕਈ ਘੰਟੇ ਬੀਤ ਗਏ, ਮੈਂ ਕੋਈ ਕੱਪੜਾ ਪਸੰਦ ਨਹੀਂ ਕਰਵਾ ਸਕਿਆ।

ਔਰਤ - ਅਸਲ ਵਿੱਚ ਗੱਲ ਇਹ ਹੈ ਕਿ ਮੈਂ ਘਰੋਂ ਸਬਜ਼ੀ ਲੈਣ ਆਈ, ਇਸ ਦੁਕਾਨ 'ਚ ਆ ਵੜੀ।

-0-

ਘਰਵਾਲਾ - ਚੌਧਰੀ ਸਾਹਿਬ ਇਹ ਦੱਸੋ ਕਿ ਹਲਵਾ ਖਾਓਗੇ ਜਾਂ ਫੇਰ ਖੀਰ?

ਛੌਧਰੀ - ਕੀ ਘਰ ਵਿੱਚ ਕੌਲੀ ਇੱਕ ਹੀ ਹੈ।

-0-

ਅਪਰਾਧੀ - ਜੱਜ ਸਾਹਿਬ ਰਿਪੋਰਟ ਵਿੱਚ ਜੋ ਇਹ ਲਿਖਿਆ ਹੈ ਕਿ ਮੈਂ ਨਸ਼ਾ ਕੀਤਾ ਹੋਇਆ ਸੀ, ਗਲਤ ਹੈ, ਮੈਂ ਤਾਂ ਅਜੇ ਨਸ਼ਾ ਕਰ ਹੀ ਰਿਹਾ ਸਾਂ।

ਜੱਜ - ਚੱਲ ਫੇਰ ਕੀ ਹੋਇਆ, ਤੇਰੀ ਸਜ਼ਾ ਮਹੀਨੇ ਤੋਂ ਘਟਾ ਕੇ 30 ਦਿਨ ਕਰ ਦਿੱਤੀ।

RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648


Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834

Chicago's Pizza with a Twist
Call: 1-209-398-2221



Parvinder Dhesi
Kulwant Sandhu
1471 B St., Unit B, Livingston, CA 95334

# ਸਾਡੀਆਂ ਬੋਲੀਆਂ ਅਤੇ ਲਿਪੀਆਂ ਦਾ ਆਰੀਆਕਰਨ

ਸਾਡੀਆਂ ਬੋਲੀਆਂ ਦਾ ਵਿਦੇਸ਼ੀ ਅਤੇ ਦੇਸੀ ਵਿਦਵਾਨਾਂ ਨੇ ਆਰੀਆਕਰਨ ਕੀਤਾ ਹੈ। ਇਸੇ ਤਰ੍ਹਾਂ ਲਿਪੀਆਂ ਦਾ ਵੀ ਆਰੀਆਕਰਨ ਕੀਤਾ ਗਿਆ ਹੈ। ਕਈ ਵਰ੍ਹੇ ਪਹਿਲਾ ਮੈਂ ਇੱਕ ਸੰਸਕ੍ਰਿਤ ਵਿਦਵਾਨ ਨੂੰ ਪੁੱਛਿਆ ਕਿ 'ਵੇਦ' ਕਿਹੜੀ ਲਿਪੀ ਵਿੱਚ ਲਿੱਖੇ ਗਏ ਸਨ ਤਾਂ ਉਸ ਨੇ ਉੱਤਰ ਦਿੱਤਾ ਕਿ ਦੇਵਨਾਗਰੀ ਲਿੱਪੀ ਵਿੱਚ ਲਿਖੇ ਗਏ ਸਨ, ਤਦ ਮੈਂ ਪੁੱਛਿਆ ਤਾਂ ਦੇਵਨਾਗਰੀ ਤਾਂ ਬਹੁਤ ਨਵੀਂ ਲਿੱਪੀ ਹੈ ਤਾਂ ਉਹ ਵਿਦਵਾਨ ਇਸ ਦਾ ਉੱਤਰ ਨਾਂ ਦੇ ਸਕਿਆ ਅਤੇ ਉਹ ਆਪਣੇ ਸਟੈਂਡ ਤੋਂ ਹਿਲ ਗਿਆ।ਇਸ ਤਰ੍ਹਾਂ ਉਹ ਵਿਦਵਾਨ ਆਪਣੇ ਇਸ ਦਾਅਵੇ ਦੇ ਸਬੰਧ ਵਿੱਚ ਕੋਈ ਸਬੂਤ ਪੇਸ਼ ਨਾ ਕਰ ਸਕਿਆ ਕਿ 'ਵੇਦ' ਦੇਵਨਾਗਰੀ ਲਿੱਪੀਵਿੱਚ ਲਿਖੇ ਜਾਂਦੇ ਸਨ। ਵਿਦੇਸ਼ੀ ਵਿਦਵਾਨ ਪ੍ਰੋ. ਬੂਲਰ ਨੇ ਅਸ਼ੋਕ ਲਿੱਪੀ ਨੂੰ ਬ੍ਰਾਹਮੀ ਲਿੱਪੀ ਦਾ ਨਾਂ ਦਿੰਦਾ ਹੈ ਅਤੇ ਇਸ ਦੀ ਉਪਜ ਫੋਨੀਸ਼ੀਅਨ ਲਿੱਪੀ ਤੋਂ ਮੰਨਦਾ ਹੈ। ਵਿਲੀਅਮ ਮੂਨੀਅਰ ਨੇ ਆਪਣੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਵਿੱਚ ਪ੍ਰੋ. ਬੂਲਰ ਦੀ ਕਿਤਾਬ ਵਿੱਚੋਂ ਕੁਟੇਸ਼ਨ ਰਾਹੀਂ ਉਕਤ ਬੋਲੀ ਬਾਰੇ ਨਮੂਨਾ ਵੀ ਦਿੱਤਾ ਹੈ

(ਦੇਖੋ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ)।

Dr. G. R. Hunter ਨੇ ਆਪਣੀ ਕਿਤਾਬ 'The Script of Harappa And Mohenjodaro AndIt's Connection with Other Scripts 'ਵਿੱਚ ਅਸ਼ੋਕ ਲਿੱਪੀ ਨੂੰ ਬ੍ਰਾਹਮੀ ਲਿੱਪੀ ਦਾ ਨਾਂ ਦਿੰਦਾ ਹੈ ਅਤੇ ਕਈ ਹੋਰ ਲਿੱਪੀਆਂ ਦੀ ਤੁਲਨਾ ਵੀ ਕਰਦਾ ਹੈ। ਜੈਨ ਧਰਮ ਦੇ 'ਪਰਣਵੇ ਸੂਤਰ' ਵਿੱਚ ਲਿੱਖਿਆ ਹੈ ਕਿ Auxmo ਬੰਬੀ ਲਿਵੀਏ'' ਜਿਸ ਦਾ ਅਰਥ ਹੈ ਮੈਂ ਬੰਬੀ ਲਿੱਪੀ ਨੂੰ ਨਮਸਕਾਰ ਕਰਦਾ ਹਾਂ। ਪ੍ਰਕ੍ਰਿਤ ਅਤੇ ਹਿੰਦੀ ਡਿਕਸ਼ਨਰ-'ਪਯਸਮਹਾੱਣੋ' ਵਿੱਚ ਵੀ ਇਸ ਲਿੱਪੀ ਬਾਰੇ ਜ਼ਿਕਰ ਆਉਂਦਾ ਹੈ। ਇਸ ਵਿੱਚ ਲਿਖਿਆ ਹੈ ਕਿ ਬਾਮਣ ਇੱਕ ਬਰਾਦਰੀ ਹੈ ਅਤੇ ਉਸ ਦੇ ਥੱਲੇ ਬਾਂਬੀ ਲਿਖਿਆ ਹੋਇਆ ਹੈ ਜਿਸ ਦਾ ਅਰਥ ਹੈ ਇੱਕ ਲਿੱਪੀ। ਮੈਂ ਇੱਕ ਜੈਨ ਸੱਜਨ ਨੂੰ ਸਵਾਲ ਕੀਤਾ ਜੇ ਜੈਨ ਧਰਮ ਬ੍ਰਾਹਮਣਵਾਦੀ ਦਾ ਵਿਰੋਧੀ ਹੈ ਤਾਂ ਉਹਨਾਂ ਨੇ ਬ੍ਰਾਹਮੀ ਲਿੱਪੀ ਨੂੰ ਕਿਉਂ ਮੰਨਣਾ ਸੀ। ਸੋ ਇੱਥੇ ਬਾਂਬੀ ਦਾ ਅਰਥ ਹੈ ਸੱਪ ਦੀਬਰਮੀਨਾ ਕਿ ਬ੍ਰਾਹਮੀ। ਇਸੇ ਤਰ੍ਹਾਂ ਸੰਸਕ੍ਰਿਤ ਵਿੱਚ ਸੱਪ ਦੀ ਬਰਮੀ ਨੂੰ ਬਾਲਮੀਕ ਕਿਹਾ ਜਾਂਦਾ ਹੈ। (ਦੇਖੋ ਵਿਲੀਅਮ ਮੂਨੀਅਰ ਦੀ ਸੰਸਕ੍ਰਿਤ -ਇੰਗਲਿਸ਼ ਡਿਕਸ਼ਨਰੀ ਦਾ ਪੰਨਾ ਨੰ.-928 ਅਤੇ ਦਵਾਰਕਾ ਪ੍ਰਸਾਦ ਸ਼ਰਮਾ ਅਤੇ ਤਾਰੀਨੀਸ਼ ਝਾ ਦੀ ਸੰਸਕ੍ਰਿਤ-ਹਿੰਦੀ ਡਿਕਸ਼ਨਰੀ- (ਸੰਸਕ੍ਰਿਤ ਸ਼ਬਦ ਅਰਥ ਕੌਸਤੁਭ) ਦਾ ਪੰਨਾ ਨੰ.-1027)। ਇਸ ਤਰ੍ਹਾਂ ਜੈਨ ਧਰਮ ਅਤੇ ਬੁੱਧ ਧਰਮ ਨੂੰ ਮੰਨਣ ਵਾਲੇ ਆਪਣੀਆਂ ਪੁਰਾਣੀਆਂ ਲਿੱਪੀਆਂ ਭੁੱਲ ਚੁੱਕੇ ਹਨ ਅਤੇ ਬ੍ਰਾਹਮੀ ਦੇ ਭੁਲੇਖੇ ਅੱਜ ਇੰਡੀਅਨ ਬੋਧੀ ਆਪਣਾ ਸਾਹਿਤ ਦੇਵਨਾਗਰੀ ਵਿੱਚ ਲਿਖਦੇ ਹਨ। ਜਿਵੇਂ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਨੇ ਅਸ਼ੋਕ ਦੀ ਲਿੱਪੀ ਨੂੰ ਬ੍ਰਾਹਮੀ ਨਾਂ ਦੇ ਕੇ ਧਮਾ ਦਿੱਤਾ ਅਤੇ ਉਸੇ ਤਰ੍ਹਾਂ ਦੇਵਨਾਗਰੀ ਨੂੰ ਬ੍ਰਾਹਮੀ ਵਿੱਚੋਂ ਵਿਕਸਿਤ ਮੰਨ ਕੇ ਜ਼ੋਰ ਸ਼ੋਰ ਨਾਲ ਦੇਵਨਾਗਰੀ ਦਾ ਪ੍ਰਚਾਰ ਕੀਤਾ ਅਤੇ ਅਜੇ ਵੀ ਪ੍ਰਚਾਰ ਕਰ ਰਹੇ ਹਨ। ਨੈਸ਼ਨਲ ਸਾਹਿਤ ਅਕੈਡਮੀ, ਦਿੱਲੀ ਨੇ ਵੀ ਦੇਵਨਾਗਰੀ ਲਿੱਪੀ ਬਾਰੇ ਕਿਤਾਬ ਲਿਖੀ ਹੈ ਅਤੇ ਇਸ ਵਿੱਚ ਦੇਵਨਾਗਰੀ ਬਾਰੇ ਵਰਣਨ ਮਿਲਦਾ ਹੈ ਕਿ ਦੇਵਨਾਗਰੀ ਦਾ ਕਿਵੇਂ 19ਵੀਂ ਸਦੀ ਵਿੱਚ ਪ੍ਰਚਾਰ ਕੀਤਾ ਗਿਆ ਹੈ। ਅੰਗਰੇਜ਼ਾਂ ਦੇ ਇੱਥੇ ਹੁਕਮਰਾਨ ਬਣਨ ਕਰਕੇ ਇੱਥੇ Dominancy ਦਾ ਸਵਾਲ ਪੈਦਾ ਹੋ ਗਿਆ। ਇੰਡੀਆ ਵਿੱਚ ਦੋ ਧਰਮਾਂ ਦੇ ਲੋਕ ਭਾਰੂ ਸਨ, ਇੱਕ ਹਿੰਦੂ ਧਰਮ ਅਤੇ ਦੂਜਾ ਮੁਸਲਮਾਨ ਧਰਮ ਦੇ ਲੋਕ। ਇਸ ਤੋਂ ਇਲਾਵਾ ਸਿੱਖ ਧਰਮ ਦੇ ਲੋਕ ਵੀ ਸਨ ਜੋ ਧਾਰਮਿਕ ਤੌਰ ਤੇ ਗੁਰਮੁਖੀ ਲਿੱਪੀ ਨਾਲ ਜੁੜੇ ਹੋਏ ਸਨ। ਸਿੱਖ ਰਾਜ ਵੇਲੇ ਪੰਜਾਬ ਦੀ ਰਾਜ ਭਾਸ਼ਾ ਫਾਰਸੀ ਸੀ ਜੋ ਅਰਬੀ ਲਿੱਪੀ ਵਿੱਚ ਲਿਖੀ ਜਾਂਦੀ ਸੀ, ਕਿਉਂਕਿ ਉਸ ਵੇਲੇ ਦੇਵਨਾਗਰੀ ਲਿੱਪੀ ਪੰਜਾਬ ਵਿੱਚ ਨਹੀ ਆਈ ਸੀ। ਸ੍ਰੀ ਹਰਬਲਭ ਜਿਹਨਾਂ ਦਾ ਮੇਲਾ ਜਲੰਧਰ ਵਿਖੇ ਲਗਦਾ ਹੈ,ਉਹਨਾਂ ਦੀਆਂ ਬੰਧਸ਼ਾਂ ਵੀ ਗੁਰਮੁਖੀ ਲਿੱਪੀ ਵਿੱਚ ਹੀ ਸਨ ਜਿਸ ਦਾ ਹਵਾਲਾ ਸਾਨੂੰ ਉਹਨਾਂ ਦੀਆਂ 1865 ਦੀਆਂ ਕੁਟੇਸ਼ਨਾਂ ਵਿੱਚੋਂ ਮਿਲਦਾ ਹੈ ਜੋ ਕਿ ਅੰਗਰੇਜ਼ੀ ਟ੍ਰਿਬਿਊਨ ਵਿੱਚ ਛਪ ਚੁੱਕੀਆ ਹਨ।

ਅੰਗਰੇਜ਼ਾਂ ਦੇ ਆਉਣ ਨਾਲ ਪੰਜਾਬ ਵਿੱਚ ਬੋਲੀ ਦਾ ਮਸਲਾ ਖੜਾ ਹੋ ਗਿਆ ਕਿ ਪੰਜਾਬ ਦੀ ਸਰਕਾਰੀ ਬੋਲੀ ਕਿਹੜੀ ਹੋਵੇ। ਪੰਜਾਬ ਵਿੱਚ ਮੁਸਲਮਾਨ ਭਰਾ ਬਹੁ-ਗਿਣਤੀ ਵਿੱਚ ਸਨ ਅਤੇ ਉਹ ਸਰ ਸਯਦ ਅਹਿਮਦ ਖਾਨ ਦੇ ਪ੍ਰਭਾਵ ਹੇਠ ਚੱਲੇ ਸਨ ਅਤੇ ਇਹਨਾਂ ਨੇ ਪ੍ਰਭਾਵ ਪੁਆ ਕੇ ਪੰਜਾਬੀ ਦੀ ਥਾਂ ਉਰਦੂ ਨੂੰ ਸਰਕਾਰੀ ਬੋਲੀ ਬਣਵਾ ਲਿਆ। ਉਰਦੂ ਜੋ ਕਿ ਯੂ.ਪੀ. ਦੀ ਖੜੀ ਬੋਲੀ ਹੈ ਜਿਸ ਦੀ ਲਿੱਪੀ ਅਰਬੀ ਹੈ ਅਤੇ ਭੁਲੇਖਾ ਪਾਉਣ ਲਾਈ ਮੁਸਲਮਾਨ ਭਰਾਵਾਂ ਨੇ ਸ਼ਾਹਮੁੱਖੀ ਲਿੱਪੀ ਦੀ ਕਲਪਨਾ ਕੀਤੀ। ਸ਼ਾਹਮੁੱਖੀ ਲਿੱਪੀ ਅਰਬੀ ਲਿੱਪੀ ਹੀ ਹੈ। ਇਸ ਤਰ੍ਹਾਂ ਇੱਥੋਂ ਹੀ ਅਰਬੀ ਅਤੇ ਨਾਗਰੀ ਲਿੱਪੀ ਦਾ ਟਕਰਾਅ ਸ਼ੁਰੂ ਹੋ ਗਿਆ। ਇੱਥੇ ਲਗਭਗ 800 ਵਰ੍ਹੇ ਫਾਰਸੀ ਸਰਕਾਰੀ ਬੋਲੀ ਰਹੀ ਹੈ ਅਤੇ ਜਿਸਦੀ ਲਿੱਪੀ ਅਰਬੀ ਰਹੀ। ਇੰਜ ਅਰਬੀ ਲਿੱਪੀ ਦਾ ਪੂਰੇ ਜ਼ੋਰਾਂ ਸ਼ੋਰਾਂ ਨਾਲ ਪ੍ਰਚਾਰ ਕੀਤਾ ਗਿਆ ਅਤੇ ਇਹ ਬਹੁਤੇ ਲੋਕਾਂ ਵਿੱਚ ਲਿੱਪੀ ਆ ਗਈ। ਹਿੰਦੂ, ਸਿੱਖ ਅਤੇ ਮੁਸਲਮਾਨ ਅਤੇ ਹਰੇਕ ਧਰਮ ਦੇ ਲੋਕ ਇਸ ਬਾਰੇ ਜਾਣਕਾਰੀ ਰੱਖਦੇ ਸਨ। ਅੰਗਰੇਜ਼ੀ ਰਾਜ ਵੇਲੇ ਹੀ ਅਰਬੀ ਅਤੇ ਦੇਵਨਾਗਰੀ ਦਾ ਟਕਰਾਅ ਸ਼ੁਰੂ ਹੋਇਆ ਕਿਉਂਕਿ ਅੰਗਰੇਜ਼ਾਂ ਕੋਲ ਆਪਣਾ ਧਰਮ, ਲਿੱਪੀ, ਬੋਲੀ ਅਤੇ ਸਭਿਆਚਾਰ ਸੀ। ਉਹਨਾਂ ਨੂੰ ਨਾਂ ਤਾਂ ਪਰਸ਼ੀਅਨ ਅਤੇ ਅਤੇ ਨਾ ਹੀ ਹਿੰਦੂਆ ਦੀ ਬੋਲੀ ਨਾਲ ਮਤਲਬ ਸੀ। ਅੰਗਰੇਜ਼ਾ ਨੇ ਪਰਸ਼ੀਅਨ ਨੂੰ ਹਟਾ ਕੇ ਅੰਗਰੇਜ਼ੀ ਨੂੰ ਲਾਗੂ ਕਰ ਦਿੱਤਾ। ਅੰਗਰੇਜ਼ੀ ਸਰਕਾਰੀ ਬੋਲੀ ਹੋਣ ਕਰਕੇ ਲੋਕਾਂ ਵਿੱਚ ਇਹ ਤਰਜੀਹੀ ਬੋਲੀ ਦਾ ਸਥਾਨ ਪ੍ਰਾਪਤ ਕਰ ਗਈ। ਅੰਗਰੇਜ਼ਾ ਦੇ ਰਾਜ ਵੇਲੇ ਮੁਸਲਮਾਨਾਂ ਅਤੇ ਹਿੰਦੂਆ ਵਿੱਚ ਹੋੜ ਲੱਗ ਗਈ ਕਿ ਕਿਹੜੀ ਲਿੱਪੀ Dominant ਰਹੇ। ਜੋਹਨ ਬੀਮ ਅਨੁਸਾਰ (ਆਰੀਅਨ ਕੰਮਪੈਰੀਟਿਵ ਗਰੈਮਰ) ਮੁਸਲਮਾਨਾਂ ਨੇ ਖੜੀ ਬੋਲੀ ਨੂੰ ਅਰਬੀ ਲਿੱਪੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ ਅਤੇ ਹਿੰਦੂਆ ਨੇ ਖੜੀ ਬੋਲੀ ਨੂੰ ਦੇਵਨਾਗਰੀ ਵਿੱਚ ਲਿਖਣਾ ਸ਼ੁਰੂ ਕਰ ਦਿੱਤਾ। ਅਣਵੰਡੇ ਇੰਡੀਆ ਵਿੱਚ ਹਿੰਦੂਆ ਦੀ ਬਹੁ ਗਿਣਤੀ ਸੀ ਜਿਹਨਾਂ ਨੇ ਨਾਗਰੀ ਪ੍ਰਚਾਰਨੀ ਸਭਾ ਬਣਾਈ ਤਾਂ ਕਿ ਮੁਸਲਮਾਨਾਂ ਦੀ ਅਰਬੀ ਲਿੱਪੀ ਨੂੰ ਟਕਰਾ ਦੇ ਸਕੇ ਅਤੇ ਹਿੰਦੀ ਨੂੰ Dominant ਕੀਤਾ ਜਾ ਸਕੇ। ਅਜਿਹਾ ਉਹ ਇੰਡੀਆ ਦੀ ਵੰਡ ਪਿੱਛੋਂ ਕਰਨ ਵਿੱਚ ਸਫਲ ਹੋਏ। ਜਦੋਂ ਸਾਡਾ ਸੰਵਿਧਾਨ ਬਣ ਰਿਹਾ ਸੀ ਤਾਂ ਉਦੋਂ ਸੰਪਰਕ ਭਾਸ਼ਾ ਦਾ ਮੁੱਦਾ ਵੀ ਉੱਠਿਆ। ਉਸ ਕਮੇਟੀ ਦਾ ਪ੍ਰਧਾਨ ਗਿ. ਗੁਰਮੁੱਖ ਸਿੰਘ ਮੁਸਾਫਿਰ ਸੀ। ਉਸ ਵੇਲੇ ਹਿੰਦੂਆ ਵਿੱਚ ਅੰਗਰੇਜ਼ੀ ਪੱਖੀ ਅਤੇ ਹਿੰਦੀ ਪੱਖੀ ਦੋ ਧੜੇ ਬਣੇ ਹੋਏ ਸਨ। ਗੁਰਮੁੱਖ ਸਿੰਘ ਮੁਸਾਫਿਰ ਕਮੇਟੀ ਪ੍ਰਦਾਨ ਨੇ ਉਸ ਵੇਲੇ ਹਿੰਦੀ ਦੇ ਪੱਖ ਵਿੱਚ



ਵੋਟ ਪਾ ਦਿੱਤਾ ਅਤੇ ਇਸ ਤਰ੍ਹਾਂ ਹਿੰਦੀ ਸੰਪਰਕ ਭਾਸ਼ਾ ਬਣ ਗਈ। ਇੰਜ ਪੰਜਾਬੀ ਉੱਤੇ ਹਿੰਦੀ ਦੀ Dominancy ਸ਼ੁਰੂ ਹੋ ਗਈ। ਉਸ ਵੇਲੇ ਪੰਜਾਬੀ ਦੋ ਧੜਿਆ ਵਿੱਚ ਵੰਡੇ ਗਏ। ਅੱਜ ਵੀ ਅਸੀ ਦੇਖ ਸਕਦੇ ਹਾਂ ਜੇ ਪੰਜਾਬੀ ਭਾਸ਼ਾ ਦੇ ਨਾਂ ਤੇ ਨਾ ਵੰਡੇ ਜਾਂਦੇ ਤਾਂ ਉਸ ਵੇਲੇ 5 ਤੋਂ 10 ਲੱਖ ਪੰਜਾਬੀਆ ਦਾ ਕਤਲ ਨਾ ਹੁੰਦਾ।

1947 ਦੀ ਵੰਡ ਪਿੱਛੋਂ ਪੰਜਾਬੀ ਬੋਲਦੇ ਇਲਾਕਿਆ ਦੇ ਲੋਕ ਪੰਜਾਬੀ ਸੂਬੇ ਦੀ ਅਲੱਗ ਮੰਗ ਸ਼ੁਰੂ ਕਰਨ ਲੱਗੇ।ਪੰਜਾਬੀ ਸੂਬਾ ਬਣਨ ਨਾਲ ਇੱਥੇ ਆਸ ਬੱਝ ਗਈ ਗਈ ਕਿ ਇੱਥੇ ਦੀ ਸਰਕਾਰੀ ਬੋਲੀ ਪੰਜਾਬੀ ਹੀ ਹੋਵੇਗੀ। ਅਜਿਹਾ ਸ. ਲਛਮਣ ਸਿੰਘ ਗਿੱਲ ਨੇ ਪੰਜਾਬੀ ਬੋਲੀ ਦਾ ਐਲਾਨ ਕਰਕੇ ਪੰਜਾਬੀ ਬੋਲੀ ਨੂੰ ਲਾਗੂ ਵੀ ਕੀਤਾ। ਇਸ ਪਿੱਛੋਂ ਆਉਣ ਵਾਲੀਆ ਸਰਕਾਰਾਂ ਨੇ ਪੰਜਾਬੀ ਤੇ ਕੋਈ ਜੋਰ ਨਹੀ ਦਿੱਤਾ। ਪੰਜਾਬੀ ਦੇ ਵੱਖਰੇ ਇਲਾਕੇ ਵਿੱਚ ਹੋਰ ਕਿਸਮ ਦੀਆਂ ਸਮੱਸਿਆਵਾਂ ਖੜੀਆ ਹੋ ਗਈਆ ਜਿਵੇਂ ਕਿ ਰਾਜਧਾਨੀ ਦਾ ਮਸਲਾ, ਡੈਮਾਂ ਦੀ ਸਮੱਸਿਆ ਅਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਬਾਹਰ ਰਹਿ ਜਾਣਾ। ਸਾਡੇ ਰਾਜਨੀਤਿਕ ਲੋਕ ਨਾ ਤਾਂ 1947 ਤੋਂ ਪਹਿਲਾ ਜਾਗੇ ਹੋਏ ਸਨ ਅਤੇ ਨਾ ਹੀ 1947 ਪਿੱਛੋਂ ਜਾਗੇ। ਜੇ ਇਹ ਲੋਕ ਸਿਆਣੇ ਹੁੰਦੇ ਤਾਂ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਨਾ ਹੁੰਦਾ ਅਤੇ ਸਿੱਖ ਕਤਲੇਆਮ ਨਾ ਹੁੰਦਾ ਅਤੇ ਨਾ ਹੀ ਡਮੀ ਸਰਕਾਰ ਦੁਆਰਾ ਪੰਜਾਬ ਲਈ ਲੜਨ ਵਾਲਿਆਂ ਜੁਝਾਰੂਆ ਦਾ ਸਫਾਇਆ ਹੁੰਦਾ।

ਗੌਰੀ ਸ਼ੰਕਰ ਓਜਾ ਨੇ ਇੱਕ ਕਿਤਾਬ ਲਿਖੀ ਜਿਸ ਦਾ ਨਾਮ ਹੈ-'ਪ੍ਰਾਚੀਨ ਭਾਰਤੀ ਲਿੱਪੀ ਮਾਲਾ' ਅਤੇ ਇਸ ਅਨੁਸਾਰ ਅਸ਼ੋਕ ਲਿੱਪੀ ਹੀ ਬ੍ਰਾਹਮੀ ਲਿੱਪੀ ਹੈ। ਇਸ ਤੋਂ ਪਤਾ ਲਗਦਾ ਹੈ ਕਿ ਗੌਰੀ ਸ਼ੰਕਰ ਓਜਾ ਨੂੰ ਸੰਸਕ੍ਰਿਤ ਦਾ ਤਾਂ ਗਿਆਨ ਸੀ ਪਰ ਪ੍ਰਕ੍ਰਿਤਾਂ ਦਾ ਗਿਆਨ ਨਹੀ ਸੀ। ਉਹਨਾਂ ਨੇ ਜੈਨੀ ਸੂਤਰ ਦਾ ਆਪਣੀ ਕਿਤਾਬ ਵਿੱਚ ਹਵਾਲਾ ਦਿੱਤਾ ਹੈ। ਜੇਕਰ ਉਹਨਾਂ ਨੂੰ ਪ੍ਰਕ੍ਰਿਤਾਂ ਦਾ ਗਿਆਨ ਹੁੰਦਾ ਤਾਂ ਉਹ ਬਾਂਬੀ ਨੂੰ ਬ੍ਰਾਹਮੀ ਨਾ ਕਹਿੰਦਾ। ਪ੍ਰਕ੍ਰਿਤਾਂ ਵਿੱਚ ਬ੍ਰਾਹਮਣ ਨੂੰ ਬਾਮਣ ਕਿਹਾ ਜਾਂਦਾ ਹੈ। ਬਾਂਬੀ ਇੱਕ ਲਿੱਪੀ ਹੈ ਜਦਕਿ ਬ੍ਰਾਹਮਣ ਇੱਕ ਬਰਾਦਰੀ ਹੈ। ਸੋ ਇਸ ਤਰ੍ਹਾਂ ਇਹ ਸਾਰਾ ਤਾਣਾ ਬਾਣਾ ਝੂਠ ਤੇ ਨਿਰਭਰ ਕਰਦਾ ਹੈ ਜਿਸਨੇ ਸਾਡੇ ਦੇਸੀ ਅਤੇ ਵਿਦੇਸ਼ੀ ਵਿਦਵਾਨਾਂ ਨੂੰ ਕੁਰਾਹੇ ਪਾਇਆ ਹੈ। ਉਸ ਨੇ ਇੱਕ ਕਿਤਾਬ ਦਾ ਹਵਾਲਾ ਵੀ ਦਿੱਤਾ ਹੈ ਜਿਸ ਦਾ ਨਾਮ ਲਲਿਤ ਵਿਸਤਾਰ ਹੈ ਅਤੇ ਇਸ ਵਿੱਚ ਲਿਖਿਆ ਹੋਇਆ ਹੈ ਕਿ ਇਹ ਕੋਈ ਬੋਧੀ ਅਤੇ ਸੰਸਕ੍ਰਿਤ ਵਿਦਵਾਨਾਂ ਰਾਹੀ ਲਿਖੀ ਹੋਈ ਹੈ ਜਿਸ ਵਿੱਚ ਕੋਈ 60 ਲਿੱਪੀਆ ਦਾ ਹਵਾਲਾ ਦਿੱਤਾ ਹੋਇਆ ਹੈ। ਇੱਥੋਂ ਉਸ ਥਿਊਰੀ ਦੀ ਸ਼ੁਰੂਆਤ ਹੋ ਜਾਂਦੀ ਹੈ ਕਿ ਇੱਕ ਲਿਪੀ ਤੋਂ ਹੀ ਅਨੇਕ ਲਿੱਪੀਆ ਪੈਦਾ ਹੋਈਆ ਹਨ। ਗੌਰੀ ਸ਼ੰਕਰ ਦੀ ਇਹ ਗੱਲ ਆਪਣੀ ਹੀ ਸਥਾਪਤ ਥਿਊਰੀ ਦੇ ਹੀ ਖਿਲਾਫ ਜਾਂਦੀ ਹੈ ਕਿ ਇਹ ਸਾਰੀਆ ਲਿੱਪੀਆ ਬ੍ਰਾਹਮੀ ਵਿੱਚੋਂ ਹੀ ਪੈਦਾ ਹੋਈਆ ਹਨ ਅਤੇ ਨਾਲ 60 ਲਿੱਪੀਆ ਦਾ ਹਵਾਲਾ ਵੀ ਦਿੰਦਾ ਹੈ।

ਡਾ. ਮੈਕਸ ਮੂਲਰ ਦੀ ਕਿਤਾਬ 'The Language Science' ਵਿੱਚ ਉਹ ਸੰਸਾਰ ਦੀਆਂ ਭਾਸ਼ਾਵਾਂ ਦਾ ਵਰਗੀਕਰਨ ਕਰਦਾ ਹੈ ਕਿ ਭਾਰਤ ਦੀਆਂ ਮਾਡਰਨ ਬੋਲੀਆ ਨੂੰ ਆਰੀਆ ਮੰਨਦਾ ਹੈ ਅਤੇ ਆਰੀਆ ਬੋਲੀ ਦਾ ਸਬੰਧ ਸੀਰੀਆ ਵਿੱਚ ਬੋਲਿਆ ਜਾਣਾ ਮੰਨਦਾ ਹੈ।

ਰੁਮੀਲਾ ਥਾਪਰ ਦੀ ਕਿਤਾਬ 'Which of Us Are Aryan' ਵਿੱਚ ਜ਼ਿਕਰ ਆਉਂਦਾ ਹੈ ਕਿ ਈਰਾਨੀ ਬਾਦਸ਼ਾਹ 'ਐਰੀਆ' ਸ਼ਬਦ ਦੀ ਵਰਤੋਂ ਕਰਦਾ ਹੈ। ਵਿਲੀਅਮ ਮੂਨੀਅਰ ਦੀ ਸੰਸਕ੍ਰਿਤ-ਇੰਗਲਿਸ਼ ਡਿਕਸ਼ਨਰੀ ਅਨੁਸਾਰ ਆਰੀਆ ਇੱਕ ਕਬੀਲਾ (Tribe) ਵੀ ਹੈ ਅਤੇ ਇੱਕ ਬੋਲੀ ਵੀ ਹੈ। ਇੰਜ ਇੱਥੇ ਰੁਮੀਲਾ ਥਾਪਰ ਅਤੇ ਉਸ ਦੇ ਸਾਥੀਆ ਦਾ ਖੰਡਨ ਹੋ ਜਾਂਦਾ ਹੈ ਕਿ ਆਰੀਆ ਬੋਲੀ ਹੀ ਨਹੀ ਸਗੋਂ ਆਰੀਆ ਇੱਕ ਕਬੀਲਾ (Tribe) ਵੀ ਹੈ। ਮੈਕਸ ਮੂਲਰ ਨੇ ਸੰਸਾਰ ਦੇ ਕਈ ਭਾਸ਼ਾਵਾਂ ਦੇ ਗਰੁੱਪਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਕਿ ਸੈਮਟਿਕ, ਆਰੀਆ, ਸੀਥੀਅਨ, ਤੁਰਕੀ, ਮੰਗੋਲਾਇਡ, ਦ੍ਰਾਵਿੜੀਅਨ ਅਤੇ ਮੁੰਡਾ ਫੈਮਲੀ ਆਦਿ ਅਤੇ ਨਾਲ ਇਹ ਵੀ ਦੱਸਦਾ ਹੈ ਕਿ ਸੰਸਾਰ ਦੇ ਕਈ anguage Group ਅਜੇ ਤੱਕ ਨਹੀ ਬਣ ਸਕੇ।

'A Grammar Of The Khassi language' ਦੇ ਕਰਤਾ Rev. H. Roberts ਨੇ ਮੈਕਸ ਮੂਲਰ ਦੀ ਥਿਊਰੀ ਦੇ ਵਿਰੁੱਧ ਲਿਖਿਆ ਹੈ ਕਿ ਖਾਸਾ ਬੋਲੀ ਤੁਰਾਨੀ ਗਰੁੱਪ ਨਹੀ ਕਿਉਂਕਿ ਖਾਸਾ ਬੋਲੀ ਦਾ ਗਰੈਮੈਟਿਕ ਢਾਂਚਾ ਤੁਰਾਨੀ ਬੋਲੀ ਦੇ ਢਾਂਚੇ ਨਾਲ ਮੇਲ ਨਹੀ ਖਾਂਦਾ ਹੈ। ਇੰਜ ਉਹ ਮੈਕਸ ਮੂਲਰ ਦੇ ਖਾਸਾ ਬੋਲੀ ਨੂੰ ਤੁਰਾਨੀ ਗਰੁੱਪ ਵਿੱਚ ਸ਼ਾਮਿਲ ਕਰਨ ਦਾ ਵਿਰੋਧ ਕਰਦਾ ਹੈ।

ਜੋਹਨ ਬੀਮ ਦੀ ਕਿਤਾਬ 'Aryan Comparative Grammar' ਵਿੱਚ ਭਾਰਤੀ Modern ਸੱਤਾ ਬੋਲੀਆ ਨੂੰ ਆਰੀਆ ਮੰਨਦਾ ਹੈ ਜਿਵੇਂ- ਉੜੀਆ, ਬੰਗਲਾ, ਮਰਾਠੀ, ਉਰਦੂ, ਗੁਜਰਾਤੀ, ਸਿੰਧੀ ਅਤੇ ਪੰਜਾਬੀ। ਇਹਨਾਂ ਸੱਤਾਂਬੋਲੀਆ ਦੇ ਗਰੈਮੈਟਿਕ ਢਾਂਚੇ ਤਾਂ ਆਪਸ ਵਿੱਚ ਮਿਲਦੇ ਨਹੀਂ ਕਿਉਂਕਿ ਬੋਲੀ ਨੂੰ ਪਰਖਣ ਦਾ ਨਮੂਨਾ ਗਰੈਮਰ ਹੀ ਹੁੰਦਾ ਹੈ ਨਾ ਕਿ ਸ਼ਬਦਾਵਲੀ (Vocabulary)।

Archaeology ਦੀ ਰਿਪੋਰਟ ਅਨੁਸਾਰ ਜੋ ਜੋਹਨ ਮਾਰਸ਼ਲ ਨੇ 1927 ਵਿੱਚ ਪੇਸ਼ ਕੀਤੀ ਸੀ, ਵਿੱਚ ਕਹਿੰਦਾ ਹੈ ਕਿ ਜਿਹੜੀਆਂ ਹੜੱਪਾਂ ਅਤੇ ਮੋਹਿੰਜੋਦਾੜੋ ਵਿੱਚ Antiquity ਮਿਲੀਆ ਹਨ, ਉਹ ਬਿਲਕੁੱਲ ਹੀ ਅਲੱਗ ਹਨ ਅਤੇ ਇਥੋ ਦੀ ਸੱਭਿਅਤਾ ਵੀ ਬਿਲਕੁੱਲ ਹੀ ਅਲੱਗ ਹੈ। ਇੱਥੋ ਪ੍ਰਾਪਤ ਲਿੱਪੀ ਵੀ ਸੰਸਾਰ ਦੀ ਸੱਭ ਤੋਂ ਪੁਰਾਣੀ ਲਿੱਪੀ ਹੈ ਜੋ ਕਿ ਅਜੇ ਤੱਕ ਵੀ ਸੰਸਾਰ ਵਿੱਚ ਬੁਝਾਰਤ ਬਣੀ ਹੋਈ ਹੈ। ਮੈਕਸ ਮੂਲਰ ਦੀ ਥਿਊਰੀ ਦਾ ਖੰਡਨ ਤਾਂ ਉਸ ਦਾ ਉਸਤਾਦ ਪ੍ਰੋ. ਬੌਪ ਹੀ ਕਰ ਦਿੰਦਾ ਹੈ ਕਿ Indo-Aryan language Group ਦੀ ਗ੍ਰੀਕ, ਸੰਸਕ੍ਰਿਤ ਅਤੇ ਲੈਟਿਨ ਨਾਲ ਕੋਈ ਵੀ Phonology ਸਾਂਝੀ ਨਹੀ ਹੈ ਅਤੇ ਗਰੈਮੈਟਿਕ ਢਾਂਚਾ ਵੀ ਵਖਰਾ-ਵਖਰਾ ਹੈ। ਸੋ ਇਸ ਤਰ੍ਹਾਂ ਮੈਕਸ ਮੂਲਰ ਦੀ Indo-Aryan ਥਿਊਰੀ ਵੀ ਫੇਲ ਹੋ ਜਾਂਦੀ ਹੈ। ਇਸ ਤੋਂ ਪਹਿਲਾ ਸੰਸਾਰ ਦੇ ਸਾਰੇ ਵਿਦਵਾਨ ਇਹੋ ਹੀ ਮੰਨਦੇ ਸਨ ਕਿ ਆਰੀਆ ਸੱਭਿਅਤਾ ਹੀ Indian Sub-Continent ਦੀ ਸੱਭਿਅਤਾ ਹੈ। ਜਦਕਿ Archaeology ਦੀ ਨਵੀਂ ਖੋਜ ਅਨੁਸਾਰ ਹੜੱਪਾ ਅਤੇ ਆਰੀਆ ਲੋਕਾ ਦਾ ਆਪਸ ਵਿੱਚ D.N.A ਵੀ ਨਹੀ ਮਿਲਦਾ ਹੈ। ਇਸ ਤਰ੍ਹਾਂ ਜੋਹਨ ਮਾਰਸ਼ਲ ਦੀ ਰਿਪੋਰਟ ਸਹੀ ਸਾਬਤ ਹੋ ਜਾਂਦੀ ਕਿ ਹੜੱਪੇ ਦੇ ਲੋਕ ਹੀ Indian Sub-Continent ਦੇ ਜੱਦੀ ਲੋਕ ਹਨ ਨਾ ਕਿ ਆਰੀਆ।



ਨਾਜ਼ਰ ਸਿੰਘ
0161-2632136

ਹਰਿਆਣੇ ਦੇ ਪਿੰਡ ਰਾਖੀਗੜੀ ਦੀ ਪੁਟਾਈ ਅਨੁਸਾਰ ਦੱਸਿਆ ਗਿਆ ਹੈ ਕਿ ਇਹ ਵੀ ਹੜੱਪੇ ਦੀ ਸੱਭਿਅਤਾ ਅੰਦਰ ਹੀ ਆਉਂਦਾ ਹੈ। ਰਾਖੀਗੜੀ ਤੋਂ ਜੋ ਪਿੰਜਰ ਮਿਲੇ ਹਨ ਉਸਦੀ D.N.A ਰਿਪੋਰਟ ਅਜੇ ਤੱਕ ਜਾਰੀ ਨਹੀ ਹੋਈ ਹੈ।

ਸਾਡੇ ਮੌਜੂਦਾ ਸੈਂਟਰਲ ਲੀਡਰ ਅਤੇ ਸਾਬਕਾ ਲੀਡਰਾਂ ਦਾ ਵੀ ਇਹੀ ਮੰਨਣਾ ਹੈ ਕਿ ਸੰਸਕ੍ਰਿਤ ਵਿੱਚੋਂ ਹੀ ਸਾਰੀਆ ਦੇਸੀ ਭਾਸ਼ਾਵਾਂ ਨਿਕਲੀਆ ਹਨ ਜੋ ਕਿ ਬਿਲਕੁਲ ਹੀ ਤੱਥਹੀਣ ਹਨ ਅਤੇ ਗਰੈਮਰਹੀਣ ਹਨ। ਇਸ ਵਿੱਚ ਰਾਜਨੀਤੀ Strategy ਦਾ ਦਾਅ ਪੇਚ ਤਾਂ ਹੋ ਸਕਦਾ ਹੈ ਪਰ ਸੱਚ ਨਹੀ।

1858 ਵਿੱਚ Indian Antiquity ਵਿੱਚ ਲਿਖਿਆ ਹੈ ਕਿ ਜਦ ਆਰੀਆਂ ਭਾਰਤ ਵਿੱਚ ਦਾਖਲ ਹੋਏ ਤਾਂ ਆਰੀਆ ਦੇਸੀਆ ਦੇ ਮੁਕਾਬਲੇ ਕਾਫੀ ਨਿਗੂਣੀ ਗਿਣਤੀ ਵਿੱਚ ਸਨ।ਹਮੇਸ਼ਾ ਹੀ ਇਹ ਹੁੰਦਾ ਆ ਰਿਹਾ ਹੈ ਕਿ ਬਾਹਰਲੇ ਧੜਵਈ ਘੱਟ ਗਿਣਤੀ ਵਿੱਚ ਹੁੰਦੇ ਸਨ ਜਦਕਿ ਜਿਹਨਾਂ ਉਪਰ ਰਾਜ ਕੀਤਾ ਉਹ ਹਮੇਸ਼ਾ ਹੀ ਬਹੁ ਗਿਣਤੀ ਵਿੱਚ ਹੁੰਦੇ ਸਨ। ਮੌਜੂਦਾ ਸਰਕਾਰ ਅਤੇ ਇਸ ਤੋਂ ਪਹਿਲਾ 2014 ਦੀ ਸੈਂਟਰ ਸਰਕਾਰਬਹੁ ਗਿਣਤੀ ਦੀ ਸਫਬੰਦੀ (Polarization) ਕਰਕੇ ਹੀ ਹੋਂਦ ਵਿੱਚ ਆਈ ਹੈ। ਇਹਨਾਂ ਦਾ ਵਿਚਾਰ ਰਿਹਾ ਹੈ ਕਿ ਇੱਥੇ ਦੇ ਲੋਕਾ ਦਾ ਆਰੀਆਨਾਈਜੇਸ਼ਨ (Aryanization) ਕੀਤਾ ਜਾਵੇ। ਸ਼ਬਦ ਹਿੰਦੂ ਨਾਲ ਅਲੱਗ ਅਲੱਗ ਫਿਰਕੇ ਦੇ ਲੋਕ ਇਕੱਠੇ ਹੋ ਜਾਂਦੇ ਹਨ। ਜਦਕਿ ਹਿੰਦੂ ਸ਼ਬਦ ਅਰਬੀ ਬੋਲੀ ਦਾ ਸ਼ਬਦ ਹੈ। ਕਈਆਂ ਦਾ ਪੂਰਾ ਜ਼ੋਰ ਲੱਗਿਆ ਹੋਇਆ ਹੈ ਕਿ ਬਹੁ ਗਿਣਤੀ ਨੂੰ ਆਰੀਆਨਾਈਜੇਸ਼ਨ ਵਿੱਚ ਪਰੋ ਦਿੱਤਾ ਜਾਵੇ ਅਤੇ ਰਾਜਨੀਤਿਕ ਲਾਭ ਪ੍ਰਾਪਤ ਕੀਤਾ ਜਾਵੇ। ਇੱਥੋਂ ਦੇ ਲੋਕਾਂ ਦਾ ਆਰੀਆ ਹੋਣ ਦਾ ਮਤਲਬ ਹੈ ਕਿ ਇੱਥੋ ਦਾ ਕੋਈ ਵੀ ਜੱਦੀ ਨਹੀ। ਮੈਕਸ ਮੂਲਰ ਸੰਸਕ੍ਰਿਤ ਨੂੰ Dead Language ਕਹਿੰਦਾ ਹੈ। ਇਸ ਤੋਂ ਪਤਾ ਚਲਦਾ ਹੈ ਕਿ ਸਾਡੀ ਥਿਊਰੀ ਵਿੱਚ ਵਜ਼ਨ ਲਗਦਾ ਹੈ ਕਿ ਆਰੀਆ ਜਿਹੜੇ ਭਾਰਤ ਵਿੱਚ ਆਏ ਸਨ, ਬਹੁ ਘੱਟ ਗਿਣਤੀ ਵਿੱਚ ਸਨ ਜਿਹੜੇ ਭਾਰਤੀਆ ਵਿੱਚ ਰਚ ਗਏ ਹਨ ਅਤੇ ਆਪਣੀ ਬੋਲੀ ਵੀ ਗੁਆ ਬੈਠੇ ਅਤੇ ਖਤਮ ਹੋ ਗਏ ਹਨ। ਵਰਣ ਵਿਵਸਥਾ ਵੀ ਆਰੀਆ ਦੀ ਹੀ ਦੇਣ ਸੀ ਜਿਸ ਨੇ ਸਮਾਜ ਨੂੰ ਇੱਕ ਜੁੱਟ ਨਹੀ ਹੋਣ ਦਿੱਤਾ ਅਤੇ ਆਪਣੇ ਵਖਰੇਵੇਂ ਦਾ ਕਾਰਣ ਬਣੀ।

'Punjab Casts' ਦੇ ਕਰਤਾ Denzil Ibbetson ਦੇ ਅਨੁਸਾਰ Bruhi Language ਤੁਰਾਨੀ ਬੋਲੀ ਹੈ ਨਾ ਕਿ ਦ੍ਰਾਵਿੜੀਅਨ। ਅਸੀ ਦੇਖਿਆ ਹੈ ਕਿ Bruh ਬੋਲੀ ਤੇ ਪੰਜਾਬੀ ਦਾ ਕਾਫੀ ਪ੍ਰਭਾਵ ਹੈ। Caldwell ਆਪਣੀ ਕਿਤਾਬ 'South Indian language' ਵਿੱਚ Bruhi ਬੋਲੀ ਨੂੰ ਦ੍ਰਾਵਿੜੀਅਨ ਬੋਲੀ ਕਹਿੰਦਾ ਹੈ। ਜੇ ਅਸੀ Denzil ਦੀ ਗੱਲ ਮੰਨ ਲੈਂਦੇ ਹਾਂ ਤਾਂ Bruhi ਬੋਲੀ ਦ੍ਰਾਵਿੜੀਅਨ ਨਹੀ ਸਗੋਂ ਪੰਜਾਬੀ ਅਸਰ ਵਾਲੀ ਤੁਰਾਨੀ ਬੋਲੀ ਹੈ।

ਗਾਂਧੀਵਾਦੀ ਵਿਦਵਾਨ ਵਿਨੋਬਾ ਭਾਵੇ ਜਦੋਂ ਜਿਉਂਦਾ ਸੀ ਅਖਬਾਰਾਂ ਵਿੱਚ ਬਿਆਨ ਦਿੱਤਾ ਸੀ ਕਿ ਭਾਰਤ ਦੀ ਸੰਪਰਕ ਲਿੱਪੀ ਇੱਕੋ ਹੀ ਹੋਣੀ ਚਾਹੀਦੀ ਹੈ ਤਾਂ ਕਿ ਵੱਖੋ-ਵੱਖਰੀਆ ਬੋਲੀਆਂ ਨਾਲ ਤਾਲਮੇਲ ਬਣਾਇਆ ਜਾ ਸਕੇ। ਸੰਵਿਧਾਨ ਘੜਣੀ ਸਭਾ ਨੇ 14 ਬੋਲੀਆਂ ਨੂੰ ਉਸ ਵੇਲੇ ਨੈਸ਼ਨਲ ਬੋਲੀਆ ਮੰਨਿਆ ਅਤੇ ਸੰਵਿਧਾਨ ਨੂੰ Secular ਦਿੱਖ ਦਿੱਤੀ। ਵਿਨੋਬਾ ਭਾਵੇ ਦਾ ਉਕਤ ਦਾ ਬਿਆਨ Secularism ਅਤੇ Federalism ਦਾ ਵਿਰੋਧ ਹੈ। ਜੇ ਅਸੀ ਸਾਰੇ ਇੰਡੀਅਨ ਵਾਸੀਆਂ ਨੂੰ ਇਕ ਜੁੱਟ ਹੋਣਾ ਮੰਨਦੇ ਹਾਂ ਤਾਂ ਅਸੀ ਉਹਨਾਂ ਦੀਆਂ ਵੱਖੋ-ਵੱਖਰੀਆਂ ਬੋਲੀਆਂ ਅਤੇ ਲਿੱਪੀਆਂ ਦਾ ਵਿਰੋਧ ਕਿਉਂ ਕਰਦੇ ਹਾਂ। ਸੋ ਇਹ ਇੱਕ ਆਰੀਆਨਾਈਜੇਸ਼ਨ (Aryanization) ਦੀ ਪਾਲਿਸੀ ਹੀ ਲਗਦੀ ਹੈ।

## ਮਿੰਨੀ ਕਹਾਣੀ/ ਵਿਹਲ



ਤਸਵਿੰਦਰ ਸਿੰਘ ਬੜੈਚ
91-98763-22677

"ਕੀ ਗੱਲ ਪੁੱਤਰਾ, ਹੁਣ ਸਾਡੇ ਪਿੰਡ ਕਦੇ ਗੇੜਾ ਹੀ ਨੀ ਮਾਰਿਐ?" ਆਪਣੇ ਸਹੁਰੇ ਘਰ ਬੈਠੇ ਜਗਜੀਤ ਨੇ ਆਪਣੇ ਸਾਲੇ ਦੇ ਲੜਕੇ ਨੂੰ ਕਿਹਾ। "ਫੁੱਫੜ ਜੀ, ਬੱਸ ਵਿਹਲ ਹੀ ਨੀ ਮਿਲਦੀ।" ਲੜਕਾ ਬੋਲਿਆ। "ਪੁੱਤਰਾ, ਖਾਣਾ ਖਾਣ ਨੂੰ ਤਾਂ ਵਿਹਲ ਮਿਲ ਜਾਂਦੀ ਆ ਕਿ ਨਹੀਂ?" ਜਗਜੀਤ ਹੱਸਦਾ ਹੋਇਆ ਬੋਲਿਆ। "ਹਾਂ, ਭਾਅ ਜੀ, ਖਾਣਾ ਖਾਣ ਦੀ ਤਾਂ ਇਹਨੂੰ ਵਿਹਲ ਮਿਲ ਜਾਂਦੀ ਏ, ਜਦੋਂ ਏਹਨੇ ਆਪਣਾ ਮੋਬਾਈਲ ਫੋਨ ਚਾਰਜ 'ਤੇ ਲਾਇਆ ਹੁੰਦਾ ਏ।" ਕੋਲ ਬੈਠਾ ਜਗਜੀਤ ਦਾ ਸਾਲਾ ਆਪਣੇ ਲੜਕੇ ਵੱਲੂ ਅੱਖਾਂ ਕੱਢਦਾ ਗੁੱਸੇ 'ਚ ਬੋਲਿਆ। ਆਪਣੇ ਡੈਡੀ ਦੇ ਮੂੰਹੋਂ ਇਹ ਸੁਣ ਕੇ ਲੜਕਾ ਨੀਵੀਂ ਪਾ ਕੇ ਬੈਠ ਗਿਆ।

## 'ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ'

(ਸਫਾ 18 ਦੀ ਬਾਕੀ)

ਤੋਤਿਆ ਜੋ ਕਿ ਉਹਨਾਂ ਦੀ ਇਕ ਵਿਗਿਆਨਕ ਸੋਚ ਦਾ ਪ੍ਰਤੀਕ ਹੈ।

ਉਹਨਾਂ ਦੀ ਮੌਤ ਤੋਂ ਬਾਅਦ ਹਿੰਦੂ ਆਪਣੇ ਧਰਮ ਅਨੁਸਾਰ ਉਹਨਾਂ ਦਾ ਅੰਤਿਮ ਸੰਸਕਾਰ ਕਰਨਾ ਚਾਹੁੰਦੇ ਸਨ ਅਤੇ ਮੁਸਲਮਾਨ ਆਪਣੇ ਧਰਮ ਅਨੁਸਾਰ ਕਰਨਾ ਚਾਹੁੰਦੇ ਸਨ। ਆਪਣੇ ਧਰਮ ਅਨੁਸਾਰ ਵਿਵਾਦ ਦੀ ਸਥਿਤੀ ਵਿਚ ਇਕ ਅਜੀਬ ਘਟਨਾ ਵਾਪਰੀ। ਉਹਨਾਂ ਦੇ ਮ੍ਰਿਤਕ ਸਰੀਰ ਤੋਂ ਜਦੋਂ ਚਾਦਰ ਹਟਾਈ ਗਈ ਤਾਂ ਦੇਖਿਆ ਕਿ ਮ੍ਰਿਤਕ ਸਰੀਰ ਦਾ ਥਾਂ ਕੁਝ ਫੁੱਲ ਪਏ ਸਨ, ਜਿਹਨਾਂ ਨੂੰ ਦੋਹਾਂ ਧਰਮਾਂ ਦੇ ਲੋਕਾਂ ਨੇ ਆਪਸ ਵਿਚ ਅੱਧੋ-ਅੱਧੋ ਵੰਡ ਲਿਆ।

ਸਤਿਗੁਰੂ ਕਬੀਰ ਦਾਸ ਜੀ ਦੇ ਮਹਾਨ ਵਿਅਕਤੀਤਵ ਤੇ ਅਹਿਮੀਅਤ ਨੂੰ ਜਾਇਸੀ ਨੇ ਆਪਣੀ ਰਚਨਾ ਵਿਚ ਬਹੁਤ ਹੀ ਸੁੰਦਰ ਤਰੀਕੇ ਨਾਲ ਤੇ ਸਤਿਕਾਰ ਨਾਲ ਬਿਆਨ ਕੀਤਾ ਹੈ:

''ਨਾ ਨਾਰਦ ਤਬ ਰੋਈ ਪੁਕਾਰਾ ਇਕ ਜੁਲਾਹੇ ਸੇ ਮੈਂ ਹਾਰਾ।
ਪ੍ਰੇਮ ਤਨਤੁ ਨਿਤ ਤਾਨਾ ਤਨਾਈ, ਜਪ ਤਪ ਸਾਧ ਸੈਕਰਾ ਭਰਾਈ।''

ਦੋਸਤੋ! ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੈ ਕਿ ਸਤਿਗੁਰੂ ਕਬੀਰ ਦਾਸ ਜੀ ਕੋਈ ਬਚਿੱਤਰ ਨਹੀਂ ਹਨ ਸਗੋਂ ਇਕ ਸਧਾਰਨ ਵਿਅਕਤੀ ਸਨ ਪ੍ਰੰਤੂ ਇਸ ਸਧਾਰਨਤਾ ਵਿਚ ਹੀ ਉਹ ਬਹੁਤ ਵਿਸ਼ੇਸ਼ ਵਿਅਕਤੀਤਵ ਦੇ ਮਾਲਕ ਹਨ। ਹਿੰਦੀ ਸਾਹਿਤ ਦੇ ਇਤਿਹਾਸ ਵਿਚ ਉਹਨਾਂ ਵਰਗਾ ਮਹਾਨ ਵਿਅਕਤੀਤਵ ਹੋਰ ਕੋਈ ਨਹੀਂ ਹੈ।

'ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਬਾਣੀ ਨੇ ਵੀ ਉਹਨਾਂ ਨੂੰ ਅਮਰ ਬਣਾ ਦਿੱਤਾ ਹੈ ਕਿਉਂਕਿ ਉਹਨਾਂ ਦੀ ਬਾਣੀ 'ਸਰਬ ਸਾਂਝੀਵਾਲਤਾ' ਤੇ 'ਸਮਾਜਿਕ ਬਰਾਬਰੀ' ਦਾ ਮਾਨਵਤਾ ਨੂੰ ਸੰਦੇਸ਼ ਦਿੰਦੀ ਹੈ ਤੇ ਇਹੀ ਉਹਨਾਂ ਦੀ ਸੋਚ 'ਸੰਸਾਰਕ ਸਮਾਜ' ਸਿਰਜਣ ਵਿਚ ਸਹਾਈ ਹੁੰਦੀ ਹੈ।






Dedicated to Sri Guru Nanak Dev ji's 550th Parkash Purb

# UNITED SPORTS CLUB CALIFORNIA, AMERICA

## 15TH WORLD KABADDI CUP

15 SEPTEMBER 2019, SUNDAY (Timing 09:00am - 06pm)

(James Logan High School 1800 H Street, Union City, California 94587)

ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਜਾਣ ਵਾਲਾ
'15ਵਾਂ ਵਿਸ਼ਵ ਕਬੱਡੀ ਕੱਪ 2019' ਇਤਿਹਾਸਿਕ ਹੋਵੇਗਾ

ਇਸ ਵਿਸ਼ਵ ਕੱਪ ਵਿਚ ਡਰੱਗ ਫ੍ਰੀ ਸਰਟੀਫਿਕੇਟ ਪ੍ਰਾਪਤ ਖਿਡਾਰੀ ਹੀ ਖੇਡ ਸਕਣਗੇ

ਮੁੱਖ ਮਹਿਮਾਨ
ਮੈਨੀ ਗਰੇਵਾਲ

Sponsor of 1st Prize – Diamond Transportation

Sponsor of 2nd Prize – Jugraj Singh Sahota & Narinder Singh Sahota of Sahota Family. Dedicated to Sweet Memory of Late. Kashmir Singh Sahota

Sponsor of 3rd Prize – Boparai Brothers

Diamond Sponsor – Inder Dosanjh, Dosanjh faimly auto group Inc

Makhan Singh Bains Chairman, Iqbal Singh Gakhal Vice Chairman, Jugraj Singh Sahota President, Palwinder Singh Gakhal Director, S. Ashok Bhaura Gen. Sec & Media Incharge, Narinder Singh Sahota Treasurer, Pinki Atwal Director, Sadhu Singh Khlaur Advisor, Balvir Singh Bhatia Director, Dalwinder Padda Director, Natha Singh Gakhal Advisor

Debi Sohal Sidhwan Dona Director, Inderjit Singh Thind Director, Bakhtawar Singh Gakhal Director, Gurpreet Singh Gakhal Director, Giani Ravinder Singh Director, Baljinder Singh Gakhal Director, Gulwiner Singh Gakhal Director, Harjinder Ladhar Director, Arundeep Singh Advisor, Baljinder Singh Advisor

UNITED SPORTS CLUB, CALIFORNIA AMERICA – ਯੂਨਾਈਟਡ ਸਪੋਰਟਸ ਕਲੱਬ, ਕੈਲੇਫੋਰਨੀਆਂ ਅਮਰੀਕਾ

Amolak Singh Gakhal
Chief Patron, United Sports Club

ਵਿਸ਼ਵ ਕੱਪ ਵਿਚ ਭਾਗ ਲੈਣ ਵਾਲੀਆਂ ਟੀਮਾਂ

1. Bay Are Sports Club
2. Shaheed Baba Deep Singh Sports Acedmy Secramento
3. Metro Sports Club New York
4. Canada Club

All Kabaddi Lovers openlyInivited

Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call: 530-824-5134

Call: 650-642-0697

## 3525 Highway 99, West Corning, CA 96021
Across the Street from TA Truck Stop




DO YOU HAVE $3,000? If yes, we can help you buy your own home today using a down-payment assistance loan program.

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Liquor Store for Sale
in Citrus Heights
Monthly Gross Sales: $40-45K
Listing Price:$139,900




5 Bedrooms, 4 Bathrooms
sq ft: 3458, Lot Size: 7623
Listing Price: $656,450
El Dorado Hills, CA




sacramentosmoke
Smoke Shop for Sale in Sacramento
Monthly Gross Sales: $50K
Listing Price: $150,00




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY
$1500/mo.
Listing Price to $115,000
Sacramento, CA




Liquor Store for Sale in Santa Clara
Monthly Gross Sale: $90K
Listing Price: 599,000 plus Inventory




4 Bedrooms, 3 Baths
Sqft: 2631, Lot Size: 6355*
Listing Price: $490,000
Sacramento, CA




4 Bedroom, 2 Bath
Sqft: 1656, Lot Size: 7841*
Listing Price:$329,000
Sacramento, CA




Subway
for Sale in Sacramento
Listing Price: 239,900




Indian Restaurant
for Sale in Sacramento
Listing Price: 149,000




Liquor Store for Sale in Sacramento
Monthly Gross Sale: 110K
Down Payment: 400K (Seller will carry Rest)
Listing Price: 599,000 plus Inventory




Coffee Shop for Sale in Chico
Monthly Gross Sales: $25,000
Listing Price: $150,000



3 Bedroom, 2 Bathroom
Sqft: 1740*, Lot Size: 5502*
Listing Price: $397,000, Elk Grove, CA



5 Bedroom, 4 Bathroom
Sqft: 3037, Lot Size: 6827*
Listing Price: $515,000, Elk Grove, CA



8 Bedroom, 3 Bathroom
Sqft: 1978, Lot Size: 8102
Listing Price: $1,080,000, Pleasant Hill, CA




BERKSHIRE
HATHAWAY
Home Services
Elite Real Estate

SPECIALISES IN BANK REPO
APARTMENTS, COMMERCIAL PROPERTIES, GAS STATIONS, HOTELS AND AGRICULTURAL LAND

OFFICE: 7412 ELSIE AVE.,
SACRAMENTO, CA 95828





# June 28, 29, 30, 2019

## ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦਾ 34ਵਾਂ ਸਥਾਪਨਾ ਦਿਵਸ 28, 29, 30 ਜੂਨ 2019 ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ ਪੂਰੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਜੀ 28 ਜੂਨ ਨੂੰ ਪ੍ਰਾਰੰਭ ਹੋਣਗੇ। 29 ਜੂਨ ਦਿਨ ਸ਼ਨਿਚਰਵਾਰ ਨਿਸ਼ਾਨ ਸਾਹਿਬ ਦੀ ਸੇਵਾ ਸਵੇਰੇ 11 ਵਜੇ ਮਨਜੀਤ ਪਰਹਾਰ ਪਰਿਵਾਰ ਵੱਲੋਂ ਕੀਤੀ ਜਾਵੇਗੀ ਅਤੇ 30 ਜੂਨ ਦਿਨ ਐਤਵਾਰ ਨੂੰ ਸਵੇਰੇ 10 ਵਜੇ ਭੋਗ ਪਾਏ ਜਾਣਗੇ। ਇਸ ਮੌਕੇ ਕੀਰਤਨ ਅਤੇ ਕਥਾ ਹੋਵੇਗੀ। ਲੰਗਰ ਦੀ ਸੇਵਾ ਗੁਰੂ ਘਰ ਦੀ ਕਮੇਟੀ ਦੁਆਰਾ ਸਾਰੀ ਸੰਗਤ ਦੇ ਸਹਿਯੋਗ ਨਾਲ ਕੀਤੀ ਜਾਵੇਗੀ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਵੱਧ-ਚੜ੍ਹ ਕੇ ਇਸ ਸਮਾਗਮ ਵਿਚ ਸ਼ਾਮਲ ਹੋਵੋ ਜੀ।

**For STALLS and SEWA & any information, please contact President Kashmiri Bhatia at (408)460-0262 or Chairman Ramesh Suman at (925) 366.3618 or General Secretary Dilbag Singh (209-834-4641 . We need your help and support.**

**WWW.SriGuruRavidassTemple.com, https://www.redcrossblood.org/faq.html#eligibility**



File Picture: Desh Doaba

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

# ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ

**2150 Crestview Drive, Pittsburg CA 94565 Tel: (925) 439-2355**

# ਸ੍ਰੋਮਣੀ ਅਕਾਲੀ ਦਲ (ਅ) ਨੇ ਜੱਥੇਦਾਰ ਚੀਮਾ ਦੀ ਅਗਵਾਈ ਹੇਠ ਮਨਾਇਆ ਗਤਕਾ ਦਿਵਸ

**ਲੁਧਿਆਣਾ–** ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ 21 ਜੂਨ ਨੂੰ ਵਿਸ਼ਵ ਭਰ 'ਚ ਗਤਕਾ ਦਿਵਸ ਮਨਾ ਕੇ ਯੋਗਾ ਦਿਵਸ ਨੂੰ ਨਕਾਰਦਿਆਂ ਅਪਣੀ ਮਜਬੂਤ ਹਾਜਰੀ ਲਗਵਾਈ ਗਈ। ਲੁਧਿਆਣਾ ਵਿਖੇ ਜਿਲਾ ਪ੍ਰਧਾਨ ਜੱਥੇਦਾਰ ਜਸਵੰਤ ਸਿੰਘ ਚੀਮਾ ਦੀ ਅਗਵਾਈ ਹੇਠ ਗੁਰਦੁਆਰਾ ਸਿੰਘ ਸਭਾ ਸਾਹਿਬ ਸੁਭਾਸ਼ ਨਗਰ ਵਿਖੇ ਗਤਕਾ ਦਿਵਸ ਮਨਾਇਆ ਗਿਆ। ਜਿਸਨੂੰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭੁਪਿੰਦਰ ਸਿੰਘ ਸਮੇਤ ਸਮੁੱਚੀ ਕਮੇਟੀ ਨੇ ਭਰਭੂਰ ਹੁੰਗਾਰਾ ਦਿੱਤਾ। ਇਸ ਗਤਕਾ ਦਿਵਸ ਵਿੱਚ ਬਾਬਾ ਦੀਪ ਸਿੰਘ ਮਿਸਲ ਸ਼ਹੀਦਾਂ ਗਤਕਾ ਅਖਾੜਾ, ਬਾਬਾ ਬੰਦਾ ਸਿੰਘ ਬਹਾਦਰ ਗਤਕਾ ਅਖਾੜਾ, ਸ਼ਹੀਦ ਬਾਬਾ ਵੀਰ ਸਿੰਘ ਗਤਕਾ ਅਖਾੜਾ, ਬਾਬਾ ਬੱਚਿਤਰ ਸਿੰਘ ਗਤਕਾ ਅਖਾੜਾ ਅਤੇ ਮਾਈ ਭਾਗੋ ਗਤਕਾ ਅਖਾੜਾ ਦੀਆਂ ਟੀਮਾਂ ਨੇ ਭਾਗ ਲੈ ਕੇ ਸਿੱਖਾਂ ਦੀ ਮਾਰਸ਼ਲ ਖੇਡ ਗਤਕਾ ਰਾਹੀਂ ਅਪਣੀ ਕਲਾ ਦੇ ਜੋਹਰ ਦਿਖਾਏ। ਟੀਮਾਂ ਵੱਲੋਂ ਖੇਡੇ ਗਏ ਗਤਕੇ ਨੇ ਸੈਂਕੜਿਆਂ ਦੀ ਗਿਣਤੀ ਵਿੱਚ ਹਾਜਰ ਸੰਗਤਾਂ ਦੇ ਰੌਂਗਟੇ ਖੜੇ ਕਰ ਦਿੱਤੇ ਅਤੇ ਹਰ ਇੱਕ ਦਾ ਮੰਨ ਇਸ ਖੇਡ ਨੂੰ ਸਿੱਖਣ ਦਾ ਕੀਤਾ ਤਾਂ ਕਿ ਖੁਦ ਦੇ ਨਾਲ ਨਾਲ ਦੂਜਿਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਪਹੁੰਚੀਆਂ ਟੀਮਾਂ ਨੂੰ



ਜੱਥੇਦਾਰ ਚੀਮਾ ਅਤੇ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਇਲਾਵਾ ਹੋਰਨਾਂ ਮਹਿਮਾਨਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜੱਥੇਦਾਰ ਚੀਮਾ ਨੇ ਕਿਹਾ ਕਿ ਦੇਸ਼ ਨੂੰ ਵੰਡਣ ਵਾਲੀਆਂ ਹਿੰਦੂਤਵੀ ਤਾਕਤਾਂ ਅੱਜ ਮੋਦੀ ਐਂਡ ਕੰਪਨੀ ਦੀ ਅਗਵਾਈ ਹੇਠ ਘੱਟ ਗਿਣਤੀਆਂ ਨੂੰ ਖਤਮ ਕਰਨ ਤੇ ਤੁਲੀਆਂ ਹਨ ਜਿਸ ਦੀ ਸੁਰੂਆਤ ਘੱਟ ਗਿਣਤੀਆਂ ਨਾਲ ਜੁੜੇ ਮਾਨਮੱਤੇ ਇਤਿਹਾਸਿਕ ਪਹੇਲੂਆਂ ਨੂੰ ਖਤਮ ਕਰਨ ਤੋਂ ਹੋਈ ਹੈ। 21 ਜੂਨ ਨੂੰ ਜੋ ਸਰਕਾਰੀ ਪੈਸੇ ਅਤੇ ਮਸ਼ੀਨਰੀ ਦਾ ਦੁਰਪ੍ਰਯੋਗ ਕਰਕੇ ਯੋਗਾ ਦਿਵਸ ਮਨਾਇਆ ਜਾ ਰਿਹਾ ਹੈ ਉਹ ਵੀ ਮੋਦੀ ਐਂਡ ਪਾਰਟੀ ਵੱਲੋਂ ਕੀਤੇ ਛੜਯੰਤਰਾਂ ਦਾ ਇੱਕ ਹਿੱਸਾ ਹੈ। ਜੱਥੇਦਾਰ ਚੀਮਾ ਨੇ ਕਿਹਾ ਕਿ ਸਿੱਖ ਵਿਸਵ ਦੀ ਸੱਭ ਤੋਂ ਬਹਾਦਰ ਕੌਮ ਹੈ ਜਿਸਦਾ ਯੋਗਾ ਵਰਗੀ ਠੰਡੀ ਖੇਡ ਨਾਲ ਦੂਰ ਨੇੜੇ ਦਾ ਕੋਈ ਰਿਸਤਾ ਨਹੀਂ ਹੈ ਫੇਰ ਵੀ ਹੀਲੇ ਵਸੀਲੇ ਸਿੱਖ ਕੌਮ ਨੂੰ ਵੀ ਇਸ ਦਿਨ ਏਹ ਯੋਗਾ ਦਿਵਸ ਮਨਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਅ ਜੋ ਸਿੱਖ ਕੌਮ ਦੀ ਅਗਵਾਈ ਕਰ ਰਿਹਾ ਹੈ ਕਦੋਂ ਇਸ ਛੜਯੰਤਰ ਨੂੰ ਬਰਦਾਸ਼ਤ ਕਰਦਾ। ਇਸ ਲਈ ਪਾਰਟੀ ਪ੍ਰਧਾਨ ਸ: ਸਿਮਰਨ-ਜੀਤ ਸਿੰਘ ਮਾਨ ਨੇ ਯੋਗਾ ਦਿਵਸ ਦੇ ਬਰਾਬਰ ਵਿਸ਼ਵ ਭਰ ਵਿੱਚ ਗਤਕਾ ਦਿਵਸ ਮਨਾਉਣਾ ਸੁਰੂ ਕਰ ਦਿੱਤਾ। ਉਹਨਾਂ ਕਿਹਾ ਕਿ ਅੱਜ ਉਸੇ ਲੜੀ ਤਹਿਤ ਸਾਡੇ ਵੱਲੋਂ ਗਤਕਾ ਦਿਵਸ ਮਨਾਇਆ ਗਿਆ ਜਿਸ ਵਿੱਚ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਸਿੱਖ ਕੌਮ ਨੇ ਭਾਗ ਲੈ ਕੇ ਏਕਤਾ ਦਾ ਸਬੂਤ ਦਿੱਤਾ। ਉਹਨਾਂ ਕਿਹਾ ਕਿ ਹਿੰਦੂਤਵੀ ਤਾਕਤਾਂ ਦੀਆਂ ਚਾਲਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਅੱਗੇ ਵੀ 21 ਜੂਨ ਨੂੰ ਗਤਕਾ ਦਿਵਸ ਮਨਾਇਆ ਜਾਂਦਾ ਰਹੇਗਾ। ਇਸ ਮੌਕੇ ਜੱਥੇਦਾਰ ਮਨਜੀਤ ਸਿੰਘ ਸਿਆਲਕੋਟੀ, ਜੱਥੇਦਾਰ ਮੋਹਣ ਸਿੰਘ, ਜੱਥੇਦਾਰ ਹਰਜਿੰਦਰ ਸਿੰਘ, ਜੱਥੇਦਾਰ ਜਸਵਿੰਦਰ ਸਿੰਘ ਖਾਲਸਾ, ਜੱਥੇਦਾਰ ਕੁਲਵੰਤ ਸਿੰਘ ਸਲੇਮਟਾਬਰੀ, ਜੱਥੇਦਾਰ ਸੁਖਚੈਨ ਸਿੰਘ, ਹਰਭਜਨ ਸਿੰਘ ਬਿੱਟੂ, ਪ੍ਰਿਤਪਾਲ ਸਿੰਘ ਰੌੜ, ਸਵਰਨ ਸਿੰਘ ਖਵਾਜਕੇ, ਰੋਸ਼ਨ ਸਿੰਘ ਸਾਗਰ, ਸੁਰਜੀਤ ਸਿੰਘ, ਨਾਜਰ ਸਿੰਘ ਰਾਈਆਂ, ਬਲਵਿੰਦਰ ਸਿੰਘ ਕਟਾਣੀ, ਦਿਲਬਾਗ ਸਿੰਘ ਪ੍ਰਤਾਪਗੜ, ਗੁਰਸੇਵਕ ਸਿੰਘ ਆਨੰਦਪੁਰੀ, ਕਾਬਲ ਸਿੰਘ ਰਾਠੌਰ, ਸਿਮਰਨਜੀਤ ਸਿੰਘ, ਸੁਖਦੀਪ ਸਿੰਘ, ਮਨਪ੍ਰੀਤ ਸਿੰਘ, ਬਾਬਾ ਕੁਲਦੀਪ ਸਿੰਘ ਅਤੇ ਹੋਰ ਹਾਜਰ ਸਨ।

### ਨਵੇਂ ਜੋਸ਼ ਨਾਲ ਸੰਪਨ ਹੋਇਆ ਸਿਖਿਆਰਥੀ ਚੇਤਨਾ ਕੈਂਪ

# ਲੋਕ-ਸ਼ਕਤੀ ਹੀ ਕਰ ਸਕਦੀ ਹੈ ਫਾਸ਼ੀਵਾਦ ਦਾ ਟਾਕਰਾ-ਡਾ.ਆਨੰਦ ਤੈਲਤੁੰਬੜੇ

**ਜਲੰਧਰ–** ਦੇਸ਼ ਭਗਤ ਯਾਦਗਾਰ ਹਾਲ 'ਚ ਚੱਲ ਰਹੇ ਸਾਲਾਨਾ ਸਿਖਿਆਰਥੀ ਚੇਤਨਾ ਕੈਂਪ ਦੇ ਦੂਜੇ ਦਿਨ ਇੰਸਟੀਚੀਊਟ ਆਫ਼ ਮੈਨੇਜ਼ਮੈਂਟ, ਗੋਆ ਦੇ ਪ੍ਰੋ. ਆਨੰਦ ਤੈਲਤੁੰਬੜੇ ਨੇ 'ਵਰਤਮਾਨ ਹਾਲਾਤ ਅਤੇ ਫਾਸ਼ੀਵਾਦ' ਵਿਸ਼ੇ ਉਪਰ ਬੋਲਦਿਆਂ ਕਿਹਾ ਕਿ ਦੇਸ਼ ਭਰ ਦੇ ਦਲਿਤ ਭਾਈਚਾਰੇ ਨੂੰ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਡਾ.ਭੀਮ ਰਾਓ ਅੰਬੇਦਕਰ ਜੋ ਕੁੱਝ ਸਮੂਹ ਪੀੜਤ ਵਰਗ ਲਈ ਕਰਨਾ ਚਾਹੁੰਦੇ ਸੀ ਉਹ ਕੁੱਝ ਵੀ ਨਹੀਂ ਹੋਇਆ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਦੀ ਆੜ ਵਿੱਚ ਖਾਸ ਕਰਕੇ ਦਲਿਤ ਵਰਗ ਨੂੰ ਦੇਸ਼ ਦੀਆਂ ਹਾਕਮ ਜਮਾਤਾਂ ਗ਼ੁਲਾਮੀ ਦੇ ਸੰਗਲਾਂ 'ਚ ਨੂੜਕੇ ਰੱਖ ਰਹੀਆਂ ਹਨ। ਉਹਨਾਂ ਨੂੰ ਆਪਣੀ ਤਕਦੀਰ ਖ਼ੁਦ ਲਿਖਣ ਲਈ ਨਵੇਂ ਰਾਹ ਤੁਰਨਾ ਹੋਏਗਾ।





ਉਹਨਾਂ ਕਿਹਾ ਕਿ 1965, ਤੱਕ ਡਾ.ਅੰਬੇਦਕਰ ਦਾ ਹਾਕਮ ਜਮਾਤਾਂ ਨੇ ਨਾਮ ਤੱਕ ਨਹੀਂ ਲਿਆ। ਜਦੋਂ ਦਲਿਤ ਵਰਗ ਜਾਗਰੂਕ ਹੋ ਕੇ ਆਪਣੀ ਮੁਕਤੀ ਲਈ ਮੈਦਾਨ 'ਚ ਆ ਰਿਹਾ ਹੈ ਤਾਂ ਹੁਕਮਰਾਨਾ ਨੂੰ ਅੰਬੇਦਕਰ ਦੀ ਮਜ਼ਬੂਰਨ ਯਾਦ ਆ ਰਹੀ ਹੈ। ਡਾ.ਆਨੰਦ ਤੈਲਤੁੰਬੜੇ ਨੇ ਕਿਹਾ ਕਿ ਵੀਰ ਸਾਵਰਕਰ ਵਰਗੇ ਜੋ ਅੰਗਰੇਜ਼ ਹਾਕਮਾਂ ਤੋਂ ਲਿਖਤੀ ਮੁਆਫ਼ੀਨਾਮੇ ਮੰਗਦੇ ਰਹੇ ਉਹਨਾਂ ਨੂੰ ਭਾਜਪਾ ਮਹਾਂ ਦੇਸ਼ ਭਗਤ ਬਣਾ ਕੇ ਪੇਸ਼ ਕਰ ਰਹੀ ਹੈ। ਜੋ ਬੁੱਧੀਜੀਵੀ ਅਤੇ ਲੋਕ-ਹਿੱਤੂ ਸੰਘਰਸ਼ਸ਼ੀਲ ਕਾਮੇ ਲੋਕਾਂ ਦੀ ਗੱਲ ਕਰਦੇ ਹਨ, ਉਹਨਾਂ ਨੂੰ ਦੇਸ਼-ਧ੍ਰੋਹੀ ਕਿਹਾ ਜਾ ਰਿਹਾ ਹੈ। ਡਾ.ਤੈਲਤੁੰਬੜੇ ਨੇ ਕਿਹਾ ਕਿ ਫ਼ਿਰਕੂ ਫਾਸ਼ੀਪੁਣੇ ਦੀ ਚੁਣੌਤੀ ਦਾ ਟਾਕਰਾ ਚੇਤਨ ਲੋਕ-ਸ਼ਕਤੀ ਨਾਲ ਕੀਤਾ ਜਾ ਸਕਦਾ ਹੈ। ਸਮਾਜ ਅੱਗੇ ਅਜੇਹਾ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਹੈ ਵੀ ਨਹੀਂ। ਉਹਨਾਂ ਕਿਹਾ ਕਿ ਮਹਾਤਮਾ ਗਾਂਧੀ ਨੂੰ ਜਿਵੇਂ ਮਹਾਤਮਾ ਅਤੇ ਅਹਿੰਸਾ ਦੇ ਪੁੰਜ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ, ਮੂੰਹ ਬੋਲਦੀ ਇਤਿਹਾਸਕ ਸਚਾਈ ਇਸ ਤੋਂ ਕੋਹਾਂ ਦੂਰ ਹੈ। ਮਹਾਤਮਾ ਗਾਂਧੀ ਨੇ ਬਰਤਾਨਵੀ ਸਾਮਰਾਜੀ ਹਿੱਤਾਂ ਦੀ ਪੂਰਤੀ ਕਰਦੀ ਹਿੰਸਕ ਜੰਗ ਦੇ ਹਿੱਤ ਵਿੱਚ ਪੂਰਾ ਯੋਗਦਾਨ ਪਾਇਆ। ਇਸ ਤਰ੍ਹਾਂ ਹੀ ਜਵਾਹਰ ਲਾਲ ਨਹਿਰੂ ਨੂੰ ਸਮਾਜਵਾਦ ਦੇ ਚਿੰਨ੍ਹ ਵਜੋਂ ਪੇਸ਼ ਕਰਨਾ ਵੀ ਇਤਿਹਾਸਕ ਹਕੀਕਤਾਂ ਨਾਲ ਮੇਲ ਨਹੀਂ ਖਾਂਦਾ। ਉਹਨਾਂ ਕਿਹਾ ਕਿ ਸੈਕੂਲੇਰਿਜ਼ਮ ਦਾ ਮਤਲਬ ਹੈ ਧਰਮ, ਕਰਮ ਦੀਆਂ ਗੱਲਾਂ ਜਾਤੀ, ਪਰਿਵਾਰਕ ਹੱਦਾਂ 'ਚ ਰਹਿੰਦੀਆਂ ਨੇ ਇਹਨਾਂ ਨੂੰ ਰਾਜ ਨਾਲ ਕਦਾਚਿਤ ਵੀ ਨਹੀਂ ਜੋੜਿਆ ਜਾਂਦਾ। ਸੰਵਿਧਾਨ 'ਚ ਸੈਕੂਲਰ ਸ਼ਬਦ ਹੈ ਹੀ ਨਹੀਂ। ਮੁਲਕ ਦੀਆਂ ਵੰਨ-ਸੁਵੰਨੀਆਂ ਹਾਕਮ ਪਾਰਟੀਆਂ, ਧਰਮ ਦੀ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤੋਂ ਕਰਦੀਆਂ ਹਨ।

**ਸੈਕੂਲੇਰਿਜ਼ਮ ਕਿੱਥੇ ਹੈ?**

ਉਹਨਾਂ ਕਿਹਾ ਕਿ ਮੋਦੀ ਸਰਕਾਰ ਕੋਲ ਲੋਕ-ਪੱਖੀ ਕੋਈ ਅਜੰਡਾ ਨਹੀਂ। ਅਖੌਤੀ ਰਾਸ਼ਟਰਵਾਦ ਅਤੇ ਦੇਸ਼-ਭਗਤੀ ਦੇ ਕੂੜ-ਪ੍ਰਚਾਰ ਸਹਾਰੇ ਦੂਜੀ ਵਾਰ ਗੱਦੀ 'ਤੇ ਬਿਰਾਜ਼ਮਾਨ ਹੋ ਕੇ ਇਹ ਹਕੂਮਤ ਲੋਕਾਂ ਲਈ ਹਿਟਲਰ-ਮਸੋਲੀਨੀ ਮਾਰਕਾ ਹੱਲਾ ਲੈ ਕੇ ਆ ਰਹੀ ਹੈ; ਜਿਸਦਾ ਸਿਰ ਜੋੜਕੇ ਹੀ ਮੁਕਾਬਲਾ ਕੀਤਾ ਜਾ ਸਕਦਾ ਹੈ। ਪ੍ਰੋ. ਆਨੰਦ ਤੈਲਤੁੰਬੜੇ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਪੁਸਤਕਾਂ ਦੇ ਸੈਟ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਆਖਦਿਆਂ ਚੇਤਨਾ ਕੈਂਪ ਦੇ ਮਨੋਰਥ ਦਾ ਖੁਲਾਸਾ ਕੀਤਾ। ਕਮੇਟੀ ਦੇ ਸਹਾਇਕ ਸਕੱਤਰ ਡਾ.ਪਰਮਿੰਦਰ ਸਿੰਘ ਨੇ ਕਿਹਾ ਕਿ ਵਰਤਮਾਨ ਸਮੇਂ ਅੰਦਰ ਸਿਰ 'ਤੇ ਖੜ੍ਹੇ ਫਾਸ਼ੀਵਾਦ ਦੇ ਹੱਲੇ ਦਾ ਵਿਆਪਕ ਜਨਤਕ ਸ਼ਮੂਲੀਅਤ ਨਾਲ ਕਿਵੇਂ ਟਾਕਰਾ ਕੀਤਾ ਜਾਵੇ ਇਸ 'ਤੇ ਅਮਲ ਕਰਨ ਦਾ ਸੰਜੀਦਾ ਆਧਾਰ ਸਿਰਜ ਰਹੀ ਹੈ, ਅੱਜ ਦੀ ਵਿਚਾਰ-ਚਰਚਾ। ਸਿਖਿਆਰਥੀਆਂ ਨੇ ਜਾਤ-ਪਾਤ, ਜਮਾਤ, ਜਮਾਤੀ ਅਤੇ ਸਮਾਜਕ ਸੰਗਰਾਮ, ਮੋਦੀ ਹਕੂਮਤ ਦੁਆਰਾ ਸਤਾ 'ਚ ਆਉਣ 'ਤੇ ਬਣੇ ਹਾਲਾਤ ਕਾਰਨ ਦਲਿਤ, ਮੁਸਲਮਾਨ, ਸਿੱਖ ਭਾਈਚਾਰੇ, ਤਰਕਸ਼ੀਲਾਂ, ਵਿ-ਗਆਨੀਆਂ, ਜਮਹੂਰੀ ਕਾਮਿਆਂ, ਲੇਖਕਾਂ, ਰੰਗ ਕਰਮੀਆਂ, ਬੁੱਧੀ-ਜੀਵੀਆਂ ਅਤੇ ਲੋਕ ਹੱਕਾਂ ਲਈ ਜੂਝਦੇ ਸੰਗਰਾਮੀਆਂ ਲਈ ਬਣੀਆਂ ਚੁਣੌਤੀ ਭਰੀਆਂ ਹਾਲਤਾਂ ਬਾਰੇ ਸੁਆਲ ਪੁੱਛੇ ਜਿਹਨਾਂ ਦਾ ਡਾ.ਤੈਲਤੁੰਬੜੇ ਨੇ ਬਹੁਤ ਹੀ ਸਾਰਥਕ ਜਵਾਬ ਦਿੱਤਾ।

ਸਿਖਿਆਰਥੀਆਂ ਨੂੰ ਸਨਮਾਨ-ਪੱਤਰਾਂ, ਪੁਸਤਕਾਂ ਅਤੇ 'ਗ਼ਦਰੀ ਗੂੰਜ' ਸੀ.ਡੀ. ਨਾਲ ਸਨਮਾਨਤ ਕੀਤਾ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨ-ਵੀਨਰ ਅਮੋਲਕ ਸਿੰਘ ਨੇ ਚੇਤਨਾ ਕੈਂਪ ਦਾ ਮੰਚ ਸੰਚਾਲਨ ਕੀਤਾ। ਸਿਖਿਆਰਥੀਆਂ ਨਾਲ ਖਚਾ-ਖਚ ਭਰੇ ਹਾਲ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਅੱਜ ਜਦੋਂ ਇੱਕ ਬੰਨੇ ਪੰਜਾਬ ਦੀ ਜੁਆਨੀ ਨੂੰ ਨਸ਼ਿਆਂ, ਲੜਾਈ-ਝਗੜੇ ਅਤੇ ਬਦੇਸ਼ਾਂ ਵੱਲ ਦੌੜਨ ਲਈ ਖਿੱਚਿਆ ਜਾ ਰਿਹਾ ਹੈ, ਅਜੇਹੇ ਹਾਲਾਤ ਅੰਦਰ ਪੰਜਾਬ ਭਰ ਤੋਂ ਚੜ੍ਹਦੀ ਉਮਰ ਦੇ ਮੁੰਡਿਆਂ-ਕੁੜੀਆਂ ਦਾ ਚੇਤਨਾ ਕੈਂਪ 'ਚ ਪੂਰੀ ਗਹਿਰ ਗੰਭੀਰਤਾ ਨਾਲ ਸ਼ਾਮਲ ਹੋਣਾ ਉਤਸ਼ਾਹਜਨਕ ਅਤੇ ਆਸ਼ਾ ਭਰਿਆ ਵਰਤਾਰਾ ਹੈ। ਕੈਂਪ ਦੀ ਸਮਾਪਤੀ 'ਤੇ ਕਮੇਟੀ ਦੇ ਪ੍ਰਧਾਨ ਕਾ. ਗੁਰਮੀਤ ਸਿੰਘ ਢੱਡਾ ਨੇ ਆਏ ਸਮੂਹ ਸਿਖਿਆਰਥੀਆਂ, ਪ੍ਰਬੰਧਕਾ, ਟਰੱਸਟੀਆਂ ਅਤੇ ਹੋਰਨਾਂ ਦਾ ਸਧਾਰਨ ਸ਼ਬਦਾਂ ਵਿੱਚ ਧੰਨਵਾਦ ਕੀਤਾ।

# ਐਡਵੋਕੇਟ ਸੰਤੋਖ ਲਾਲ ਵਿਰਦੀ ਦਾ ਬੇਟਾ ਜੱਜ ਇਨਸਾਨ ਅਤੇ ਸੁਖਪ੍ਰੀਤ ਕੌਰ ਜੱਜ ਬਿਨ੍ਹਾਂ ਦਾਜ-ਦਹੇਜ ਅਤੇ ਵਾਜੇ-ਗਾਜੇ ਦੇ ਸਾਦੇ ਢੰਗ ਨਾਲ ਵਿਆਹ-ਬੰਧਨ 'ਚ ਬੱਝੇ

**ਫਗਵਾੜਾ–** ਫ਼ਾਜਿਲਕਾ ਵਿਖੇ ਬਤੌਰ ਜੱਜ ਸੇਵਾ ਨਿਭਾ ਰਹੇ ਹਨ ਇਨਸਾਨ, ਦੀ ਸ਼ਾਦੀ ਸੁਖਪ੍ਰੀਤ ਕੌਰ, ਜੋ ਕਿ ਸੰਗਰੂਰ ਵਿਖੇ ਜੱਜ ਹਨ, ਨਾਲ ਬਿਨ੍ਹਾਂ ਦਾਜ- ਦਹੇਜ, ਬਿਨ੍ਹਾਂ ਕਿਸੇ ਰਸਮੋ-ਰਿਵਾਜ, ਬਿਨ੍ਹਾਂ ਕਿਸੇ ਵਾਜੇ-ਗਾਜੇ ਜਾਂ ਬਰਾਤ ਰੋਪੜ ਵਿਖੇ ਸੰਪਨ ਹੋਈ। ਜੱਜ ਸੁਖਪ੍ਰੀਤ ਕੌਰ ਦੇ ਪਿਤਾ ਪ੍ਰਿੰਸੀਪਲ ਗੋਰਮਿੰਟ ਕਾਲਜ ਰੋਪੜ ਡਾ: ਸੰਤ ਸੁਰਿੰਦਰਪਾਲ ਸਿੰਘ ਅਤੇ ਦਾਦਾ ਜੀ ਮਾਸਟਰ ਪਿਆਰਾ ਸਿੰਘ ਭੋਲਾ ਸਾਬਕਾ ਜ਼ਿਲਾ ਸਿੱਖਿਆ ਅਧਿਕਾਰੀ ਹਨ ਅਤੇ ਜੱਜ ਇਨਸਾਨ ਦੇ ਮਾਤਾ ਲੈਕਚਰਾਰ ਬੰਸੋ ਦੇਵੀ ਅਤੇ ਪਿਤਾ ਐਡਵੋਕੇਟ ਸੰਤੋਖ ਲਾਲ ਵਿਰਦੀ ਪ੍ਰਸਿੱਧ ਚਿੰਤਕ ਅਤੇ ਲੇਖਕ ਹਨ। ਜੱਜ ਇਨਸਾਨ ਦੇ ਭਰਾ ਜੱਜ ਮਾਨਵ ਅਤੇ ਭਰਜਾਈ ਜੱਜ ਡੇਜੀ ਵੀ ਜੱਜ ਹਨ। ਡਾ: ਸੰਤੋਖ ਲਾਲ ਵਿਰਦੀ ਦੇ ਵੱਡੇ ਸਪੁੱਤਰ ਜੱਜ ਮਾਨਵ ਅਤੇ ਜੱਜ ਡੇਜੀ ਵੀ ਕੁਝ ਸਮਾਂ ਪਹਿਲਾ ਸਧਾਰਨ ਢੰਗ ਨਾਲ ਬਿਨ੍ਹਾਂ ਕਿਸੇ ਰਸਮੋ-ਰਿਵਾਜ਼ ਦੇ ਵਿਆਹ ਬੰਧਨ ਵਿੱਚ ਬੱਝੇ ਸਨ। ਨਵ-ਵਿਆਹੀ ਜੋੜੀ ਨੂੰ ਜਸਟਿਸ ਐਸ.ਪੀ. ਬੰਗੜ, ਸ਼੍ਰੀ ਪ੍ਰਸ਼ੋਤਮ ਲਾਲ ਆਈ.ਏ.ਐਸ. ਡਾਇਰੈਕਟਰ ਇੰਡੀਅਨ ਡਿਫੈਂਸ ਸਰਵਿਸਜ਼, ਐਸ.ਆਰ. ਲੱਧੜ ਆਈ.ਏ.ਐਸ, ਖੁਸ਼ੀ ਰਾਮ ਆਈ.ਏ.ਐਸ., ਪ੍ਰੋਫੈਸਰ ਕਿਰਪਾਲ ਕਜ਼ਾਕ, ਪ੍ਰੋਫੈਸਰ ਦੀਪਕ ਜੱਖੂ, ਐਡੀਟਰ ਐਲ.ਆਰ. ਬਾਲੀ, ਡਾ: ਜਵਾਹਰ ਧੀਰ, ਕੇ.ਕੇ. ਸਰਦਾਨਾ ਉਦਯੋਗਪਤੀ, ਡਾ: ਸੁਮਨ, ਗਿਆਨ ਸਿੰਘ ਡੀ.ਪੀ.ਆਰ.ਓ., ਸਤਪਾਲ ਡਿਸਟ੍ਰਿਕਟ ਅਟਾਰਨੀ, ਪ੍ਰੋਫੈਸਰ ਹਰਭਜਨ ਗਿੱਲ, ਗੁਰਦੇਵ ਸਿੰਘ ਸਹੋਤਾ, ਬਲਦੇਵ ਰਾਜ ਕੋਮਲ, ਐਡਵੋਕੇਟ ਐਸ.ਐਨ. ਅਗਰਵਾਲ, ਐਡਵੋਕੇਟ ਹਿਮਾਂਸ਼ੂ, ਪ੍ਰਧਾਨ ਬਾਰ ਐਸੋਸੀਏਸ਼ਨ ਫਗਵਾੜਾ, ਪ੍ਰਸਿੱਧ ਪੱਤਰਕਾਰ ਟੀ.ਡੀ.ਚਾਵਲਾ, ਲੇਖਕ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਲੇਖਕ ਰਵਿੰਦਰ ਚੋਟ, ਸੁਖਵਿੰਦਰ ਸਿੰਘ ਪ੍ਰਧਾਨ ਸਰਬ ਨੌਜਵਾਨ ਸਭਾ ਅਤੇ ਮੈਂਬਰਾਨ ਗਾਇਕ ਮਨਮੀਤ ਮੇਵੀ, ਉਂਕਾਰ ਸਿੰਘ ਜਗਦੇਵ, ਹਰਵਿੰਦਰ ਸੈਣੀ, ਅਸ਼ੋਕ ਸੰਧੂ, ਬਾਬਾ ਸਾਹਿਬ ਅੰਬੇਦਕਰ ਸੁਸਾਇਟੀ (ਰਜਿ:), ਰੇਲ ਕੋਚ ਫੈਕਟਰੀ ਦੇ ਜਨਰਲ ਸਕੱਤਰ ਧਰਮਪਾਲ ਅਤੇ ਨਿਰਵੈਰ ਸਿੰਘ ਨੇ ਨਵ-ਵਿਆਹੀ ਜੋੜੀ ਨੂੰ ਵਧਾਈਆਂ ਦਿੱਤੀਆਂ ਤੇ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਜੀਅ ਆਇਆਂ ਆਖਿਆ ਅਤੇ ਆਸ਼ੀਰਵਾਦ ਦਿੱਤਾ। ਇਸ ਵਿਲੱਖਣ ਸ਼ਾਦੀ ਦੀ ਹਰ ਪਾਸੇ ਚਰਚਾ ਹੈ, ਕਿਉਂਕਿ ਫਗਵਾੜਾ ਦੇ ਇਸ 'ਜੱਜਾਂ ਦੇ ਪਰਿਵਾਰ' ਨੇ ਸਮਾਜ ਵਿੱਚ ਇੱਕ ਵੱਖਰੀ ਮਿਸਾਲ ਪੇਸ਼ ਕੀਤੀ ਹੈ।



# ਬਰਗਾੜੀ ਕਾਂਡ ਦੇ ਮੁੱਖ ਮੁਲਜ਼ਮ ਦੀ ਨਾਭਾ ਜੇਲ੍ਹ 'ਚ ਹੱਤਿਆ

**ਨਾਭਾ–** ਨਾਭਾ ਦੀ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦ ਬਰਗਾੜੀ ਕਾਂਡ ਦੇ ਮੁੱਖ ਮੁਲਜ਼ਮ ਅਤੇ ਡੇਰਾ ਸੱਚਾ ਸੌਦਾ ਪ੍ਰੇਮੀ ਮਹਿੰਦਰਪਾਲ ਬਿੱਟੂ (49) ਦੀ ਜੇਲ੍ਹ ਵਿੱਚ ਬੰਦ ਦੋ ਹੋਰ ਕੈਦੀਆਂ ਨੇ ਇੱਟਾਂ ਨਾਲ ਹਮਲਾ ਕਰ ਕੇ ਹੱਤਿਆ ਕਰ ਦਿੱਤੀ। ਇਹ ਘਟਨਾ ਅੱਜ ਸ਼ਾਮ ਸਵਾ ਪੰਜ ਵਜੇ ਦੇ ਕਰੀਬ ਵਾਪਰੀ। ਬਿੱਟੂ ਨੂੰ ਤੁਰੰਤ ਨਾਭਾ ਦੇ ਸਿਵਲ




ਹਸਪਤਾਲ ਲੈ ਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਜਾਣਕਾਰੀ ਅਨੁਸਾਰ ਨਵੀਂ ਜ਼ਿਲ੍ਹਾ ਜੇਲ੍ਹ ਅੰਦਰ ਉਸਾਰੀ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ ਜੇਲ੍ਹ ਵਿੱਚ ਕਤਲ ਦੇ ਦੋਸ਼ ਹੇਠ ਸਜ਼ਾ ਕੱਟ ਰਹੇ ਕੈਦੀ ਗੁਰਸੇਵਕ ਸਿੰਘ ਵਾਸੀ ਪਿੰਡ ਝਿਊਰ ਮਾਜਰਾ (ਸੁਹਾਣਾ) ਤੇ ਮਨਿੰਦਰ ਸਿੰਘ ਵਾਸੀ ਪਿੰਡ ਭਗੜਾਣਾ ਥਾਣਾ ਬਡਾਲੀ ਆਲਾ ਸਿੰਘ ਨੇ ਬੇਅਦਬੀ ਦੀਆਂ ਘਟਨਾਵਾਂ ਦੇ ਰੋਸ ਵਜੋਂ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ 'ਤੇ ਇੱਟਾਂ ਨਾਲ ਹਮਲਾ ਕਰ ਦਿੱਤਾ।

ਕੁੱਝ ਹੋਰ ਸੂਤਰਾਂ ਅਨੁਸਾਰ ਹਮਲੇ ਵਿੱਚ ਲੋਹੇ ਦੀਆਂ ਰਾਡਾਂ ਦੀ ਵਰਤੋਂ ਕੀਤੀ ਗਈ ਹੈ। ਇਹ ਰਾਡਾਂ ਹਮਲਾਵਰਾਂ ਨੇ ਉਸਾਰੀ ਵਾਲੀ ਥਾਂ ਤੋਂ ਚੁੱਕੀਆਂ ਸਨ। ਹਮਲੇ ਵਿੱਚ ਬਿੱਟੂ ਗੰਭੀਰ ਜ਼ਖ਼ਮੀ ਹੋ ਗਿਆ ਤੇ ਉਸ ਦੇ ਸਿਰ ਵਿੱਚ ਡੂੰਘੀਆਂ ਸੱਟਾਂ ਲੱਗੀਆਂ।

# ਅੱਖਰ ਬੋਲਦੇ ਨੇ

ਊੜਾ- ਉਠੋ ਹੰਭਲਾ ਮਾਰੋ,
ਕਰਨ ਲਈ ਪੜ੍ਹਾਈ
ਐੜਾ ਕਹਿੰਦਾ ਆੜੀ ਬਣਨਾ,
ਕਰਨੀ ਨਾ ਲੜਾਈ।
ਈੜੀ ਕਹਿੰਦੀ ਏਕਤਾ 'ਚ ਰਹਿ ਕੇ,
ਦੱਬ ਕੇ ਕਰੋ ਪੜ੍ਹਾਈ।
ਸੱਸਾ ਕਹਿੰਦਾ ਸੋਹਣਾ ਲਿਖਣਾ,
ਕਰਨੀ ਸੁੰਦਰ ਲਿਖਾਈ।
ਹਾਹਾ ਕਹਿੰਦਾ ਹਰ ਦਮ ਮਿਹਨਤ ਕਰਕੇ,
ਹੋ ਜਾਓ ਹੁਸ਼ਿਆਰ।
ਕੱਕਾ ਕਹਿੰਦਾ ਕਹਿਣਾ ਮੰਨੋ,
ਰਹੋ ਨਾਲ ਪਿਆਰ।
ਖੱਖਾ ਕਹਿੰਦਾ ਖੇਡਣਾ ਜ਼ਰੂਰੀ,
ਪੜ੍ਹਾਈ ਦਾ ਕਰੋ ਸਤਿਕਾਰ।
ਗੱਗਾ ਕਹਿੰਦਾ ਗਾਉਣਾ ਸਿੱਖ ਲਓ,
ਲੱਗ ਜਾਊ ਮੌਜ ਬਹਾਰ।
ਘੱਗਾ ਕਹਿੰਦਾ ਘਾਹ ਨਾ ਖੋਤੋ,
ਚੁੱਕ ਲਓ ਕਲਮ ਦਵਾਤ।
ਚੱਚਾ ਕਹਿੰਦਾ ਚਾਹ ਨਾ ਪੀਵੋ,
ਇਹ ਕਿਹੜੀ ਸੁਗਾਤ।
ਛੱਛਾ ਕਹਿੰਦਾ ਛਾਹ ਵੇਲੇ ਲਈ,
ਲੱਸੀ ਸਿਹਤ ਦਾ ਰਾਜ਼।
ਜੱਜਾ ਕਹਿੰਦਾ ਜਾਓ ਪੜ੍ਹ ਕੇ ਬਣ ਜਾਓ,
ਪਾਇਲਟ ਵਿਚ ਜਹਾਜ਼।
ਝੱਜਾ ਕਹਿੰਦਾ ਝੱਲ ਕੇ ਮੁਸ਼ਕਿਲ,
ਜੀਵਨ ਲਓ ਸੁਆਰ।
ਟੈਂਕਾ ਕਹਿੰਦਾ ਟੌਹਰ ਬਣਾ ਲਓ,
ਪੜ੍ਹ ਕੇ ਅੱਖਰ ਚਾਰ।
ਠੱਠਾ ਕਹਿੰਦਾ ਠੱਗੀ ਤੋਂ ਬਚਣਾ,
ਨਸ਼ਿਆਂ ਨੂੰ ਦਿਓ ਵਿਸਾਰ।
ਡੱਡਾ ਕਹਿੰਦਾ ਡੀਕ ਲਾ ਕੇ,
ਪੀਓ ਜੂਸ ਅਨਾਰ।
ਢੱਡਾ ਕਹਿੰਦਾ ਢਾਹ ਨਾ ਸਕਣਗੇ,
ਨਾਮੀ ਪਹਿਲਵਾਨ।
ਤੱਤਾ ਕਹਿੰਦਾ ਤਾਂਘ ਨਹੀਂ ਰੱਖਣੀ,
ਨਾ ਲੈਣਾ ਅਹਿਸਾਨ।
ਥੱਥਾ ਕਹਿੰਦਾ ਥੰਮ ਜਾਏਗਾ,
ਜ਼ਿੰਦਗੀ ਵਿਚ ਤੂਫਾਨ।
ਦੱਦਾ ਕਹਿੰਦਾ ਦਇਆ ਕਰੋ,
ਵਿੱਦਿਆ ਦਾ ਕਰੋ ਦਾਨ।
ਧੱਦਾ ਕਹਿੰਦਾ ਧੀਰਜ ਰੱਖੋ,
ਵਧੀਆ ਬਣੋ ਇਨਸਾਨ।
ਨੱਨਾ ਕਹਿੰਦਾ ਨਕਲ ਨਾ ਮਾਰੋ,
ਜੇ ਬਣਨਾ ਮਹਾਨ।
ਪੱਪਾ ਕਹਿੰਦਾ ਪਾ ਲਓ ਬੱਚਿਓ,
ਇਹ ਵਿੱਦਿਆ ਦਾ ਕਹਿਣਾ।
ਫੱਫਾ ਕਹਿੰਦਾ ਫੇਲ ਨਾ ਹੋਇਓ,
ਪਹਿਲੇ ਨੰਬਰ ਤੇ ਰਹਿਣਾ।
ਬੱਬਾ ਕਹਿੰਦਾ ਬਿਮਾਰੀ ਤੋਂ ਬਚੋ,
ਤਨ ਦੀ ਕਰੋ ਸਫਾਈ।
ਭੱਬਾ ਕਹਿੰਦਾ ਭਲਾ ਕਰੋ,
ਕਦੇ ਨਾ ਕਰੋ ਬੁਰਾਈ।
ਮੱਮਾ ਕਹਿੰਦਾ ਮਾਂ ਦੀ ਪੂਜਾ,
ਕਰੇ ਕੁੱਲ ਲੁਕਾਈ।
ਯਈਆ ਕਹਿੰਦਾ ਯਾਰੋ ਹਲਕੇ,
ਖੇਡੋ ਛੂਣ ਛੁਹਾਈ।
ਰਾਰਾ ਕਹਿੰਦਾ ਰਲ ਮਿਲ ਰਹਿਣਾ,
ਕਰਨੀ ਖੂਬ ਕਮਾਈ।
ਲੱਲਾ ਕਹਿੰਦਾ ਲਾਲ ਟਮਾਟਰ,
ਚਿਹਰੇ ਤੇ ਲਿਆਣ ਸਰੂਰ।
ਵਾਵਾ ਕਹਿੰਦਾ ਵਾਹਿਗੁਰੂ ਨੂੰ,
ਜੰਡਾ ਕਰਨਾ ਯਾਦ ਜ਼ਰੂਰੀ।

**– ਮਨਜੀਤ ਕੌਰ**



# ਕੱਚੀਆਂ ਕੰਧੋਲੀਆਂ

1. ਸਾਡੇ ਘਰਾਂ ਦੀਆਂ ਕੱਚੀਆਂ ਕੰਧੋਲੀਆਂ
ਤੇਰੇ ਮਹਿਲਾਂ ਦੀ ਅੰਬਰਾਂ 'ਚ ਛਾਂ
ਜਾ ਬੀਬਾ
ਪਿਆਰ ਸਾਡੇ ਪੁਗਣੇ ਹੀ ਨਾ
2. ਬਾਬੁਲ ਮੇਰੇ ਦੇ ਹੱਥੀਂ ਕੰਮ ਅੱਟਣਾ
ਰਹਿੰਦੀ ਰੋਟੀ ਦਿਆਂ ਫ਼ਿਕਰਾਂ 'ਚ ਮਾਂ
ਨੀ ਰੱਜੀਏ
ਸਾਡਾ ਢਿੱਡ ਕਦੇ ਰੱਜਦਾ ਹੀ ਨਾ
3. ਪੈਰਾਂ 'ਚ ਠਿੱਬੀਆਂ ਮੰਗਵੀਆਂ ਜੱਗ ਤੋਂ
ਭਿੱਟੀ ਚਮੜੀ ਲਗਾਂਰਾਂ ਕੀਤੀ ਛਾਂ
ਨੀ ਕੱਜੀਏ
ਕਿਸੇ ਸਾਡੇ ਨੰਗੇਜ਼ ਕੱਜੇ ਨਾ
4. ਸਾਨੂੰ ਤਾਂ ਦੁਨੀਆਂ ਦੁਰਕਾਰੇ ਨਿਤ ਹੀ
ਦਮ ਕਿੰਝ ਤੇਰੇ ਪਿਆਰ ਦਾ ਭਰਾਂ
ਨੀ ਪੁੱਜੀਏ
ਸਾਡੀ ਭਿੱਟ ਦਿੰਦੀ ਜੱਗੜੇ ਨੂੰ ਛਾਂ
5. ਸਾਡੇ ਹਿੱਸੇ ਦਾ ਰੱਬ ਵੀ ਨੀ ਮਿਲਿਆ
ਸਾਡੀ ਮੰਦਰਾਂ ਦੇ ਬਾਹਰ ਲਿਖੀ ਥਾਂ
ਨੀ ਮੰਨੀਏ
ਤੈਨੂੰ ਇਹਤੋਂ ਵੱਧ ਹੋਰ ਕੀ ਕਹਾਂ
6. ਸਾਡੇ ਮੱਥੇ 'ਚ ਲਕੀਰ ਨਹੀਂ ਭਾਗ ਦੀ
ਸਾਡੀ ਦੁਰਕਾਰਾਂ ਹਯਾਤੀ ਲਿਖੀ ਨਾਂ
ਨੀ ਸੁਭਾਗੀਏ
ਨਾ ਭਾਗ ਕਿਸੇ ਕੱਜੀਏ 'ਚ ਪਾ
7. ਗੁਰਬਿੰਦਰ ਜੇ ਲੱਖਾਂ ਤੇਰੇ ਦਰ ਚਾਕਰੀ
ਨਾ ਇੱਟ ਖੂਹ ਦੀ ਚੁਬਾਰਿਆਂ ਨੂੰ ਲਾ
ਨੀ ਛਿੰਦੀਏ
ਪਿਆਰ ਤੇਰਾ ਮੇਰਾ ਪੁੱਗਣਾ ਹੀ ਨਾ
ਜਾ ਬੀਬਾ
ਪਿਆਰ ਮੇਰਿਆਂ ਨਸੀਬਾਂ ਵਿੱਚ ਨਾ

# ਬਰੋਟੜੇ ਦੀ ਛਾਂ

ਕਿੱਕਰਾਂ ਵੀ ਲੰਘ ਆ
ਬੇਰੀਆਂ ਵੀ ਲੰਘ ਆ
ਲੰਘ ਝਾੜੀਆਂ ਕਰੀਰਾਂ ਦੀਆਂ ਆ
ਵੇ ਉੱਥੇ ਬੈਠੀ ਮੈਂ ਡੀਕਾਂ
ਜਿੱਥੇ ਬੁੱਢੇ ਜੇ ਬਰੋਟੜੇ ਦੀ ਛਾਂ
ਪਿੰਡੋਂ ਬਾਹਰ ਗੀਰਿਆਂ ਦੇ
ਪਾਲੋ ਪਾਲੀ ਪਿੜ ਵੇ
ਮੈਣਾਂ ਚਾਰਾ ਗੁੱੜਤੇ ਤੇ
ਗਜੋ ਗਜ ਤਿੜ ਵੇ
ਜਿੱਥੇ ਮੱਝਾਂ ਗਾਵਾਂ ਚਰਦੀਆਂ ਘਾਹ
ਵੇ ਉੱਥੇ ਬੈਠੀ ਮੈਂ ਡੀਕਾਂ
ਜਿੱਥੇ ਬੁੱਢੇ ਜੇ ਬਰੋਟੜੇ ਦੀ ਛਾਂ
ਅੱਕਾਂ ਢੱਕਾਂ ਦੀਆਂ ਪਾਲਾ ਜਿੱਥੇ

ਪੋਹਲੀਆਂ ਦੇ ਪੋਰ ਵੇ
ਇਕ ਪਾਸੇ ਪੁੱਠਕੰਡੇ ਕਾਈ
ਤੇ ਦੂਜੇ ਪਾਸੇ ਸ਼ੌਰ ਵੇ
ਜਾਵੇ ਵਿਚੋ ਵਿਚ ਪਸਰਦਾ ਰਾਹ
ਵੇ ਉੱਥੇ ਬੈਠੀ ਮੈਂ ਡੀਕਾਂ
ਜਿੱਥੇ ਬੁੱਢੇ ਜੇ ਬਰੋਟੜੇ ਦੀ ਛਾਂ
ਹਾਲੀਆਂ ਦੇ ਸ਼ੁਰੂ ਹੁੰਦੇ
ਜਿੱਥੇ ਜਾ ਕੇ ਹਲ ਵੇ
ਪੌਣਾਂ ਤੇ ਸੁਗੰਧਾਂ ਜਿੱਥੇ
ਲੱਗ ਜਾਣ ਗਲ ਵੇ
ਵਾਂਗ ਇਹਨਾਂ ਦੇ ਕਲੇਜੜੇ ਨੂੰ ਲਾ
ਵੇ ਉੱਥੇ ਬੈਠੀ ਮੈਂ ਡੀਕਾਂ
ਜਿੱਥੇ ਬੁੱਢੇ ਜੇ ਬਰੋਟੜੇ ਦੀ ਛਾਂ
ਜੱਗ ਦੀਆਂ ਨਜ਼ਰਾਂ ਤੋਂ
ਬਚ ਬਚ ਆਈ ਵੇ
ਅੱਲ੍ਹੜਾਂ ਦੀ ਸੰਗ ਚੰਨਾ
ਜੱਗ ਤੋਂ ਬਚਾਈ ਵੇ
ਗੁਰਬਿੰਦਰਾ ਅਸਾਂ ਨੂੰ ਤੇਰਾ ਚਾਅ
ਵੇ ਉੱਥੇ ਬੈਠੀ ਮੈਂ ਡੀਕਾਂ
ਜਿੱਥੇ ਬੁੱਢੇ ਜੇ ਬਰੋਟੜੇ ਦੀ ਛਾਂ

**– ਗੁਰਬਿੰਦਰ**



# ਜ਼ਿੰਦਗੀ

ਕੀ ਕੁਝ ਕਰਨਾ ਬੰਦਿਆ ਇੱਥੇ ਸਭ ਕੁਝ ਹੱਥ ਵੱਸ ਤੇਰੇ
ਨਾ ਪਵੇ ਮੁਸੀਬਤ ਸਿਰ 'ਤੇ ਜਾਂਦਾ ਰਹਿ ਤੂੰ ਗੁਰਾਂ ਦੇ ਡੇਰੇ
ਉਹਦੇ ਘਰ ਕੋਈ ਘਾਟਾ ਨਹੀਂ ਬੱਸ ਬਹਿ ਕੇ ਦੁੱਖ ਫਰੋਲੀ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ, ਇਹਨੂੰ ਮਿੱਟੀ ਵਿਚ ਨਾ ਰੋਲੀਂ ..

ਜਾਤ ਕਿਸੇ ਨਾ ਪੁੱਛਣੀ ਉਥੇ ਅਮਲਾਂ ਦੇ ਹੋਣ ਨਿਬੇੜੇ
ਕਰਮ ਕਮਾ ਕੇ ਮਾੜੇ ਬੰਦਿਆ ਕਿਉਂ ਤੂੰ ਆਪੇ ਰੋਗ ਸਹੇੜੇ
ਦੁਸ਼ਟ ਦਮਨ ਦਾ ਚੱਕਰ ਚੱਲਣਾ ਕਦੇ ਕੁਫਰ ਨਾ ਤੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ......

ਕੀ ਮੁਨਿਆਦ ਹੈ ਬੰਦਿਆ ਤੇਰੀ ਇਕ ਦਿਨ ਹੋਣਾ ਢੇਰੀ
ਰੁੱਸੇ ਰੱਬ ਨੇ ਕੀ ਫਿਰ ਮੰਨਣਾ ਜਦ ਫੜ ਕੇ ਮਾਲਾ ਫੇਰੀ
ਲੜ ਲੱਗ ਜਾ ਬਾਣੀ ਦੇ ਨਾ ਤੂੰ ਮੰਦਾ ਕਿਸੇ ਨੂੰ ਬੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ ......

ਆਇਆ ਖਾਲੀ ਜਾਣਾ ਖਾਲੀ ਕੀ ਕੁਝ ਕਰਦਾ ਫਿਰਦਾ
ਮੋਹ ਮਾਇਆ ਹੰਕਾਰ ਕਰੇਂ
ਤੂੰ ਥਾਂ-ਥਾਂ ਲੜਦਾ ਫਿਰਦਾ
ਬੱਸ 'ਦੇਵ ਘੋਲੀਏ' ਵਾਲਿਆ
ਸੱਚੇ ਸਤਿਗੁਰ ਦਾ ਦਰ ਟੋਲੀਂ
ਤੈਨੂੰ ਰੱਬ ਨੇ ਦਿੱਤੀ ਜ਼ਿੰਦਗੀ
ਇਹਨੂੰ ਮਿੱਟੀ ਵਿਚ ਨਾ ਰੋਲੀਂ।



**– ਦੇਵ ਘੋਲੀਆ ਖੁਰਦ**
**(ਫਰਿਜ਼ਨੋ)**
**559-232-7764**

# ਗ਼ਜ਼ਲ

ਕੁਝ ਵਕਤ ਲਈ ਭਰਮ ਜਾ ਬਣਾਕੇ ਜਿਉਣਾ ਪਿਆ
ਆਖਿਰ ਟੁੱਟਦੀ ਸ਼ਾਖ ਤੇ ਆਲਣਾ ਸਜਾਉਣਾ ਪਿਆ।

ਨਾ ਕਿਨਾਰਿਆਂ ਦੀ ਤਾਘ ਸੀ, ਨਾ ਪਾਰ ਜਾਣ ਦਾ ਫ਼ਿਕਰ,
ਨਦੀ ਦੇ ਮੋਹ ਚ ਭਿਜੇ ਹੋਏ ਵੀ ਚੱਪੂ ਚਲਾਉਣਾ ਪਿਆ।

ਸਾਡੀ ਨਿਮਰਤਾ ਸੀ, ਕਿਸੇ ਨੂੰ ਉਚਾ ਜਾਣ ਦੀ ਕਾਹਲੀ,
ਸਾਡਾ ਸਿਦਕ ਸੀ ਕਿ ਖੁਦ ਨੂੰ ਪੌੜੀ ਬਣਾਉਣਾ ਪਿਆ।

ਮਹਿਫ਼ਲ ਸੀ ਕਿ ਮਿੱਤਰਾਂ ਦੀ ਨਰਾਜ਼ਗੀ ਦੂਰ ਕਰਨੀ,
ਗਮ ਛੁਪਾਕੇ ਲਤੀਫ਼ਾ ਸੁਣਾਕੇ ਮੁਸਕਰਾਉਣਾ ਪਿਆ।

ਰਿਜ਼ਕ ਦਾ ਸਵਾਲ ਸੀ ਦਹਿਲੀਜ਼ਾਂ ਨੂੰ ਵਿਦਾ ਆਖਿਆ,
ਰਿਸ਼ਤਿਆਂ ਦੀ ਫੋਟੋ ਨੂੰ ਯਾਦਾਂ ਦੇ ਫਰੇਮ ਜੜਾਉਣਾ ਪਿਆ।

ਸੇਖੋਂ ਉਹਨਾ ਦੀ ਪਹੁੰਚ ਵੱਡੀ, ਸਾਨੂੰ ਰੁਜ਼ਗਾਰ ਦੀ ਚਿੰਤਾ,
ਦਿਲ ਦੇ ਕਰੀਬੀ ਸੱਜਣਾਂ ਤੋਂ ਫ਼ਾਸਲਾ ਬਣਾਉਣਾ ਪਿਆ।



**– ਗੁਰਦਿੱਤ ਸਿੰਘ ਸੇਖੋਂ**
**91-97811-72781**

# Mr. Shammi Rana, Rapporteur, Advisory Committee Member of Traditional Sports & Games,UNESCO met U.S. Congressman Terrance John Cox

A meeting was held in Delano California, USA, between high-profile members of UNESCO i.e. Mr. Shammi Rana, Rapporteur Traditional Sports and Games (TSG)along with Mr. Hari, the member Advisory Committee of Traditional Sports and Games (TSG), UNESCO and Terrance John Cox U.S Representative from California's 21st Congressional The district along with Mayor of Delano, USA Mr. Joe Aguirre.

Mr. Shammi Rana has been the pinnacle of sports promotion, which has landed him USA martial arts Hall of Fame award. Not long ago, he was honored with Honorary Doctorate of Martial Arts Philosophy and Martial Arts Science by University of Asian Martial Arts Studies, in May 2019.



Mr. Shammi Rana, who was appointed Rapporteur of Advisory Committee of Traditional Sports and Games, in 2017, has held memberships in 10 martial arts organizations in Asia. For over 20 years, he has worked with several state VIPs to advance sports to the next level.

As a part of internationally governing associations, Mr. Shammi Rana, vice president of International Association of Traditional Wrestling Sport highlighted on promoting Korean martial arts in none other than his hometown of Punjab. His influence as a promoter of sports has been recognized globally owing to his professional career and tireless efforts. In the meeting that took place in Delano CA, USA, Mr. Hari Osias Banaag, the president of Global Sikaran Federation raised his concern with the Congressman Terrance John Cox, a politician in the U.S. and a member of Democratic party, on establishing PAN America Traditional Sports and Games HQ in Delano, CA.

Mr. Hari, member Advisory Committee of Traditional Sports and Games UNESCO further added that PAN America Traditional Sports and Games HQ would bring Delano, CA on the world map.

This meeting unveiled Mr. Hari's desire to host Traditional Sports and Games, UNESCO meeting with the support of Mr. Joe Aguirre, Mayor of Delano. Both the parties reached an agreement to discuss the matter in detail in another meeting.

Mr. Hari and Mr. Shammi Rana briefed Terrance John Cox and Mayor of Delano city, Mr. Joe Aguirre about the collaboration of Council of Ministers of Central America (CECC/SICA) with Advisory Committee on Traditional Sports and Games (TSG). It was further added by the members of the Advisory committee of TSG that the Mexican and Canadian government along with their ministers and representatives are keen to join hands with TSG.

UNESCO works as an implementation agency of the United Nation (UN) and is responsible for the growth of sports in the Pan-American region with possible support of USA government.

UNESCO is taking every possible measure to spur traditional sports and games on a global level while Mr. Shammi Rana along with other members of UNESCO, demonstrate exceptional profile-raising skills in order to attract presidents and ministers for the common cause of promoting UNESCO objectives.

# ਪਿੰਡਾਂ ਅਤੇ ਕਿਸਾਨਾਂ ਵਿੱਚੋਂ ਆਪਣਾ ਅਧਾਰ ਗੁਆ ਰਿਹਾ ਅਕਾਲੀ ਦਲ



ਗੁਰਮੀਤ ਪਲਾਹੀ
91-98158-02070

**ਅਕਾਲੀ ਦਲ ਕਦੇ ਪੰਜਾਬ ਦੇ ਲੋਕਾਂ ਦੀ ਹਰਮਨ ਪਿਆਰੀ ਪਾਰਟੀ ਬਨਣ ਦਾ ਮਾਣ ਪ੍ਰਾਪਤ ਕਰਦਾ ਰਿਹਾ। ਕਾਰਨ ਸੀ ਉਸਦੀ ਮੁੱਦਿਆਂ ਲਈ ਲੜਾਈ। ਪੰਜਾਬ ਦੇ ਪਾਣੀਆਂ ਲਈ ਲੜਾਈ। ਪੰਜਾਬੀ ਬੋਲੀ ਲਈ ਅਤੇ ਪੰਜਾਬੀ ਸੂਬੇ ਲਈ ਸੰਘਰਸ਼। ਐਮਰਜੈਂਸੀ ਦੌਰਾਨ ਲੋਕ ਹੱਕਾਂ ਲਈ ਲੜਾਈ ਕਾਰਨ ਅਕਾਲੀ ਦਲ ਦੇਸ਼ ਭਰ 'ਚ ਚਰਚਿਤ ਹੋਇਆ। ਸਾਲ 1920 'ਚ ਪੰਥਕ ਨੇਤਾਵਾਂ ਵਲੋਂ ਬਣਾਇਆ ਗਿਆ ਸ਼੍ਰੋਮਣੀ ਅਕਾਲੀ ਦਲ, ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਸਿਆਸੀ ਧਿਰ ਬਣਿਆ, ਜਿਸਦੇ ਪਹਿਲੇ ਪ੍ਰਧਾਨ ਸਰਮੁਖ ਸਿੰਘ ਝੁਬਾਲ ਸਨ, ਪਰ ਮਾਸਟਰ ਤਾਰਾ ਸਿੰਘ ਨੇ ਪੰਥਕ ਸਰਗਰਮੀਆਂ ਨਾਲ ਇਸ ਨੂੰ ਬੁਲੰਦੀਆਂ ਉਤੇ ਪਹੁੰਚ-**

ਅਕਾਲੀ ਦਲ ਹੁਣ ਸ਼੍ਰੋਮਣੀ ਅਕਾਲੀ ਦਲ ਨਹੀਂ ਰਿਹਾ। ਸਿਰਫ ਬਾਦਲ ਅਕਾਲੀ ਦਲ ਬਣ ਗਿਆ ਹੈ। ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਸਦੀ ਪਤਨੀ ਹਰਸਿਮਰਤ ਕੌਰ ਬਾਦਲ ਦੀ ਜਿੱਤ ਅਤੇ ਇਸ ਅਕਾਲੀ ਦਲ ਵਲੋਂ ਪੰਜਾਬ ਵਿੱਚ ਖੜੇ ਕੀਤੇ ਗਏ ਹੋਰ ਅੱਠ ਉਮੀਦਵਾਰਾਂ ਦੀ ਹਾਰ, ਕੀ ਇਹ ਸਿੱਧ ਨਹੀਂ ਕਰਦੀ ਕਿ ਇਸ ਅਕਾਲੀ ਦਲ ਦੀ ਉੱਚ ਲੀਡਰਸ਼ਿਪ ਨੇ ਆਪਣੀ ਜਿੱਤ ਪੱਕੀ ਕਰਨ ਵੱਲ ਤਾਂ ਪੂਰੀ ਤਵੱਜੋ ਦਿੱਤੀ ਸਮੇਤ ਪਰਿਵਾਰ ਦੇ ਵੱਡੇ ਬਜ਼ੁਰਗ ਪ੍ਰਕਾਸ਼ ਸਿੰਘ ਬਾਦਲ ਦੇ, ਪਰ ਬਾਕੀ ਉਮੀਦਵਾਰਾਂ ਨੂੰ ਆਪੋ-ਆਪਣੇ ਰਹਿਮੋ ਕਰਮ ਉਤੇ ਛੱਡ ਦਿੱਤਾ। ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ (ਆਨੰਦਪੁਰ ਸਾਹਿਬ), ਬੀਬੀ ਜਗੀਰ ਕੌਰ (ਖਡੂਰ ਸਾਹਿਬ), ਚਰਨਜੀਤ ਸਿੰਗ ਅਟਵਾਲ(ਜਲੰਧਰ), ਮਹੇਸ਼ ਇੰਦਰਸਿੰਘ ਗਰੇਵਾਲ(ਲੁਧਿਆਣਾ), ਦਰਬਾਰਾ ਸਿੰਘ ਗੁਰੂ (ਫਤਿਹਗੜ੍ਹ ਸਾਹਿਬ), ਗੁਲਜਾਰ ਸਿੰਘ ਰਣੀਕੇ (ਫਰੀਦਕੋਟ), ਪਰਮਿੰਦਰ ਸਿੰਘ ਢੀਂਡਸਾ(ਸੰਗਰੂਰ), ਸੁਰਜੀਤ ਸਿੰਘ ਰੱਖੜਾ(ਪਟਿਆਲਾ) ਜੋ ਅਕਾਲੀ ਦਲ ਦੀ ਉੱਚ ਲੀਡਰਸ਼ਿਪ ਦੇ ਮੈਂਬਰ ਹਨ, ਚੋਣਾਂ 'ਚ ਕਾਂਗਰਸ ਹੱਥੋਂ ਬੁਰੀ ਤਰ੍ਹਾਂ ਮਾਤ ਖਾ ਗਏ। ਇਥੇ ਹੀ ਬੱਸ ਨਹੀਂ ਕਾਂਗਰਸ ਵਲੋਂ ਅਕਾਲੀ ਦਲ ਦੇ ਪੱਕੇ ਪੁਰਾਣੇ ਪੇਂਡੂ ਵੋਟ ਬੈਂਕ ਵਿੱਚ ਸੰਨ੍ਹ ਲਾ ਲਈ ਗਈ ਅਤੇ ਪੇਂਡੂ ਖੇਤਰਾਂ ਵਿੱਚ ਅਕਾਲੀ ਦਲ ਦੇ ਵੱਡੇ ਵੋਟ ਬੈਂਕ ਨੂੰ ਖੋਰਾ ਲੱਗਿਆ। ਉਹ ਪੇਂਡੂ ਅਤੇ ਖਾਸ ਕਰਕੇ ਪੇਂਡੂ ਕਿਸਾਨ ਜਿਹੜੇ ਕਦੇ ਕਾਂਗਰਸ ਤੋਂ ਨੱਕ ਬੁਲ੍ਹ ਵੱਟਦੇ ਸਨ, ਉਹ ਅਕਾਲੀ ਦਲ ਨਾਲ ਕਿਸੇ ਨਾ ਕਿਸੇ ਵਜਹ ਕਾਰਨ ਨਾਰਾਜ਼ ਹੋਕੇ, ਉਸਨੂੰ ਸਬਕ ਸਿਖਾਉਣ ਦੇ ਰਾਹ ਤੁਰ ਪਏ। ਉਹ ਅਕਾਲੀ ਦਲ ਜਿਸ ਦਾ ਮੁੱਖ ਅਧਾਰ ਸਿੱਖ ਅਤੇ ਕਿਸਾਨੀ ਰਿਹਾ ਹੈ, ਉਸਨੇ ਪਹਿਲਾਂ ਵਿਧਾਨ ਸਭਾ ਦੀ 2017 ਚੋਣ ਵੇਲੇ ਅਕਾਲੀ ਦਲ ਨੂੰ ਸਬਕ ਸਿਖਾਇਆ ਅਤੇ ਬਾਵਜੂਦ ਇਸ ਗੱਲ ਦੇ ਕਿ 2019 ਤੱਕ ਕਾਂਗਰਸੀ ਸਰਕਾਰ ਤੋਂ ਕੁਝ ਵੀ ਨਾ ਕਰਨ ਦੀ ਨਰਾਜ਼ਗੀ ਹੋਣ ਦੇ ਵੀ ਅਕਾਲੀ ਦਲ ਨੂੰ ਨਹੀਂ ਸਗੋਂ ਕਾਂਗਰਸ ਨੂੰ ਵੋਟ ਪਾਉਣ ਨੂੰ ਹੀ ਤਰਜ਼ੀਹ ਦਿਤੀ, ਹਾਲਾਂਕਿ ਪੰਜਾਬ ਦੇ ਵੋਟਰਾਂ ਕੋਲ ਦੂਜੀਆਂ ਹੋਰ ਪਾਰਟੀਆਂ- ਬਸਪਾ, ਪੀਡੀਏ, ਆਮ ਆਦਮੀ ਪਾਰਟੀ, ਕਮਿਊਨਿਸਟ ਪਾਰਟੀਆਂ ਨੂੰ ਵੋਟ ਦੇਣ ਦਾ ਬਦਲ ਵੀ ਸੀ।

ਅਕਾਲੀ ਦਲ ਕਦੇ ਪੰਜਾਬ ਦੇ ਲੋਕਾਂ ਦੀ ਹਰਮਨ ਪਿਆਰੀ ਪਾਰਟੀ ਬਨਣ ਦਾ ਮਾਣ ਪ੍ਰਾਪਤ ਕਰਦਾ ਰਿਹਾ। ਕਾਰਨ ਸੀ ਉਸਦੀ ਮੁੱਦਿਆਂ ਲਈ ਲੜਾਈ। ਪੰਜਾਬ ਦੇ ਪਾਣੀਆਂ ਲਈ ਲੜਾਈ। ਪੰਜਾਬੀ ਬੋਲੀ ਲਈ ਅਤੇ ਪੰਜਾਬੀ ਸੂਬੇ ਲਈ ਸੰਘਰਸ਼। ਐਮਰਜੈਂਸੀ ਦੌਰਾਨ ਲੋਕ ਹੱਕਾਂ ਲਈ ਲੜਾਈ ਕਾਰਨ ਅਕਾਲੀ ਦਲ ਦੇਸ਼ ਭਰ 'ਚ ਚਰਚਿਤ ਹੋਇਆ। ਸਾਲ 1920 'ਚ ਪੰਥਕ ਨੇਤਾਵਾਂ ਵਲੋਂ ਬਣਾਇਆ ਗਿਆ ਸ਼੍ਰੋਮਣੀ ਅਕਾਲੀ ਦਲ, ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਸਿਆਸੀ ਧਿਰ ਬਣਿਆ, ਜਿਸਦੇ ਪਹਿਲੇ ਪ੍ਰਧਾਨ ਸਰਮੁਖ ਸਿੰਘ ਝੁਬਾਲ ਸਨ, ਪਰ ਮਾਸਟਰ ਤਾਰਾ ਸਿੰਘ ਨੇ ਪੰਥਕ ਸਰਗਰਮੀਆਂ ਨਾਲ ਇਸ ਨੂੰ ਬੁਲੰਦੀਆਂ ਉਤੇ ਪਹੁੰਚਾਇਆ। ਸਾਲ 1937 ਦੀਆਂ ਪ੍ਰੋਵਿੰਸ਼ਿਅਲ ਚੋਣਾਂ 'ਚ ਅਕਾਲੀ ਦਲ ਨੇ 10 ਸੀਟਾਂ ਜਿੱਤੀਆਂ ਅਤੇ ਸਿੰਕਦਰ ਹਿਆਤ ਖਾਨ ਦੀ ਵਜ਼ਾਰਤ ਵੇਲੇ ਵਿਰੋਧੀ ਧਿਰ ਵਜੋਂ ਭੂਮਿਕਾ ਨਿਭਾਈ ਪਰ ਸਾਲ 1946 'ਚ 22 ਸੀਟਾਂ ਜਿੱਤਕੇ ਉਹ ਖਿਜ਼ਾਰ ਹਿਆਤ ਖਾਨ ਵਲੋਂ ਬਣਾਈ ਕੁਲੀਸ਼ਨ ਵਜ਼ਾਰਤ ਦਾ ਹਿੱਸਾ ਬਣਿਆ। ਸਾਲ 1950 'ਚ ਪੰਜਾਬੀ ਸੂਬਾ ਮੂਵਮੈਂਟ ਸ਼ੁਰੂ ਕਰਕੇ, ਪੰਜਾਬੀ ਬੋਲਦੇ ਇਲਾਕਿਆਂ ਲਈ ਵੱਖਰੇ ਸੂਬੇ ਦੀ ਮੰਗ ਕੀਤੀ। ਮੋਰਚਾ ਲਾਇਆ ਅਤੇ 1966 ਵਿੱਚ ਪੰਜਾਬੀ ਸੂਬੇ ਦੀ ਪ੍ਰਾਪਤੀ ਇਸ ਮੋਰਚੇ ਕਾਰਨ ਹੀ ਸੰਭਵ ਹੋ ਸਕੀ। ਸਾਲ 1920 'ਚ ਬਣੇ ਸ਼੍ਰੋਮਣੀ ਅਕਾਲੀ ਦਲ ਵਿੱਚ ਸਮੇਂ ਸਮੇਂ ਟੁੱਟ ਭੱਜ ਹੋਈ, ਕਈ ਅਕਾਲੀ ਦਲ ਇਸ ਵਿਚੋਂ ਬਾਹਰ ਨਿਕਲੇ ਪਰ ਪ੍ਰਕਾਸ਼ ਸਿੰਘ ਬਾਦਲ ਵਾਲਾ ਅਕਾਲੀ ਦਲ ਮੁੱਖ ਰੂਪ ਵਿੱਚ ਪੰਜਾਬ ਦੀ ਸਿਆਸਤ ਵਿੱਚ ਆਪਣੀ ਥਾਂ ਬਣਾ ਸਕਿਆ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸਦੇ 20 ਪ੍ਰਧਾਨ ਬਣੇ। ਇਹਨਾ ਵਿੱਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ,ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਪ੍ਰਸਿੱਧ ਹਨ ਅਤੇ 21ਵੇਂ ਪ੍ਰਧਾਨ ਵਜੋਂ ਸੁਖਵੀਰ ਸਿੰਘ ਬਾਦਲ ਨੇ ਇਸ ਦੀ ਵਾਂਗ ਡੋਰ ਸੰਭਾਲੀ ਹੋਈ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵਜੋਂ ਸੇਵਾ ਹੀ ਨਹੀਂ ਨਿਭਾਈ ਸਗੋਂ ਚਾਰ ਵੇਰ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਵੀ ਸੰਭਾਲਿਆ। ਅਕਾਲੀ ਦਲ ਦੇ ਹੋਰ ਮੁੱਖ ਮੰਤਰੀਆਂ ਵਿੱਚ ਗੁਰਨਾਮ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਵੀ ਸ਼ਾਮਲ ਹਨ।

ਕਿਉਂਕਿ ਸਿੱਖ ਦੀ ਆਵਾਜ਼ ਵਜੋਂ ਜਾਣੇ ਜਾਂਦੇ ਅਕਾਲੀ ਦਲ ਦਾ ਮੰਨਣਾ ਹੈ ਕਿ ਰਾਜਨੀਤੀ ਤੇ ਧਰਮ ਇੱਕ ਦੂਸਰੇ ਦੇ ਪੂਰਕ ਹਨ, ਇਸ ਲਈ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਲੰਮੇ ਸਮੇਂ ਤੋਂ ਆਪਣੇ ਕੰਟਰੋਲ ਵਿੱਚ ਰੱਖਿਆ ਹੋਇਆ ਹੈ ਪਰ ਇਸ ਸਭ ਕੁਝ ਦੇ ਬਾਵਜੂਦ ਬਾਦਲ ਅਕਾਲੀ ਦਲ ਭਾਜਪਾ ਦਾ ਭਾਈਵਾਲ ਹੈ ਅਤੇ ਦੇਸ਼ ਉਤੇ ਰਾਜ ਕਰ ਰਹੇ ਨੈਸ਼ਨਲ ਡੈਮੋਕਰੇਟਿਕ ਅਲਾਇੰਸ (ਐਨ ਡੀ ਏ) ਦਾ ਹਿੱਸਾ ਹੈ। ਇਸ ਵੇਲੇ ਇਸ ਅਕਾਲੀ ਦਲ ਦੇ ਦੋ ਲੋਕ ਸਭਾ ਮੈਂਬਰ, ਤਿੰਨ ਰਾਜ ਸਭਾ ਮੈਂਬਰ ਅਤੇ ਪੰਜਾਬ ਅਸੰਬਲੀ ਵਿੱਚ 13 ਮੈਂਬਰ ਹਨ। ਇਹ ਸਥਿਤੀ ਪਾਰਟੀ ਦੀ ਨਿਵਾਣਾਂ ਵੱਲ ਜਾਣ ਦੀ ਨਿਸ਼ਾਨੀ ਹੈ ਕਿ ਲੰਮੇ ਸਮੇਂ ਬਾਅਦ ਜਿਵੇਂ ਕੇਂਦਰ ਵਿੱਚ ਕਾਂਗਰਸ ਦੀ ਅੱਧੋਗਤੀ ਹੋਈ ਤੇ ਉਹ ਪ੍ਰਵਾਨਤ ਵਿਰੋਧੀ ਧਿਰ ਨਹੀਂ ਬਣ ਸਕੀ, ਅਕਾਲੀ ਦਲ ਬਾਦਲ ਵੀ ਪੰਜਾਬ ਵਿੱਚ ਵਿਰੋਧੀ ਧਿਰ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਿਆ, ਸਗੋਂ ਤੀਜੇ ਨੰਬਰ 'ਤੇ ਰਿਹਾ ਜਦ ਕਿ ਆਮ ਆਦਮੀ ਪਾਰਟੀ ਨੇ ਵਿਰੋਧੀ ਧਿਰ ਦਾ ਰੁਤਬਾ 20 ਵਿਧਾਇਕੀ ਸੀਟਾਂ ਲੈ ਕੇ ਪ੍ਰਾਪਤ ਕੀਤਾ। ਆਪਣੇ ਪਿਛਲੇ 10 ਸਾਲ ਦੇ ਸ਼ਾਸ਼ਨ ਕਾਰਜ ਕਾਲ ਦੌਰਾਨ ਅਕਾਲੀ-ਭਾਜਪਾ ਸਰਕਾਰ ਲੋਕਾਂ ਵਿੱਚ ਹਰਮਨ ਪਿਆਰੀ ਨਾ ਹੋ ਸਕੀ। ਅਕਾਲੀ ਦਲ ਵਿੱਚ ਸਵਾਰਥੀ ਕਿਸਮ ਦੇ ਲੋਕਾਂ ਦੀ ਆਮਦ ਨੇ ਅਸਲ ਅਕਾਲੀਆਂ ਨੂੰ ਪਿੱਛੇ ਸੁੱਟ ਦਿੱਤਾ ਅਤੇ ਅਕਾਲੀ ਦਲ ਵਿੱਚ ਮਾਫੀਏ, ਢੁੱਠਾਂ ਵਾਲੇ, ਵੱਡੇ ਕਾਰੋਬਾਰੀਏ, ਜ਼ਮੀਨਾਂ ਵੇਚਣ-ਵੱਟਣ ਵਾਲੇ ਅਤੇ ਦਲਾਲ ਕਿਸਮ ਦੇ ਲੋਕਾਂ ਦੀ ਸ਼ਮੂਲੀਅਤ ਨੇ ਅਕਾਲੀ ਦਲ ਦਾ "ਸਿਰੜੀ ਅਕਾਲੀਆਂ" ਦੀ ਦਿੱਖ ਵਾਲਾ ਅਕਸ ਖਰਾਬ ਕੀਤਾ। ਅਕਾਲੀ ਦਲ ਪੰਜਾਬ ਦੇ ਕਿਸਾਨਾਂ ਦੇ ਮੁੱਦੇ ਭੁੱਲ ਗਿਆ, ਜਿਹੜੇ ਉਹਦੀ ਰੀੜ੍ਹ ਦੀ ਹੱਡੀ ਸਨ। ਸਿੱਖ ਸਿਆਸਤ ਤੋਂ ਕੰਨੀ ਕਤਰਾ ਰਾਸ਼ਟਰੀ ਪਾਰਟੀ ਦੇ ਸੁਪਨੇ ਸਜੋਣ ਦਾ ਉਸ ਭਰਮ ਪਾਲ ਲਿਆ ਅਤੇ ਪੰਜਾਬੋਂ ਬਾਹਰ ਦਿੱਲੀ, ਹਰਿਆਣਾ, ਰਾਜਸਥਾਨ, ਯੂ.ਪੀ. 'ਚ ਪੈਰ ਪਸਾਰਨੇ ਆਰੰਭੇ, ਪਰ ਸਹੀ ਨੀਤੀਗਤ ਫੈਸਲੇ ਅਕਾਲੀ ਦਲ ਨਾ ਲੈ ਸਕਿਆ। ਬਾਦਲ ਪਰਿਵਾਰ ਦਾ ਅਕਾਲੀ ਦਲ ਉਤੇ ਗਲਬਾ ਵੀ ਅਕਾਲੀ ਦਲ ਨੂੰ ਡਬੋਣ ਦਾ ਕਾਰਨ ਬਣਿਆ। ਪਰਿਵਾਰ ਨੂੰ ਅੱਗੇ ਲਿਆਉਣ ਦੀ ਮਨਸ਼ਾ ਤਹਿਤ ਹਰਸਿਮਰਤ ਕੌਰ ਬਾਦਲ ਨੂੰ ਤਾਂ ਭਾਜਪਾ ਵਜ਼ਾਰਤ 'ਚ ਬਾਦਲ ਪਰਿਵਾਰ ਨੇ ਦੋ ਵੇਰ ਕੇਂਦਰੀ ਮੰਤਰੀ ਬਣਵਾ ਲਿਆ, ਪਰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਨੇਤਾਵਾਂ ਨੂੰ ਪਿੱਛੇ ਛੱਡ ਦਿੱਤਾ ਗਿਆ। ਇਹੋ ਹਾਲ ਪਾਰਟੀ ਵਿੱਚ ਕੁਝ ਸਮਾਂ ਪਹਿਲਾ ਗੁਰਚਰਨ ਸਿੰਘ ਟੌਹੜਾ, ਜਗਦੇਵ ਸਿੰਘ ਤਲਵੰਡੀ ਦਾ ਬਾਦਲ ਪਰਿਵਾਰ ਵਲੋਂ ਕੀਤਾ ਗਿਆ ਸੀ। ਲਗਾਤਾਰ ਪਰਿਵਾਰਕ ਸਿਆਸਤ ਕਰਦਿਆਂ ਬਾਦਲ ਪਰਿਵਾਰ ਵਲੋਂ ਮਾਝੇ ਦੇ ਜਰਨੈਲ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਛੱਡਕੇ ਉਸਦੀ ਥਾਂ ਹਰਸਿਮਰਤ ਕੌਰ ਦੇ ਭਰਾ ਬਿਕਰਮ ਸਿੰਘ ਮਜੀਠੀਆ ਨੂੰ ਅੱਗੇ ਲਿਆਂਦਾ ਗਿਆ ਜਿਸਨੇ ਪੂਰੇ ਪੰਜਾਬ ਵਿੱਚ ਇੱਕ ਵੱਖਰੀ ਕਿਸਮ ਦੀ ਸਿਆਸਤ ਦਾ ਮੁੱਢ ਬੰਨ੍ਹਿਆ ਅਤੇ ਯੂਥ ਅਕਾਲੀ ਦਲ ਵਿੱਚ ਇਹੋ ਜਿਹੇ ਨੌਜਵਾਨਾਂ ਦੀ ਜੁੰਡਲੀ ਭਰ ਲਈ ਗਈ, ਜਿਹੜੀ ਲੋਕਾਂ ਦੇ ਮਸਲੇ ਹੱਲ ਕਰਨ ਨਾਲੋਂ ਆਪਣੇ ਹਿੱਤਾਂ ਦੀ ਪੂਰਤੀ ਨੂੰ ਪਹਿਲ ਦੇਣ ਵਾਲੀ ਸੀ। ਸਿੱਟਾ ਅਕਾਲੀ ਦਲ 'ਚ ਕੁਰਬਾਨੀ ਦੇਣ ਵਾਲੇ, ਜੇਲ੍ਹਾਂ ਜਾਣ ਵਾਲੇ, ਮੋਰਚੇ ਲਾਉਣ ਵਾਲੇ, ਲੋਕਾਂ ਦੇ ਹੱਕਾਂ ਲਈ ਪਹਿਰਾ ਦੇਣ ਵਾਲੇ ਮਿਸ਼ਨਰੀ ਵਰਕਰਾਂ ਦੀ ਘਾਟ ਹੋ ਗਈ। ਧੱਕੇ-ਧੌਂਸ ਵਾਲੇ ਲੋਕਾਂ ਨੇ ਪੈਸੇ ਦੇ ਜ਼ੋਰ ਨਾਲ ਅਸਲ ਅਰਥਾਂ 'ਚ ਪਾਰਟੀ ਲਈ ਕੰਮ ਕਰਨ ਵਾਲੇ 'ਜੱਥੇਦਾਰਾਂ' ਨੂੰ ਪਿੱਛੇ ਛੱਡ ਦਿੱਤਾ ਅਤੇ "ਮਾਡਰਨ" ਲੋਕਾਂ ਦੀ ਭੀੜ ਅਕਾਲੀ ਦਲ 'ਚ ਵੱਡੀ ਗਿਣਤੀ 'ਚ ਵੱਧ ਗਈ। ਪਾਰਟੀ ਸੰਗਠਨ ਪੂਰੀ ਤਰ੍ਹਾਂ ਟੁੱਟਿਆ ਨਜ਼ਰ ਆਉਣ ਲੱਗਾ। ਪਾਰਟੀ ਦੀਆਂ ਵੱਡੀਆਂ ਰੈਲੀਆਂ, ਭੀੜਾਂ ਅਤੇ ਰੋਡ ਸ਼ੋ ਹੀ ਅਕਾਲੀ ਦਲ ਦਾ ਸੱਭੋ ਕੁਝ ਹੋ ਗਿਆ। ਇਹ ਅਕਾਲੀ ਆਪਣੇ ਅਸਲੀ ਮੁੱਦਿਆਂ ਤੋਂ ਜੀਅ ਚੁਰਾਕੇ ਅਗਲ-ਬਗਲ ਝਾਕਣ ਲੱਗੇ ਅਤੇ ਦਲੀਲਾਂ ਛੱਡਕੇ ਗੈਰ-ਜ਼ਿੰਮੇਵਾਰਾਨਾ ਪਹੁੰਚ ਅਪਨਾਉਣ ਲੱਗੇ। ਪਾਰਟੀ ਵਿੱਚ ਜੁਗਲਬੰਦੀ, ਗੁੱਟਬਾਜੀ, ਇੱਕ ਦੂਜੇ ਦੀਆਂ ਜੜ੍ਹਾਂ ਵੱਢਣ ਅਤੇ ਇੱਕ ਦੂਜੇ ਨੂੰ ਮਿੱਧਣ ਅਤੇ ਪਰਿਵਾਰਵਾਦ ਦਾ ਬੋਲ ਬਾਲਾ ਹੋ ਗਿਆ। ਅਕਲ ਅਤੇ ਕਰਮ ਦਾ ਆਪਸ ਵਿੱਚ ਵੈਰ ਦਿਸਣ ਲੱਗਾ। ਅਕਾਲੀ ਦਲ ਦੇ ਉਪਰਲੇ ਨੇਤਾਵਾਂ ਦੁਆਲੇ ਇਹੋ ਜਿਹੀ ਚੰਡਾਲ ਚੌਕੜੀ ਜੁੜ ਗਈ, ਜਿਹੜੀ 'ਦਲ' ਨੂੰ ਸਭ ਪਾਸੇ ਹਰਾ ਹਰਾ ਹੋਣ ਦਾ ਸੰਕੇਤ ਦਿੰਦੀ ਰਹੀ। ਆਮ ਲੋਕਾਂ,ਕਿਸਾਨਾਂ, ਸਿੱਖ ਭਾਈਚਾਰੇ ਵਿੱਚ ਵਿਚਰਨ ਦੀ ਥਾਂ ਇਹ ਨਵੇਂ ਬਣੇ ਨੇਤਾ ਲੋਕ ਅਖ਼ਬਾਰਾਂ ਦੇ ਇਸ਼ਤਿਹਾਰਾਂ ਵਿੱਚ ਸਿਮਟ ਗਏ ਅਤੇ ਲੋਕਾਂ ਨਾਲ ਬਣਿਆ ਰਾਬਤਾ ਟੁੱਟ ਗਿਆ। ਅਕਾਲੀ ਦਲ ਨਾਲ ਸਬੰਧਤ ਕਿਸਾਨ ਨੇਤਾ, ਆਪਣੇ ਸਵਾਰਥ ਹਿੱਤ, ਆਪਣੀ ਕੁਰਸੀ ਬਚਾਉਣ ਲਈ ਲੱਗੇ ਰਹੇ ਅਤੇ ਦਸ ਸਾਲ ਉਹਨਾ ਨੇ ਮੰਡੀਆ 'ਚ ਕਿਸਾਨਾਂ ਨਾਲ ਹੋ ਰਹੇ ਵਰਤਾਰੇ, ਫਸਲਾਂ ਦੇ ਮਿਲ ਰਹੇ ਘੱਟ ਮੁੱਲ, ਸ਼ਾਹੂਕਾਰਾਂ, ਆੜ੍ਹਤੀਆਂ ਵਲੋਂ ਕੀਤੀ ਜਾ ਰਹੀ ਉਹਨਾ ਦੀ ਲੁੱਟ-ਖਸੁੱਟ ਵੱਲ ਰਤਾ ਮਾਸਾ ਤਵੱਜੋ ਨਾ ਦਿੱਤੀ। ਅਕਾਲੀ ਦਲ ਉਤੇ ਕਾਬਜ ਹੋਏ ਪੂੰਜੀ ਪਤੀਆਂ, ਧੰਨ ਕੁਬੇਰਾਂ, ਸਾਬਕਾ ਨੌਕਰਸ਼ਾਹਾਂ ਅਤ ਅਕਾਲੀ ਦਲ 'ਚ ਨੇਤਾ ਬਣਕੇ ਆੜ੍ਹਤ ਅਤੇ ਜ਼ਮੀਨ ਦੀ ਖਰੀਦੋ ਫਰੋਖਤ ਦਾ ਕੰਮ ਕਰਕੇ ਲੋਕਾਂ ਨੂੰ ਲੁੱਟਣ ਵਾਲੇ ਲੋਕਾਂ ਨੇ ਅਕਾਲੀ ਦਲ ਨਾਲੋਂ ਲੋਕਾਂ ਦਾ ਰਾਬਤਾ ਤੋੜਨ ਦਾ ਕੰਮ ਕੀਤਾ। ਇਸਦਾ ਸਿੱਟਾ ਇਹ ਨਿਕਲਿਆ ਕਿ ਪਿੰਡਾਂ ਦੇ ਕਿਸਾਨ ਅਤੇ ਉਹਨਾ ਦੇ ਬੇਟੇ ਜਿਹੜੇ ਕੁਰਬਾਨੀ ਕਰਨ ਵਾਲੇ ਅਕਾਲੀਆਂ ਦੇ ਵਾਰੇ-ਵਾਰੇ ਜਾਂਦੇ ਸਨ ਉਹ ਅਕਾਲੀਆਂ ਨਾਲੋਂ ਲਗਭਗ ਟੁੱਟ ਹੀ ਗਏ। ਕੋਟਕਪੂਰਾ ਅਤੇ ਬਰਗਾੜੀ ਕਾਂਡ ਨੇ ਤਾਂ ਅਕਾਲੀਆਂ ਨਾਲੋਂ ਉਹਨਾ ਸਾਰੇ ਲੋਕਾਂ ਨੂੰ ਤੋੜ ਦਿੱਤਾ ਜਿਹਨਾ ਦੇ ਮਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਸਬੰਧੀ ਵੱਡਾ ਰੋਸ ਸੀ। ਅਕਾਲੀ ਦਲ ਅੱਜ ਕਟਿਹਰੇ 'ਚ ਹੈ। ਭਾਜਪਾ ਨਾਲ ਉਸਦੀ ਸਾਂਝ ਭਿਆਲੀ ਬਣਾਏ ਰੱਖੇ ਜਾਣ ਸਬੰਧੀ ਸੰਦੇਹ ਬਣਿਆ ਹੋਇਆ ਹੈ। ਭਾਜਪਾ ਜੇਕਰ ਭਵਿੱਖ ਵਿੱਚ "ਅਕੇਲੇ ਚਲੋ" ਦੀ ਨੀਤੀ ਉਤੇ ਚੱਲਦਾ ਹੈ ਤਾਂ ਅਕਾਲੀ ਦਲ ਨੇ ਸ਼ਹਿਰਾਂ ਦੀ ਹਿੰਦੂ ਵੋਟ ਨੂੰ ਆਪਣੇ ਨਾਲ ਕਿਵੇਂ ਰੱਖਣਾ ਹੈ? ਅਕਾਲੀ ਦਲ ਜਿਸਦਾ ਅਧਾਰ ਪਿੰਡਾਂ 'ਚ ਗਿਣਿਆ ਜਾਂਦਾ ਰਿਹਾ ਹੈ ਅਤੇ ਹੁਣ ਵੀ ਹੈ, ਉਸਨੂੰ ਕਿਵੇਂ ਸਾਂਭ ਕੇ ਰੱਖਣਾ ਹੈ? ਉਹਨਾ ਲਈ ਇਹ ਵੀ ਸੋਚਣ ਦਾ ਵੇਲਾ ਹੈ ਕਿ ਉਹਨਾ ਅਕਾਲੀ ਦਲ ਨੂੰ ਇੱਕ ਪ੍ਰਾਈਵੇਟ ਪਰਿਵਾਰਕ ਪਾਰਟੀ ਵਜੋਂ ਬਣੇ ਰਹਿਣ ਦੇਣਾ ਹੈ ਜਾਂ ਇਸ ਨੂੰ ਲੋਕਾਂ ਦੀ ਪਾਰਟੀ ਬਣਾਕੇ ਲੋਕ ਭਲਾਈ ਵਾਲੇ ਕੰਮ ਕਰਨ ਵਾਲੀ ਪਾਰਟੀ ਬਨਾਉਣਾ ਹੈ।

ਅਸਲ ਵਿੱਚ ਅਕਾਲੀ ਦਲ ਦੀ ਬੋਹੜ ਵਰਗੀ ਸਿਆਸੀ ਪਾਰਟੀ ਨੂੰ ਅਮਰ ਵੇਲਾਂ ਨੇ ਜਕੜ ਰੱਖਿਆ ਹੈ। ਬੋਹੜ ਦੀ ਇਸ ਮਿੱਠੀ ਛਾਂ ਅਤੇ ਖੁਸ਼ਬੂ ਨੂੰ ਅਮਰਵੇਲ ਆਪਣੀ ਥੋੜ੍ਹ ਚਿਰੀ ਬਨਾਉਟੀ ਤੜਕ-ਭੜਕ ਨਾਲ ਹਰਾ ਹਰਾ ਬਨਾਉਣ ਦੇ ਰਾਹ ਪਈ ਹੋਈ ਹੈ। ਇਹ ਸੋਚਣਾ, ਹੁਣ ਅਕਾਲੀ ਦਲ ਦੇ ਨੇਤਾਵਾਂ ਦੇ ਹੱਥ ਹੈ ਕਿ ਪਾਰਟੀ ਨੂੰ ਜੀਊਂਦਾ ਰੱਖਣਾ ਚਾਹੁੰਦੇ ਹਨ ਤੇ ਲੋਕ ਨੁਮਾਇੰਦਾ ਖੇਤਰੀ ਪਾਰਟੀ ਬਣਾਈ ਰੱਖਣਾ ਚਾਹੁੰਦੇ ਹਨ ਜਾਂ ਇਸਨੂੰ ਸਮੇਂ ਦੇ ਵਹਿਣ 'ਚ ਵਹਿ ਜਾਣ ਦੇਣਾ ਹੈ ਕਿਉਂਕਿ ਦੇਸ਼ ਦੀਆਂ ਘੱਟ ਗਿਣਤੀਆਂ ਉਤੇ ਆਉਣ ਵਾਲਾ ਸਮਾਂ ਵੱਡੇ ਸੰਕਟ ਵਾਲਾ ਹੈ। ਅਕਾਲੀ ਦਲ ਨੇ ਪਿਛਲੇ ਸਮੇਂ 'ਚ ਪੰਜਾਬ ਦੇ ਬੁਧੀਜੀਵੀ ਵਰਗ ਨੂੰ ਆਪਣੇ ਨਾਲੋਂ ਤੋੜ ਲਿਆ ਹੈ, ਉਸਨੂੰ ਕਿਨਾਰੇ ਲਗਾ ਦਿੱਤਾ ਹੈ, ਇਸੇ ਕਰਕੇ ਪਾਰਟੀ ਵਿੱਚ ਕ੍ਰਿਸ਼ਮਈ ਅਗਵਾਈ ਕਰਨ ਵਾਲੇ ਨੇਤਾਵਾਂ ਦਾ ਸੰਕਟ ਪੈਦਾ ਹੋ ਚੁੱਕਾ ਹੈ!

# ਬਾਪੂ ਦੀਆਂ ਗਾਲ੍ਹਾਂ

ਭੁਪਿੰਦਰ ਸਿੰਘ ਭਾਗੋਮਾਜਰਾ
91-99888-71437

ਲੱਗਭੱਗ ਕੋਈ 39-40 ਸਾਲ ਪਹਿਲਾਂ ਦੀਆਂ ਗੱਲਾਂ ਹਨ। ਉਦੋਂ ਮੈਂ ਸਰਕਾਰੀ ਹਾਈ ਸਕੂਲ ਸਿੰਘ ਭਗਵੰਤਪੁਰ ਵਿਚ 8ਵੀਂ ਜਮਾਤ ਵਿਚ ਪੜ੍ਹਦਾ ਸੀ। ਘਰ ਵਿਚ ਕੋਈ ਵੀ ਮੈਂਬਰ ਪੜ੍ਹਿਆ-ਲਿਖਿਆ ਨਹੀਂ ਸੀ। ਮੈਥੋਂ ਵੱਡਾ ਭਰਾ ਇਕ ਦੋ ਜਮਾਤਾਂ ਅੱਗੇ ਸੀ। ਪਿਤਾ ਜੀ ਆਰਮੀ ਵਿਚੋਂ 5 ਸਾਲ ਨੌਕਰੀ ਕਰਕੇ ਮੈਡੀਕਲ ਬੋਰਡ ਦੀ ਨਿਗੂਣੀ ਜਿਹੀ ਪੈਨਸ਼ਨ ਲੈ ਰਹੇ ਸਨ। ਘਰ ਵਿਚ 6 ਭੈਣ-ਭਰਾ ਹੋਣ ਕਾਰਨ ਘਰ ਦੀ ਆਰਥਿਕ ਹਾਲਤ ਕੋਈ ਜ਼ਿਆਦਾ ਵਧੀਆ ਨਹੀਂ ਸੀ। ਫੌਜੀ ਪੈਨਸ਼ਨ ਆਉਣ ਤੋਂ ਬਾਅਦ ਪਿਤਾ ਜੀ ਨੇ ਸਿੰਚਾਈ ਵਿਭਾਗ ਵਿਚ ਛੋਟੀ ਜਿਹੀ ਨੌਕਰੀ ਲੈ ਲਈ ਸੀ। ਆਪ ਪਿਤਾ ਜੀ ਪੁਰਾਣੇ ਜ਼ਮਾਨੇ ਦੀਆਂ ਦੋ ਜਮਾਤਾਂ ਹੀ ਪੜ੍ਹੇ ਹੋਏ ਸਨ। ਐਨੇ ਥੋੜ੍ਹੇ ਪੈਸਿਆਂ ਨਾਲ 6 ਬੱਚਿਆਂ ਦੀ ਰੋਜ਼ੀ-ਰੋਟੀ ਚਲਾਉਣੀ ਬੜੀ ਔਖੀ ਸੀ ਪਰ ਪੜ੍ਹਾਈ-ਲਿਖਾਈ ਤਾਂ ਦੂਰ ਦੀ ਗੱਲ, ਬੇਬੇ ਇਕ ਦੋ ਮੱਝਾਂ ਜ਼ਰੂਰ ਰੱਖਦੀ ਸੀ ਕਿਉਂਕਿ ਘਰ ਦਾ ਦੁੱਧ ਹੋ ਜਾਂਦਾ ਸੀ, ਨਾਲੇ ਬਹਾਨੇ ਨਾਲ ਸਾਰਾ ਟੱਬਰ ਡੰਗਰਾਂ ਦੇ ਕੰਮ ਵਿਚ ਰੁੱਝਿਆ ਰਹਿੰਦਾ ਸੀ। ਆਮ ਤੌਰ ਤੇ ਪਿੰਡ ਵਿਚ ਖੇਤੀਬਾੜੀ ਦੇ ਕੰਮ ’ਤੇ ਹੀ ਨਿਰਭਰ ਰਹਿਣਾ ਪੈਂਦਾ ਸੀ। ਮੇਰੇ ਬਾਪੂ ਜੀ ਜਦੋਂ ਅਸੀਂ ਖੇਤ ਵਚ ਕੰਮ ਕਰਦੇ ਤਾਂ ਇੱਕੋ ਗੱਲ ਤੇ ਜ਼ੋਰ ਦਿੰਦੇ ਸਨ ਕਿ ਬਈ ਪੜ੍ਹਲੋ ਜੇਕਰ ਪੜ੍ਹਾਈ ਨਾ ਕਰੀ ਤਾਂ ਇਸੇ ਤਰ੍ਹਾਂ ਖੇਤ ਵਿਚ ਮਜ਼ਦੂਰੀ ਕਰਨੀ ਪੈਣੀ ਹੈ। ਮੈਂ ਆਮ ਤੌਰ ’ਤੇ ਤਿਮਾਹੀ ਛਿਮਾਹੀ ਦੇ ਪੇਪਰਾਂ ਵਿਚ ਅੱਧ-ਪਚੱਧਾ ਹੀ ਪਾਸ ਹੁੰਦਾ ਸੀ। ਲੱਗਭੱਗ ਇਹੋ ਹਾਲ ਮੈਥੋਂ ਵੱਡੇ ਭਰਾ ਦਾ ਸੀ, ਬਾਕੀ ਵੱਡੇ ਭੈਣ-ਭਰਾ ਪੜ੍ਹਾਈ ਅੱਧ ਵਿਚਾਲੇ ਹੀ ਛੱਡ ਚੁੱਕੇ ਸਨ। ਜਦੋਂ ਵੀ ਕਿਤੇ ਬਾਪੂ ਜੀ ਨੇ ਮੇਰਾ ਅਤੇ ਮੇਰੇ ਵੱਡੇ ਭਰਾ ਦੇ ਪੇਪਰਾਂ ਦੇ ਨੰਬਰਾਂ ਦਾ ਪਤਾ ਲੱਗਦਾ ਤਾਂ ਇੱਕਦਮ ਲੋਹੇ ਲਾਖੇ ਹੋ ਜਾਂਦੇ ਤੇ ਗੁੱਸੇ ਵਿਚ ਕਈ ਵਾਰ ਗਾਲ੍ਹਾਂ ਦੀ ਵਾਛੜ ਵੀ ਹੋ ਜਾਂਦੀ ਅਤੇ ਕਹਿੰਦੇ ’ਸਾਲਿਓ ਗਧਿਓ’ ਪੜ੍ਹ ਲੋ ਨਹੀਂ ਤਾਂ ਭੀਖ ਮੰਗਣੀ ਪੈ ਜੂ, ਰੋਟੀ ਕਿੱਥੋਂ ਖਾਓਗੇ। ਆਮ ਤੌਰ ’ਤੇ ਬਾਪੂ ਜੀ ਇਲਾਕੇ ਵਿਚ ਪੜ੍ਹੇ ਲਿਖੇ ਨੌਕਰੀਆਂ ਤੇ ਲੱਗੇ ਹੋਏ ਬੰਦਿਆਂ



ਦੀਆਂ ਉਦਾਹਰਣਾਂ ਵੀ ਦਿੰਦੇ ਰਹਿੰਦੇ ਸਨ ਕਿ ਫਲਾਣੇ ਦਾ ਮੁੰਡਾ ਫਲਾਣੇ ਮਹਿਕਮੇ ਵਿਚ ਵੱਡਾ ਅਫਸਰ ਬਣ ਗਿਆ ਹੈ। ਤੁਸੀਂ ਕੰਜਰੋ ਪੜ੍ਹਦੇ ਨਹੀਂ, ਆਹ ਬੀਰੀ ਸਾਲਾ ਕਈ ਵਾਰ ਫੇਲ੍ਹ ਹੋ ਗਿਆ, ਬੱਚੂ ਪੜ੍ਹਾ ਕੇ ਛੱਡੂ ਨਹਂ ਤਾਂ ਘਰ ਤੋਂ ਬਾਹਰ ਕੱਢਦੂੰ।

ਇਕ ਵਾਰ ਦੀ ਗੱਲ ਹੈ ਕਿ ਮੈਂ ਦਸੰਬਰ ਦੇ ਪੇਪਰਾਂ ਤੋਂ ਬਾਅਦ ਕਈ ਦਿਨ ਸਕੂਲ ਨਹੀਂ ਗਿਆ, ਕਿਉਂਕਿ 3 ਪੇਪਰਾਂ ਮੈਥ, ਅੰਗਰੇਜ਼ੀ ਅਤੇ ਸਾਇੰਸ ਵਿਚ ਮੈਂ ਫੇਲ੍ਹ ਹੋ ਗਿਆ ਸੀ। ਜਿਹੜੇ ਪੇਪਰਾਂ ਵਿਚ ਮੈਂ ਪਾਸ ਹੋਇਆ, ਉਹਨਾਂ ਵਿਚ ਪਾਸ ਮਾਰਕ ਹੀ ਆਏ ਸਨ। ਮੈਂ ਘਰ ਵੀ ਨਹੀਂ ਦੱਸਿਆ ਕਿ ਕੀ ਨਤੀਜਾ ਆਇਆ ਤੇ ਜਦੋਂ ਮੈਂ ਕਈ ਦਿਨ ਸਕੂਲ ਨਹੀਂ ਗਿਆ ਤਾਂ ਉਸ ਵੇਲੇ ਦੇ ਮੇਰੇ ਜਮਾਤ ਦੇ ਇੰਚਾਰਜ ਮਾਸਟਰ ਜਤਿੰਦਰ ਜੈਨ ਨੇ ਮੇਰਾ ਨਾਂ ਕੱਟ ਦਿੱਤਾ। ਉਸ ਤੋਂ ਕਈ ਦਿਨ ਬਾਅਦ ਜਦੋਂ ਮੈਂ ਸਕੂਨ ਗਿਆ ਤਾਂ ਮਾਸਟਰ ਜੀ ਨੇ ਮੈਨੂੰ ਕੱਲ੍ਹ ਨੂੰ ਆਪਣੇ ਪਿਤਾ ਜੀ ਨੂੰ ਸਕੂਲ ਨਾਲ ਲੈ ਕੇ ਆਉਣ ਦਾ ਆਦੇਸ਼ ਦਿੱਤਾ। ਮੈਂ ਛੁੱਟੀ ਹੋਣ ਤੋਂ ਬਾਅਦ ਘਰ ਆਇਆ, ਸ਼ਾਮ ਨੂੰ ਬੇਬੇ ਨੂੰ ਡਰਦਿਆਂ-ਡਰਦਿਆਂ ਕਿਹਾ ਕਿ ਬਾਪੂ ਜੀ ਨੂੰ ਕੱਲ੍ਹ ਨੂੰ ਸਕੂਲ ਵਿਚ ਮਾਸਟਰ ਜੀ ਨੇ ਬੁਲਾਇਆ। ਬੇਬੇ ਨੇ ਅੱਗੇ ਗੱਲ ਬਾਪੂ ਜੀ ਨੂੰ ਦੱਸ ਦਿੱਤੀ। ਬਾਪੂ ਜੀ ਕਹਿੰਦੇ ਕੀ ਹਾਲ ਏ ਤੇਰਾ ਕੀ ਕੰਮ ਹੈ, ਕੱਲ੍ਹ ਨੂੰ ਸਕੂਲ ਵਿਚ, ਮੈਂ ਚੁੱਪ ਰਿਹਾ ਅਤੇ ਸ਼ਾਮ ਦੇ ਟਾਈਮ ਬੇਬੇ ਨਾਲ ਡੰਗਰਾਂ ਦੇ ਕੱਖ-ਕੰਡਾ ਕਰਨ ਵਿਚ ਰੁੱਝ ਗਿਆ, ਰੌਲੇ-ਗੌਲੇ ਵਿਚ ਗੱਲ ਢਿੱਲੀ ਜਿਹੀ ਪੈ ਗਈ। ਅਗਲੇ ਦਿਨ ਬਾਪੂ ਜੀ ਨੂੰ ਸਵੇਰੇ ਨਾਲ ਲੈ ਕੇ ਸਕੂਲ ਗਿਆ। ਸਕੂਨ ਵਿਚ ਸਵੇਰ ਦੀ ਪ੍ਰਾਰਥਨਾ ਹੋ ਰਹੀ ਸੀ। ਪ੍ਰਾਰਥਨਾਂ ਹੋਣ ਤੋਂ ਬਾਅਦ ਮੈਂ ਬਾਪੂ ਜੀ ਨੂੰ ਮਾਸਟਰ ਜਤਿੰਦਰ ਜੈਨ ਨੂੰ ਮਿਲਾਇਆ। ਮਾਸਟਰ ਜੀ ਨੇ ਬਾਪੂ ਜੀ ਨੂੰ ਕਿਹਾ, ਇਹ ਮੁੰਡਾ ਕਈ ਦਿਨਾਂ ਤੋਂ ਸਕੂਲ ਨਹੀਂ ਆਇਆ ਕੀ ਗੱਲ ਸਰਦਾਰ ਜੀ ਪੜ੍ਹਾਉਣਾ ਨਹੀਂ, ਨਾਲੇ ਹੁਣੇ-ਹੁਣੇ ਹੋ ਚੁੱਕੇ ਦਸੰਬਰ ਟੈਸਟਾਂ ਵਿਚ ਲੱਗਭੱਗ ਸਾਰੇ ਪੇਪਰਾਂ ਵਿਚ ਹੀ ਫੇਲ੍ਹ ਹੈ। ਜਦੋਂ ਬਾਪੂ ਜੀ ਨੇ ਇਹ ਸੁਣੀ ਤਾਂ ਮੇਰੇ ਬਾਪੂ ਜੀ ਨੇ ਮੇਰੇ ਮੂੰਹ ਤੇ ਦੋ ਤਿੰਨ ਚਪੇੜਾਂ ਜੜੀਆਂ ਅਤੇ ਗਾਲਾਂ ਦੀ ਵਾਛੜ ਲਾ ਦਿੱਤੀ ਅਤੇ ਮੇਰੇ ਹੋਸ਼ ਗੁੰਮ ਹੋ ਗਏ। ਰਹਿੰਦੀ-ਖੂੰਹਦੀ ਕਸਰ ਬਾਅਦ ਵਿਚ ਮਾਸਟਰ ਜਤਿੰਦਰ ਜੈਨ ਨੇ ਡੰਡਾ ਫੇਰ ਕੇ ਕੱਢ ਦਿੱਤੀ। ਉਸ ਦਿਨ ਤੋਂ ਮੈਂ ਤੌਬਾ ਕੀਤੀ, ਆਪਣੇ ਆਪ ਨੂੰ ਸਮਝਾਇਆ ਜਾਂ ਤਾਂ ਪੜ੍ਹ ਲੈ ਜਾਂ ਸਕੂਲ ਛੱਡ ਪਰ ਮੈਂ ਸਕੂਲ ਨਹੀਂ ਛੱਡ ਸਕਦਾ ਸੀ। ਕਿਉਂਕਿ ਮੈਥੋਂ ਪਹਿਲਾਂ ਜਿਹਨਾਂ ਬੱਚਿਆਂ ਨੇ ਅੱਠਵੀਆਂ-ਨੌਵੀਆਂ ਜਮਾਤਾਂ ਵਿਚ ਸਕੂਲ ਛੱਡਿਆ ਸੀ, ਉਹ ਬੁਰੀ ਸੰਗਤ ਵਿਚ ਪੈ ਚੁੱਕੇ ਸਨ ਅਤੇ ਦਿਹਾੜੀਆਂ ਕਰਦੇ ਸਨ।

ਪਰ ਉਹਨਾਂ ਨੂੰ ਦੇਖਣ ਤੋਂ ਬਾਅਦ ਅਤੇ ਬਾਪੂ ਜੀ ਦੀਆਂ ਚਪੇੜਾਂ ਅਤੇ ਗਾਲਾਂ ਨੇ ਮੈਨੂੰ ਡਟ ਕੇ ਪੜ੍ਹਾਈ ਕਰਨ ਦੀ ਸੇਧ ਦਿੱਤੀ। ਮੈਂ ਲਗਾਤਰ ਡੱਟ ਕੇ ਦਿਨ ਰਾਤ ਕਰਕੇ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਜਮਾਤ ਦਾ ਸਾਲਾਨਾ ਰਿਜ਼ਲਟ ਆਇਆ ਤਾਂ ਮੈਂ ਦਸਵੀਂ ਵਿਚ ਮੈਥ, ਸਾਇੰਸ ਅਤੇ ਹੋਰ ਵਿਸ਼ਿਆਂ ਵਿਚ ਚੰਗੇ ਨੰਬਰ ਲੈ ਕੇ ਪਾਸ ਹੋਇਆ ਅਤੇ ਉਚੇਰੀ ਪੜ੍ਹਾਈ ਲਈ ਸ਼ਹਿਰ ਕਾਲਜ ਵਿਚ ਜਾ ਵੜਿਆ, ਫਿਰ ਮੈਂ ਪਿੱਛੇ ਮੁੜ ਕੇ ਨਹੀਂ ਦੇਖਿਆ। ਬਾਪੂ ਜੀ ਦੀਆਂ ਗਾਲਾਂ ਅਤੇ ਚਪੇੜਾਂ ਸਦਕਾ ਅੱਜ ਮੈਂ ਚੰਡੀਗੜ੍ਹ ਵਿਚ ਬਤੌਰ ਸਕੂਲ ਲੈਕਚਰਾਰ ਬੱਚਿਆਂ ਨੂੰ ਗਿਆਨ ਵੰਡ ਰਿਹਾ ਹਾਂ।










ਕਰਤਾਰਪੁਰ ਸਾਹਿਬ ਕੋਰੀਡੋਰ ਦਾ 90 ਫੀਸਦੀ ਕੰਮ ਪੂਰਾ ਹੋ ਗਿਆ ਹੈ। ਬੀਤੀ 24 ਜੂਨ ਨੂੰ ਲਈਆਂ ਗਈਆਂ ਕੁਝ ਤਸਵੀਰਾਂ।ਸਿਰਫ ਰਾਵੀ ਤੇ ਬਣਨ ਵਾਲਾ ਪੁਲ ਬਾਕੀ ਰਹਿ ਗਿਆ ਹੈ।

# ਲੋਕਾਂ ਦੀਆਂ ਹੱਕੀ ਮੰਗਾਂ ਦੇ ਹੱਲ ਲਈ ਵੱਖ ਵੱਖ ਜਥੇਬੰਦੀਆਂ ਵੱਲੋਂ ਸਾਂਝੀ ਐਕਸ਼ਨ ਕਮੇਟੀ ਦਾ ਗਠਨ

## ਲੋਕਾਂ ਨੂੰ ਜਥੇਬੰਦਕ ਕਰਕੇ ਵੱਡਾ ਸੰਘਰਸ਼ ਵਿਢਿਆ ਜਾਵੇਗਾ-ਰੁਪਾਲੋਂ

ਪੂਰੇ ਪੰਜਾਬ ਵਿਚ ਬਦਅਮਨੀ ਤੇ ਅਰਾਜਕਤਾ ਦਾ ਮਹੌਲ ਹੋਣ ਕਰਕੇ ਨਿਤ ਦਿਨ ਨਵੀਆਂ ਘਟਨਾਵਾਂ ਵਪਰ ਰਹੀਆਂ ਹਨ ਪੰਜਾਬ ਵਿੱਚ ਸਿਆਸੀ ਲੋਕਾਂ ਦੀ ਸਹਿ ਤੇ ਨਜਾਇਜ਼ ਕਬਜਿਆਂ ਤੇ ਕਤਲੋਗਾਰਦ ਦੇ ਮਾਮਲੇ ਵੱਧ ਰਹੇ ਹਨ ਲੋਕਾਂ ਵਿੱਚ ਸਰਕਾਰ ਪ੍ਰਤੀ ਗੁਸੇ ਦਾ ਮਹੌਲ ਬਣਦਾ ਜਾ ਰਿਹਾ ਹੈ ਇਸ ਲਈ ਹੁਣ ਹੋਰ ਜਬਰ ਜੁਲਮ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਬਲਿਕ ਆਮ ਲੋਕਾਂ ਨੂੰ ਇਕੱਠੇ ਕਰਕੇ ਵੱਡਾ ਸੰਘਰਸ਼ ਵਿਢਿਆ ਜਾਵੇਗਾ ਇਹਨਾਂ ਸ਼ਬਦਾ ਦਾ ਪ੍ਰਗਟਾਵਾ ਲੋਕ ਚੇਤਨਾ ਲਹਿਰ ਪੰਜਾਬ ਦੇ ਪ੍ਰਧਾਨ ਸੰਦੀਪ ਸਿੰਘ ਰੁਪਾਲੋਂ ਨੇ ਰਾਮਗੜ੍ਹੀਆ ਭਵਨ ਖੰਨਾ ਵਿਖੇ ਸੋਹਨ ਲਾਲ ਸਾਂਪਲਾ ਦੀ ਪ੍ਰਧਾਨਗੀ ਹੇਠ ਹੋਈ ਵੱਖ ਵੱਖ ਜਥੇਬੰਦੀਆਂ ਦੀ ਇਕ ਸਾਝੀ ਮੰਟਿਗ ਨੂੰ ਸੰਬੋਧਨ ਕਰਦਿਆਂ ਕੀਤਾ ਉਹਨਾਂ ਨੇ ਕਿਹਾ ਕਿ ਜਿੰਨਾ ਚਿਰ ਅਸੀ ਇਕਠੇ ਨਹੀ ਹੁੰਦੇ ਸਾਡੇ ਮਸਲਿਆਂ ਦਾ ਹੱਲ ਨਹੀਂ ਹੋਣਾ ਪੁਲਿਸ ਤੇ ਪ੍ਰਸ਼ਾਸਨ ਦੀਆਂ ਧੱਕੇਸ਼ਾਹੀਆਂ ਨਾਲ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ ਪੁਲਿਸ ਤੇ ਪ੍ਰਸ਼ਾਸਨ ਆਮ ਲੋਕਾਂ ਦੀ ਸੁਣਵਾਈ ਨਹੀਂ ਕਰ ਰਹੀ ਇਸ ਲਈ ਅਗਲਾ ਸ਼ੰਘਰਸ਼ ਉਲੀਕਣ ਲਈ ਪਾਇਲ, ਖੰਨਾ, ਸਮਰਾਲਾ ਹਲਕਿਆਂ ਵਿੱਚ ਲੋਕਾਂ ਨੂੰ ਜਥੇਬੰਦਕ ਕਰਨ ਲਈ ਲੜੀਵਾਰ ਮੰਟਿਗਾ ਕੀਤੀਆਂ ਜਾਣਗੀਆਂ ਅਤੇ ਉਸ ਤੋਂ ਬਾਅਦ ਇਕ ਵੱਡਾ ਇਕੱਠ ਕੀਤਾ ਜਾਵੇਗਾ ਜੇਕਰ ਫਿਰ ਵੀ ਸਰਕਾਰ ਨਾ ਜਾਗੀ ਤਾਂ ਪੂਰੇ ਪੰਜਾਬ ਵਿੱਚ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ਇਸ ਦੇ ਸਬੰਧ 30 ਤਰੀਕ ਨੂੰ ਸਮਰਾਲਾ ਵਿਖੇ ਮੰਟਿਗ ਕੀਤੀ ਜਾਵੇਗੀ ਇਸ ਮੌਕੇ ਬੋਲਦਿਆਂ ਫੂਲੇ ਸ਼ਾਹੂ ਅੰਬੇਡਕਰ ਦਾ ਹੁਕਮ ਚਲ ਰਿਹਾ ਹੈ ਪੰਜਾਬ ਵਿੱਚ ਕਨੂੰਨ ਦਾ ਨਹੀ ਅਪਰਾਧੀਆਂ ਤੇ ਗੈਗਸ਼ਟਰਾ ਦਾ ਰਾਜ ਹੈ ਇਸ ਮੌਕੇ ਰਘਵੀਰ



ਲੋਕ ਜਗਾਉ ਮੰਚ ਦੇ ਪ੍ਰਧਾਨ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਪੰਜਾਬ ਵਿੱਚ ਅਫਸਰਸ਼ਾਹੀ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਸਰਕਾਰੀ ਦਫਤਰਾਂ ਤੇ ਥਾਣਿਆਂ ਵਿੱਚ ਲੋਕ ਦਰਖਾਸਤਾਂ ਲੈ ਕੇ ਘੁੰਮ ਰਿਹੇ ਹਨ ਸਰਕਾਰੀ ਦਫਤਰਾਂ ਵਿੱਚ ਸਿਆਸੀ ਲੋਕਾਂ ਸਿੰਘ ਬਡਲਾ ਨੇ 8 ਜੂਨ ਵਿੱਚ ਪਹੁੰਚੀਆਂ ਜੱਥੇਬੰਦੀਆਂ ਤੇ ਲੋਕਾਂ ਦਾ ਧੰਨਵਾਦ ਕੀਤਾ ਤੇ ਲੋਕਾਂ ਤੋਂ ਹੋਰ ਸਹਿਯੋਗ ਦੀ ਅਪੀਲ ਕੀਤੀ ਇਸ ਮੌਕੇ ਜਰਮਨ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਸੋਹਨ ਲਾਲ ਸਾਂਪਲਾ ਦਾ ਸਨਮਾਨ ਕੀਤਾ ਗਿਆ ਅਤੇ ਵੱਖ ਵੱਖ ਜਥੇਬੰਦੀਆਂ ਦੀ ਇਕ ਸਾਂਝੀ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿਚ ਸਾਰੀਆਂ ਜਥੇਬੰਦੀਆਂ ਦਾ ਇਕ ਇਕ ਮੈਬਰ ਚੁਣਿਆਂ ਗਿਆ ਇਹ ਸਾਂਝੀ ਐਕਸ਼ਨ ਕਮੇਟੀ ਲੋਕ ਮਸਲਿਆਂ ਦੇ ਹੱਲ ਲਈ ਰਲਕੇ ਕੰਮ ਕਰੇਗੀ ਇਸ ਮੌਕੇ ਲੋਕ ਚੇਤਨਾ ਲਹਿਰ ਪੰਜਾਬ ਦੇ ਜਰਨਲ ਸਕੱਤਰ ਅਮਰਜੀਤ ਸਿੰਘ ਬਾਲਿਓ, ਦਿਲਬਾਗ ਸਿੰਘ ਲੱਖਾ, ਬਹੁਜਨ ਸਮਾਜ ਪਾਰਟੀ ਦੇ ਆਗੂ ਸੂਬੇਦਾਰ ਜਸਵੰਤ ਸਿੰਘ, ਇੰਸਪੈਕਟਰ ਮਹਿੰਦਰ ਸਿੰਘ, ਗੁਰਚਰਨ ਸਿੰਘ ਚੰਨੀ,ਐਸ ਸੀ ਬੀ ਸੀ ਟੀਚਰ ਯੂਨੀਅਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ,ਆਰ ਐਸ ਪੀ ਵਲੋਂ ਲਵਪ੍ਰੀਤ ਸਿੰਘ ਇਕੋਲਾਹਾ , ਪੱਲੇਦਾਰ ਯੂਨੀਅਨ ਵੱਲੋਂ ਹਰਨੇਕ ਸਿੰਘ,ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਸੂਬਾ ਮੈਂਬਰ ਬਲਵੀਰ ਸਿੰਘ ਸੁਹਾਵੀ, ਮਨਰੇਗਾ ਯੂਨੀਅਨ ਦੇ ਆਗੂ ਕਾਮਰੇਡ ਹਰਦਮ ਸਿੰਘ ਜਲਾਜਣ, ਕੁਲਦੀਪ ਸਿੰਘ ਚੜੀ, ਗੁਰਚਰਨ ਸਿੰਘ ਖੰਨਿਆਣ, ਗੁਰਪ੍ਰੀਤ ਸਿੰਘ ਅੰਬੇਡਕਰ ਟਾਈਗਰ ਫੋਰਸ ਦੇ ਆਗੂ,ਸੰਤੋਖ ਸਿੰਘ ਮਕਸੂਦਪੁਰੀ, ਹਰਬੰਤ ਸਿੰਘ ਪਾਇਲ, ਜਸਵਿੰਦਰ ਸਿੰਘ ਦੋਰਾਹਾ, ਧਰਮਵੀਰ ਸਿੰਘ, ਲਕੰਸ ਕੁਮਾਰ, ਪ੍ਰਤੀਮ ਸਿੰਘ ਸਾਬਕਾ ਸਰਪੰਚ ਰਾਮਗੜ੍ਹ, ਸਰਬਜੀਤ ਸਿੰਘ ਪੱਪੀ ਸਮਰਾਲਾ, ਗੁਰਪ੍ਰੀਤ ਸਿੰਘ ਰਾਜੇਵਾਲ, ਬਲਵਿੰਦਰ ਕੁਮਾਰ ਵਰਮਾ, ਸਮਸ਼ੇਰ ਸਿੰਘ ਘੁਮਾਣ, ਹਰਜਿੰਦਰ ਸਿੰਘ ਇਕੋਲਾਹਾ, ਪਰਮਜੀਤ ਸਿੰਘ ਆਦਿ ਹਾਜਰ ਸਨ।

# ਟੌਰੰਗਾ ਵਸਦੇ ਸਮੂਹ ਸਿੱਖ ਭਾਈਚਾਰੇ ਦੀ ਸੇਵਾ ਲਈ ਸ. ਪੂਰਨ ਸਿੰਘ ਬੰਗਾ ਨੂੰ ਮਿਲਿਆ 'ਕਮਿਊਨਿਟੀ ਐਵਾਰਡ'

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਇੰਡੀਅਨ ਨਿਊਜ਼ ਲਿੰਕ ਅਖਬਾਰ ਵੱਲੋਂ 6ਵਾਂ ਸਲਾਨਾ ਸਪੋਰਟਸ, ਕਮਿਊਨਿਟੀ, ਆਰਟਸ ਅਤੇ ਕਲਚਰਲ ਐਵਾਰਡ ਸਮਾਗਮ ਇਲਰਸਲੀ ਈਵੈਂਟ ਸੈਂਟਰ ਵਿਖੇ ਕਰਵਾਇਆ ਗਿਆ। 12 ਦੇ ਕਰੀਬ ਇਸ ਮੌਕੇ ਖੇਡ ਐਵਾਰਡ, 18 ਦੇ ਕਰੀਬ ਵੱਖ-ਵੱਖ ਖੇਤਰਾਂ ਦੇ ਵਿਚ ਨਾਮਣਾ ਖੱਟਣ ਵਾਲਿਆਂ ਨੂੰ 'ਕਮੇਮਰੈਸ਼ਨ ਐਵਾਰਡ' ਅਤੇ 47 ਦੇ ਕਰੀਬ 'ਕਮਿਊਨਿਟੀ ਐਵਾਰਡ' ਦਿੱਤੇ ਗਏ। ਟੌਰੰਗਾ ਵਿਖੇ ਸਿੱਖ ਭਾਈਚਾਰੇ ਦੀ ਸੇਵਾ ਲਈ ਸ. ਪੂਰਨ ਭਾਗ ਸਿੰਘ ਬੰਗਾ ਨੂੰ 'ਕਮਿਊਨਿਟੀ ਐਵਾਰਡ' ਸਾਂਸਦ ਮਾਰਕ ਮਿਸ਼ੈਲ ਵੱਲੋਂ ਦਿੱਤਾ ਗਿਆ। ਸ. ਪੂਰਨ ਸਿੰਘ ਬੰਗਾ ਨੇ ਇਹ ਐਵਾਰਡ ਇਕੱਲਿਆਂ ਨਹੀਂ ਸਗੋਂ ਉਨ੍ਹਾਂ ਨਾਲ ਆਏ ਭਾਈਚਾਰੇ ਦੇ ਮੈਂਬਰਾਂ ਸ. ਦਲਜੀਤ ਸਿੰਘ ਸੋਨੀ, ਹਰਚਰਨ ਸਿੰਘ ਗਰੇਵਾਲ, ਮਨੋਹਰ ਸਿੰਘ, ਸੁਰਿੰਦਰ ਸਿੰਘ ਦਾਰਾ, ਦਲਜੀਤ ਸਿੰਘ ਕੈਟੀਕੈਟੀ, ਕਮਲ ਯਾਦਵ ਅਤੇ ਸ. ਮੋਹਨਪਾਲ ਸਿੰਘ ਬਾਠ ਨੂੰ ਸਟੇਜ 'ਤੇ ਨਾਲ ਲਿਜਾ ਕੇ ਇਹ ਐਵਾਰਡ ਭਾਈਚਾਰੇ ਨੂੰ ਸਮਰਪਿਤ ਕੀਤਾ। ਇਸ ਮੌਕੇ ਸਟੇਜ ਉਤੋਂ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦਾ



ਜੈਕਾਰਾ ਵੀ ਲਗਾਇਆ ਗਿਆ। ਵਰਨਣਯੋਗ ਹੈ ਕਿ ਸ. ਪੂਰਨ ਸਿੰਘ ਬੰਗਾ ਲੰਬੇ ਸਮੇਂ ਤੋਂ ਟੌਰੰਗਾ ਦੇ ਸਿੱਖ ਭਾਈਚਾਰੇ ਦੇ ਵਿਚ ਕਾਰਜ ਕਰਦੇ ਹਨ। ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਸਥਾਪਿਤ ਕਰਨ ਦੇ ਵਿਚ ਵੀ ਇਨ੍ਹਾਂ ਦਾ ਅਹਿਮ ਯੋਗਦਾਨ ਹੈ। ਇਸ ਤੋਂ ਇਲਾਵਾ ਖੇਡਾਂ ਦੇ ਖੇਤਰ ਵਿਚ ਅਤੇ ਬੱਚਿਆਂ ਦੇ ਲਈ ਕਈ ਤਰ੍ਹਾਂ ਦੇ ਪ੍ਰੋਗਰਾਮ ਉਲੀਕਣ ਦੇ ਵਿਚ ਵੀ ਉਹ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ। ਐਵਾਰਡ ਸਮਾਗਮ ਵੇਲੇ ਉਥੇ ਹਾਜ਼ਿਰ ਸ. ਕੰਵਲਜੀਤ ਸਿੰਘ ਬਖਸ਼ੀ ਨੇ ਸ. ਪੂਰਨ ਸਿੰਘ ਬੰਗਾ ਰਾਹੀਂ ਸਮੂਹ ਟੌਰੰਗਾ ਵਸਦੇ ਸਿੱਖ ਭਾਈਚਾਰੇ ਨੂੰ ਵਧਾਈ ਦਿੱਤੀ। ਡਾ. ਪਰਮਜੀਤ ਕੌਰ ਪਰਮਾਰ ਨੇ ਵੀ ਸ. ਪੂਰਨ ਸਿੰਘ ਨੂੰ ਵਧਾਈ ਦਿੱਤੀ। ਸਟੇਜ ਉਤੇ ਹਾਜ਼ਿਰ ਏਥਨਕ ਮੰਤਰੀ ਜੈਨੀ ਸਾਲੀਸਾ, ਮੇਅਰ ਫਿੱਲ ਗੌਫ, ਸਾਂਸਦ ਮਾਰਕ ਮਿਸ਼ੈਲ ਅਤੇ ਸਾਂਸਦ ਮਾਈਕਲ ਵੁੱਡ ਨੇ ਵੀ ਐਵਾਰਡ ਪ੍ਰਾਪਤ ਕਰਨ ਉਤੇ ਵਧਾਈ ਦਿੱਤੀ। ਨੈਸ਼ਨਲ ਪਾਰਟੀ ਦੇ ਨੇਤਾ ਅਤੇ ਵਿਰੋਧੀ ਧਿਰ ਦੇ ਨੇਤਾ ਸ੍ਰੀ ਸਾਇਮਨ ਬ੍ਰਿਜਸ (ਸਾਂਸਦ ਟੌਰੰਗਾ) ਨੇ ਵੀ ਸ. ਪੂਰਨ ਸਿੰਘ ਨੂੰ ਟੌਰੰਗਾ ਵਸਦੇ ਸਿੱਖ ਭਾਈਚਾਰੇ ਦੀ ਸੇਵਾ ਲਈ ਵਧਾਈ ਦਿੱਤੀ।

# ਅਮਰੀਕਾ ਵਿਚ ਗੈਰ ਕਾਨੂੰਨ ਰਹਿ ਰਹੇ ਲੋਕਾਂ ਦਾ ਦੇਸ਼ ਨਿਕਾਲਾ ਅਗਲੇ ਹਫਤੇ ਤੋਂ

**ਵਸ਼ਿੰਗਟਨ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਹੈ ਕਿ ਅਮਰੀਕੀ ਅਧਿਕਾਰੀ ਗੈਰ ਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀਆਂ ਨੂੰ ਅਮਰੀਕਾ ਵਿਚੋਂ ਕੱਢਣ ਦਾ ਕੰਮ ਅਗਲੇ ਹਫਤੇ ਸ਼ੁਰੂ ਕਰ ਦੇਣਗੇ। ਰਾਸ਼ਟਰਪਤੀ ਨੇ ਟਵੀਟ ਕੀਤਾ ਹੈ ਕਿ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਸੀ (ਆਈ ਸੀ ਈ) ਲੱਖਾਂ ਗੈਰ ਕਾਨੂੰਨੀ ਪ੍ਰਵਾਸੀਆਂ, ਜਿਨਾਂ ਨੇ ਇਥੇ ਆਉਣ ਲਈ ਗਲਤ ਰਸਤਾ ਚੁਣਿਆ ਹੈ, ਨੂੰ ਦੇਸ਼ ਵਿਚੋਂ ਕੱਢਣ ਦੀ ਪ੍ਰਕ੍ਰਿਆ ਅਗਲੇ ਹਫਤੇ ਸ਼ੁਰੂ ਕਰ ਦੇਵੇਗੀ। ਉਨਾਂ ਨੇ ਆਈ ਸੀ ਈ ਦੇ ਹਵਾਲੇ ਨਾਲ ਲਿਖਿਆ ਹੈ ਕਿ ਵਿਦੇਸ਼ੀ ਜਿੰਨੀ ਤੇਜੀ ਨਾਲ ਇਥੇ ਆਏ ਸਨ, ਉਨਾਂ ਨੂੰ ਓਨੀ ਤੇਜੀ ਨਾਲ ਵਾਪਿਸ ਭੇਜ ਦਿੱਤਾ ਜਾਵੇਗਾ। ਇਕ ਅੰਦਾਜੇ ਅਨੁਸਾਰ ਅਮਰੀਕਾ ਵਿਚ 1 ਕਰੋੜ 20 ਲੱਖ ਗੈਰ ਕਾਨੂੰਨੀ ਪ੍ਰਵਾਸੀ ਹਨ। ਇਹ ਮੁੱਖ ਤੌਰ 'ਤੇ ਮੈਕਸੀਕੋ ਤੇ ਸੈਂਟਰਲ ਅਮਰੀਕੀ ਦੇਸ਼ਾਂ ਵਿਚੋਂ ਆਏ ਹਨ। ਇਥੇ ਵਰਣਨਯੋਗ ਹੈ ਕਿ ਇਸ ਮਹੀਨੇ ਹੋਏ ਇਕ ਸਮਝੌਤੇ ਤਹਿਤ ਮੈਕਸੀਕੋ ਉਨਾਂ ਸੈਂਟਰਲ ਅਮਰੀਕਨ ਪ੍ਰਵਾਸੀਆਂ ਨੂੰ ਵਾਪਿਸ ਲੈਣ ਲਈ ਸਹਿਮਤ ਹੋ ਗਿਆ ਸੀ ਜੋ ਅਮਰੀਕੀ ਸ਼ਰਨ ਦੀ ਉਡੀਕ ਵਿਚ ਹਨ। ਇਸ ਸਮਝੌਤੇ ਤਹਿਤ ਸੈਂਟਰਲ ਅਮਰੀਕਨ ਪ੍ਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਣ ਲਈ ਮੈਕਸੀਕੋ ਸਰਹੱਦ ਉਪਰ ਨੈਸ਼ਨਲ ਗਾਰਡ ਤਾਇਨਾਤ ਕਰੇਗਾ।

# ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ ਆਸਟ੍ਰੇਲੀਆ ਵੱਲੋਂ ਸਾਹਿਤਕਾਰ ਰੰਜੀਵਨ ਸਿੰਘ ਖੇਡ ਪੱਤਰਕਾਰ ਜਗਰੂਪ ਸਿੰਘ ਜਰਖੜ, ਅਥਲੀਟ ਰੁਪਿੰਦਰ ਕੌਰ ਗਿੱਲ ਦਾ ਵੱਖ ਵੱਖ ਐਵਾਰਡਾਂ ਨਾਲ ਸਨਮਾਨ

**ਬ੍ਰਿਸਬੇਨ-** ਇੰਡੋਜ਼ ਪੰਜਾਬੀ ਸਾਹਿਤ ਅਕੈਡਮੀ ਆਫ ਆਸਟ੍ਰੇਲੀਆ ਵੱਲੋਂ ਗੁਰੂ ਨਾਨਕ ਸਿੱਖ ਟੈਂਪਲ ਬ੍ਰਿਸਬੇਨ ਵੱਲੋਂ ਬ੍ਰਿਸਬੇਨ ਦੇ ਲਾਈਬ੍ਰੇਰੀ ਹਾਲ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਉੱਘੇ ਸਾਹਿਤਕਾਰ ਰੰਜੀਵਨ ਸਿੰਘ ਐਡਵੋਕੇਟ ਹਾਈ ਕੋਰਟ ਚੰਡੀਗੜ੍ਹ, ਉੱਘੇ ਖੇਡ ਪੱਤਰਕਾਰ ਤੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਤੋਂ ਇਲਾਵਾ ਰਾਸ਼ਟਰਮੰਡਲ ਖੇਡਾਂ 'ਚ ਚਾਂਦੀ ਦਾ ਤਗਮਾ ਜੇਤੂ ਅਥਲੀਟ ਰੁਪਿੰਦਰ ਕੌਰ ਗਿੱਲ, ਟਹਿਣਾ ਨੂੰ ਉਨ੍ਹਾਂ ਦੀਆਂ ਵੱਖ ਵੱਖ ਖੇਤਰਾਂ 'ਚ ਵਧੀਆ ਸੇਵਾਵਾਂ ਬਦਲੇ ਵੱਖ-ਵੱਖ ਐਵਾਰਡਾਂ ਨਾਲ ਸਨਮਾਨਤ ਕੀਤਾ ਗਿਆ।

ਇਸ ਮੌਕੇ ਪੰਜਾਬੀ ਸਾਹਿਤ ਅਕੈਡਮੀ ਆਸਟ੍ਰੇਲੀਆ ਦੇ ਪ੍ਰਧਾਨ ਜਰਨੈਲ ਸਿੰਘ ਬਾਸੀ ਅਤੇ ਮਨਜੀਤ ਸਿੰਘ ਬੋਪਾਰਏ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਾਹਿਤ ਅਕੈਡਮੀ ਵੱਲੋਂ ਆਸਟ੍ਰੇਲੀਆ 'ਚ ਆਪਣੇ ਪਾਏ ਯੋਗਦਾਨ ਅਤੇ ਪ੍ਰਾਪਤੀਆਂ ਦਾ ਜ਼ਿਕਰ ਕੀਤਾ ਤੇ ਲੋਕਾਂ ਨੂੰ ਪੰਜਾਬੀ ਸਾਹਿਤ ਅਤੇ ਖੇਡ ਸੱਭਿਆਚਾਰ ਨਾਲ ਜੁੜਨ ਦੀ ਅਪੀਲ ਕੀਤੀ। ਜਦਕਿ ਸਟੇਜ ਦਾ ਸੰਚਾਲਨ ਕਰਦੇ ਸਰਬਜੀਤ ਸਿੰਘ ਸੋਹੀ ਸਨਮਾਨਤ ਸਖਸ਼ੀਅਤਾਂ, ਰੰਜੀਵਨ ਸਿੰਘ, ਖੇਡ ਲੇਖਕ ਜਗਰੂਪ ਸਿੰਘ ਜਰਖੜ ਅਤੇ ਅਥਲੀਟ ਰੁਪਿੰਦਰ ਕੌਰ ਗਿੱਲ ਦੀਆਂ ਉਨ੍ਹਾਂ ਦੇ ਖੇਤਰ 'ਚ ਦਿੱਤਿਆਂ ਸੇਵਾਵਾਂ ਤੇ ਪ੍ਰਾਪਤੀਆਂ ਦਾ ਵੇਰਵਾ ਦੱਸਦਿਆਂ ਵੱਖ-ਵੱਖ ਐਵਾਰਡਾਂ ਨਾਲ ਸਨਮਾਨਤ ਕੀਤਾ। ਇਸ ਮੌਕੇ ਪ੍ਰੋ. ਰੰਜੀਵਨ ਸਿੰਘ ਨੇ ਆਪਣੀਆਂ ਲਿਖੀਆਂ ਚੋਣਵੀਆਂ ਕਵਿਤਾਵਾਂ ਤੇ ਗਜ਼ਲਾਂ 'ਚ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਦਾ ਜ਼ਿਕਰ ਕੀਤਾ। ਜਦਕਿ ਜਗਰੂਪ ਸਿੰਘ ਜਰਖੜ ਨੇ ਪੰਜਾਬ ਦੀ ਜਵਾਨੀ ਨੂੰ ਖੇਡਾਂ ਤੇ ਸਿੱਖਿਆ ਦੇ ਖੇਤਰ 'ਚ ਜੋੜਨ ਦੇ ਉਪਰਾਲਿਆਂ 'ਤੇ ਜ਼ੋਰ ਦਿੱਤਾ। ਅਥਲੀਟ ਰੁਪਿੰਦਰ ਕੌਰ ਨੇ ਖਿਡਾਰੀਆਂ ਦੀਆਂ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਜਾਣੂ ਕਰਾਇਆ। ਇਸ ਤੋਂ ਇਲਾਵਾ ਸਨਮਾਨ ਸਮਾਰੋਹ ਨੂੰ ਹੋਰ ਸੁਹਾਵਣਾ ਬਣਾਉਣ ਲਈ ਪੱਤਰਕਾਰ ਦਲਬੀਰ ਸਿੰਘ ਹਲਵਾਰਵੀ, ਗਾਇਕ ਆਤਮਾ ਸਿੰਘ ਹੇਅਰ, ਕਾਲਾ ਹੀਰਾਂ, ਨੇ ਆਪਣੇ ਚੋਣਵੇਂ ਗੀਤਾਂ ਰਾਹੀਂ ਵਧੀਆ ਰੰਗ ਬੰਨ੍ਹਿਆ। ਇਸ ਤੋਂ ਇਲਾਵਾ ਗੀਤਕਾਰ ਸੁਰਜੀਤ ਸਿੰਘ ਸੰਧੂ, ਪਰਗਟ ਸਿੰਘ ਰੰਧਾਵਾ, ਜਸਵੰਤ ਬਾਦਲਾ, ਹਰਜੀਤ ਕੌਰ ਸੰਧੂ, ਰੁਪਿੰਦਰ ਸੋਚ ਆਦਿ ਹੋਰ ਕਵੀਆਂ ਨੇ ਆਪਣੀਆਂ ਕਵਿਤਾਵਾਂ ਪੜ੍ਹ ਕੇ ਪੰਜਾਬ ਦੇ ਦਰਦ ਨੂੰ ਵੰਡਾਇਆ।



ਇਸ ਮੌਕੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਬ੍ਰਿਸਬੇਨ ਦੇ ਪ੍ਰਧਾਨ ਅਮਰਜੀਤ ਸਿੰਘ ਮਾਹਲ ਅਤੇ ਬਲਦੇਵ ਸਿੰਘ ਨਿੱਝਰ ਪ੍ਰਧਾਨ ਖੇਡ ਵਿੰਗ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਤੇ ਧੰਨਵਾਦ ਕਰਦਿਆਂ ਪੰਜਾਬੀ ਭਾਈਚਾਰੇ ਵੱਲੋਂ ਆਸਟ੍ਰੇਲੀਆ ਦੀ ਤਰੱਕੀ 'ਚ ਪਾਏ ਯੋਗਦਾਨ ਦਾ ਜ਼ਿਕਰ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼ੇਰ ਸਿੰਘ ਭੰਗੂ, ਲਛਮਣ ਸਿੰਘ ਸਿੱਧੂ, ਸ਼ੈਨੀ ਸਿੱਧੂ, ਆਰ.ਐਸ. ਨਾਗੀ, ਹਰਜੀਤ ਕੌਰ, ਮੈਡਮ ਪੂਨਮ ਰੰਜੀਵਨ, ਰੌਬਿਨ ਬੋਪਾਰਏ, ਆਦਿ ਪੰਜਾਬੀ ਸਾਹਿਤਕ ਅਕੈਡਮੀ ਦੇ ਅਹੁਦੇਦਾਰਾਂ ਦੇ ਪਰਿਵਾਰਕ ਮੈਂਬਰ ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰ ਵੱਡੀ ਗਿਣਤੀ 'ਚ ਹਾਜ਼ਰ ਸਨ। ਅੰਤ ਵਿਚ ਸਰਬਜੀਤ ਸੋਹੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।